# ਨਰਗਸੀ ਫੁੱਲ

ਸਿੰਘ ਕੁਲਵਿੰਦਰ
ਸਾਬ੍ਹੀ ਸੁਖੀਆ ਨੰਗਲ
ਦਲਵੀਰ ਮਾਨ ਰੁੜਕੀ

Academy of the Punjab in North America - APNA: http://www.apnaorg.com

# ਨਰਗਸੀ ਫੁੱਲ

ਸਿੰਘ ਕੁਲਵਿੰਦਰ
ਸਾਬ੍ਰੀ ਸੁਖੀਆ ਨੰਗਲ
ਦਲਵੀਰ ਮਾਨ ਰੁੜਕੀ

Academy of the Punjab in North America - APNA: http://www.apnaorg.com

# ਨਰਗਸੀ ਫੁੱਲ

by


## ਸਾਂਝੇ ਕਦਮ ਅੰਤਰਰਾਸ਼ਟਰੀ ਲਿਖਾਰੀ ਸਗੰਠਨ

Office Address: Atri Clinic, 560, Sita Nagar, Ludhiana.
***Contact Us:***
Singh Kulwinder : Ludhiana (India) : +91 98721-51633
Sahbi Sukhia Nangal : Vernon (Canada) : +1 250 307 6642
Dalbir Mann Rurkee : Hamilton (New Zealand) : + 6 421 038 0977

email : kulwinders84@gmail.com
Web : www.sanjhekadam.com
Facebook Page : www.facebook.com/singhkulwinder01



**©ਹੱਕ ਲੇਖਕਾਂ ਦੇ ਰਾਖਵੇਂ ਹਨ**



**ਮੁੱਲ :** **200/-**

**ਪ੍ਰਕਾਸ਼ਕ :** **ਲਾਹੌਰ ਬੁੱਕ ਸ਼ਾਪ, 2 ਲਾਜਪਤ ਰਾਏ ਮਾਰਕੀਟ**
**ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ**
**ਫੋਨ : 2740738, 6540738**
E-mail : lahorebookshop40@rediffmail.com
Website : www.lahorebpublisher.com

ਅਡੀਸ਼ਨ ਪਹਿਲੀ ਵਾਰ ਜੂਨ 2012
ਦੂਜੀ ਵਾਰ ਜੁਲਾਈ 2013

ਛਾਪਕ ਪ੍ਰਿੰਟ ਵਿਜ਼ਨ, ਲੁਧਿਆਣਾ
Maharaj Nagar, Nr. PAU Gate No. 3
Ludhiana-141008
E-mail : printvizionprinters@gmail.com





Academy of the Punjab in North America - APNA: http://www.apnaorg.com

# ਮੁੱਖ ਬੰਦ

ਅੱਜ ਕੱਲ ਦੀ ਗਾਇਕੀ ਸਾਡੇ ਸੱਭਿਆਚਾਰ ਨੂੰ ਦਿਖਾਉਣ ਦੀ ਬਜਾਏ ਸਾਡੇ ਭਵਿੱਖ ਉੱਤੇ ਕਿਸ ਤਰਾਂ ਦੇ ਮਾੜੇ ਪ੍ਰਭਾਵ ਪਾ ਰਹੀ ਹੈ। ਇਸ ਗੱਲ ਨੂੰ ਅਸੀਂ ਸਾਰੇ ਵੇਖ ਵੀ ਰਹੇ ਹਾਂ ਅਤੇ ਸੁਣ ਵੀ। ਅਜਿਹੇ ਸਮੇਂ ਤੇ ਸਾਡੇ ਵਿਰਸੇ ਵਿੱਚ ਮਿਲੇ ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਲਈ ਸਾਡੇ ਦੁਆਰਾ ਢੁੱਕਵੇਂ ਕਦਮ ਨਾ ਉਠਾਏ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਭੈੜੇ ਪਰਿਣਾਮਾ ਦਾ ਸਾਹਮਣਾ ਕਿਸੇ ਹੋਰ ਨੂੰ ਨਹੀਂ, ਬਲਕਿ ਪੰਜਾਬੀ ਕੌਮ ਨੂੰ ਹੀ ਕਰਨਾ ਪਵੇਗਾ।

ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਪੰਜਾਬੀ ਕੌਮ ਵਰਗਾ ਇਤਿਹਾਸ ਕਿਸੇ ਹੋਰ ਕੋਲ ਨਹੀਂ ਅਤੇ ਇਸ ਗੱਲ ਤੋਂ ਵੀ ਅਣਜਾਣ ਨਹੀਂ ਹਾਂ ਕਿ "ਜੋ ਕੌਮਾਂ ਆਪਣੇ ਸਰਮਾਏ ਨੂੰ ਭੁੱਲ ਜਾਂਦੀਆਂ ਹਨ ਓਹ ਹੌਲੀ ਹੌਲੀ ਬੇਪਛਾਣ ਹੋ ਜਾਂਦੀਆਂ ਹਨ" ਪਰ ਫਿਰ ਵੀ ਲੱਚਰ ਗੀਤਾਂ ਦਾ ਦੌਰ ਦਿਨ ਬਦਿਨ ਵਧਦਾ ਜਾ ਰਿਹਾ ਹੈ। ਰਾਤੋ ਰਾਤ ਮਸ਼ਹੂਰ ਹੋਣ ਦੇ ਚੱਕਰ ਵਿੱਚ ਪੰਜਾਬੀ ਵਿਰਸੇ ਨਾਲ ਮੇਲ ਖਾਂਦੀਆਂ ਸਾਰੀਆਂ ਗੱਲਾਂ ਨੂੰ ਭੁਲਾਇਆ ਜਾ ਰਿਹਾ ਹੈ। ਆਓ ਅਸੀਂ ਸਾਰੇ ਇੱਕ ਮੁੱਠ ਹੋ ਕੇ ਅਜਿਹੇ ਲੋਕਾਂ ਖਿਲਾਫ ਆਵਾਜ਼ ਉਠਾਈਏ ਤਾਂ ਜੋ ਵਿਸਰ ਰਹੇ ਸਭਿਆਚਾਰ ਨੂੰ ਬਚਾਇਆ ਜਾ ਸਕੇ। ਸਾਡੇ ਭਵਿੱਖ ਦਾ ਦਿਮਾਗ ਕੋਰਾ ਕਾਗਜ਼ ਹੈ ਜਿਸ ਨੂੰ ਅਸੀਂ ਜਿਹੜਾ ਰੂਪ ਦੇਵਾਂਗੇ ਓਸੇ ਵਿੱਚ ਢਲ ਜਾਵੇਗਾ, ਕਿਉਂ ਨਾ ਅਸੀਂ ਪੱਛਮੀਂ ਸੱਭਿਅਤਾ ਦਾ ਬੋਲ ਬਾਲਾ ਘਟਾ ਕੇ ਆਪਣੇ ਪੰਜਾਬ ਅਤੇ ਪੰਜਾਬੀਅਤ ਦੀ ਸੁਨਹਿਰੀ ਤਸਵੀਰ ਓਹਨਾਂ ਦੇ ਮਨ ਵਿੱਚ ਜੜ ਦੇਈਏ।ਜਿਸ ਨਾਲ ਸਾਡੀਆਂ ਰਵਾਇਤਾਂ ਕਾਇਮ ਰਹਿਣ ਅਤੇ ਸਾਡੇ ਸ਼ਹੀਦਾਂ ਦੇ ਸੁਪਨੇ ਸਾਕਾਰ ਹੋ ਸਕਣ।

ਮੈਂ ਬੜੇ ਚਿਰ ਤੋਂ ਸੋਚ ਰਿਹਾ ਸੀ ਕਿ ਸਾਡੇ ਵਿਰਸੇ ਲਈ ਕੁੱਝ ਕੀਤਾ ਜਾਵੇ। ਜਦੋਂ ਮੈਂ ਆਪਣੇ ਛੋਟੇ ਵੀਰ ਸਿੰਘ ਕੁਲਵਿੰਦਰ ਦੀਆਂ ਰਚਨਾਵਾਂ ਪੜ੍ਹੀਆਂ ਤਾਂ ਵਿਚਾਰ ਬਣਿਆਂ ਕਿ ਇਹਨਾਂ ਨੂੰ ਇੱਕ ਕਿਤਾਬ ਵਿੱਚ ਪਰੋ ਕੇ ਸਾਰੇ ਪੰਜਾਬੀਆਂ ਤੱਕ ਪਹੁੰਚਾਵਾਂ। ਕਿਉਂਕਿ ਉਸ ਦੀਆਂ ਲਿਖਤਾਂ ਵਿੱਚੋਂ ਜ਼ਿੰਦਗੀ ਦੀ ਸੱਚਾਈ ਅਤੇ ਅਸਲ ਪੰਜਾਬੀ ਸੱਭਿਆਚਾਰ ਦੀ ਝਲਕ ਮੂੰਹੋਂ ਬੋਲਦੀ ਨਜ਼ਰ ਆਉਂਦੀ ਹੈ ।ਉਸ ਨੇ ਆਪਣੀਆਂ ਰਚਨਾਵਾਂ ਦੀ ਛੰਦ ਬੰਦੀ ਇਸ ਤਰੀਕੇ ਨਾਲ ਕੀਤੀ ਹੈ ਕਿ ਪੜ੍ਹਨ ਵਾਲਾ ਉਸ ਝਲਕ ਵਿੱਚ ਹੀ ਹੋ ਖੋ ਜਾਵੇ । ਲਿਖਤਾਂ ਦੀ ਤਰਤੀਬ ਇਸ ਤਰੀਕੇ ਨਾਲ ਕੀਤੀ ਹੈ ਕਿ ਪਹਿਲਾਂ ਪ੍ਰਮਾਤਮਾ ਦੇ ਨਾਮ ਨਾਲ ਸ਼ੁਰੂਆਤ ਉਪਰੰਤ ਜ਼ਿੰਦਗੀ ਦੀਆਂ ਅਹਿਮ ਸੱਚਾਈਆਂ, ਪੰਜਾਬ ਦੀ ਗੱਲ, ਬਚਪਨ ਬਾਰੇ, ਮਾਵਾਂ, ਭੈਣਾਂ, ਪਰਦੇਸੀਆਂ, ਫੌਜੀਆਂ, ਯਾਰਾਂ ਅਤੇ ਡਰਾਇਵਰਾਂ ਲਈ ਗੀਤ ਸ਼ਾਮਿਲ ਕੀਤੇ ਹਨ, ਇਸ ਤੋਂ ਬਿਨਾ ਮੁੰਡਿਆਂ ਤੇ ਕੁੜੀਆਂ ਵਲੋਂ ਰੋਮੈਂਟਿਕ ਅਤੇ ਉਦਾਸ ਸ਼ਾਇਰੀ, ਨਵੇਂ ਟੱਪੇ ਅਤੇ ਬੋਲੀਆਂ ਨਾਲ ਸ਼ਿੰਗਾਰਿਆ ਗਿਆ ਹੈ । ਅੰਤ ਵਿੱਚ ਮੈਂ ਸਮੁੱਚੇ ਪੰਜਾਬੀ ਪਾਠਕਾਂ ਦਾ ਧੰਨਵਾਦ ਕਰਦਾ ਹਾਂ ਜੋ ਨਰਗਸੀ ਫੁੱਲ ਦੇ ਪਹਿਲੇ ਅਡੀਸ਼ਨ ਨੂੰ ਹੱਥੋ ਹੱਥੀ ਲੈ ਗਏ ਤੇ ਸਾਨੂੰ ਅਗਲਾ ਅਡੀਸ਼ਨ ਛਾਪਣ ਦੀ ਲੋੜ ਮਹਿਸੂਸ ਹੋਈ। ਮੈਂ ਸਾਰਿਆਂ ਤੋਂ ਇਹੋ ਆਸ ਕਰਦਾ ਹਾਂ ਕਿ ਅਸੀਂ ਕਾਫੀ ਲੰਮੇ ਸਮੇਂ ਦੀ ਮਿਹਨਤ ਨਾਲ ਤੁਹਾਡੇ ਦਿਲ ਦੀਆਂ ਗਹਿਰਾਈਆਂ ਨੂੰ ਛੋਹਣ ਦੀ ਕੋਸ਼ਿਸ਼ ਕੀਤੀ ਹੈ । ਉਮੀਦ ਹੈ ਤੁਸੀਂ ਸਾਡੀ ਇਸ ਕੋਸ਼ਿਸ਼ ਨੂੰ ਪ੍ਰਵਾਨ ਕਰੋਗੇ। ਹਰ ਤਰਾਂ ਦੇ ਸੁਝਾਵਾਂ ਦੀ ਉਡੀਕ ਵਿੱਚ।

**ਸਾਬ੍ਹੀ ਸੁਖੀਆ ਨੰਗਲ**



Academy of the Punjab in North America - APNA: http://www.apnaorg.com

# ਵਿਸ਼ੇਸ਼ ਧੰਨਵਾਦ

| | |
|---|---|
| ਸ਼ਵਾਮੀ ਅਰੁਣ ਅੱਤਰੀ ਜੀ | ਸਮਾਜ਼ ਸੇਵਕ (ਲੁਧਿਆਣਾ) |
| ਕੇ.ਐਸ. ਮੱਖਣ | ਪੰਜਾਬੀ ਗਾਇਕ |
| ਕੁਲਵਿੰਦਰ ਗਿੱਲ | ਪੰਜਾਬੀ ਗਾਇਕ |
| ਡਾ. ਮਮਤਾ ਜੋਸ਼ੀ | ਪੰਜਾਬੀ ਸੂਫ਼ੀ ਗਾਇਕ |
| ਭਿੰਦਰ ਖਾਨਪੁਰੀ | ਗੀਤਕਾਰ (ਫਿਲੌਰ) |
| ਜੱਗ ਗੁੱਡੂ | ਬਰੱਡਨ (ਕੈਨੇਡਾ) |
| ਰਾਣੋ ਸੱਗੂ | ਟਰਾਂਟੋ-ਕੈਨੇਡਾ |
| ਮਨਜੀਤ ਉੱਪਲ | ਗਾਇਕ (ਟਰਾਂਟੋ-ਕੈਨੇਡਾ) |
| ਜੈਇੰਦਰ ਗਿੱਲ | ਪੈਨਟਿਕਟੈਨ (ਕੈਨੇਡਾ) |
| ਗੁਰਪ੍ਰੀਤ ਸਿੰਘ ਗਿੱਲ | ਵਰਨਨ (ਕੈਨੇਡਾ) |
| ਗੈਰੀ ਹਠੂਰ ਵਾਲਾ | ਗੀਤਕਾਰ (ਟਰਾਂਟੋ-ਕੈਨੇਡਾ) |
| ਤੀਰਥ ਸਿੰਘ ਅਟਵਾਲ | ਇੰਡੋ ਸਪਾਈਸ ਵਰਲਡ ਨਿਉਜ਼ੀਲੈਂਡ |
| ਸੁਖਵਿੰਦਰ ਕੌਰ ਧੁੱਗਾ | ਆਸਟ੍ਰੇਲੀਆ |
| ਪ੍ਰੋ: ਚਮਕੌਰ ਸਿੰਘ | ਐਸ.ਸੀ.ਡੀ. ਗੌਰਮਿੰਟ ਕਾਲਜ਼ (ਲੁਧਿਆਣਾ) |
| ਗੁਰਪ੍ਰੀਤ ਕੌਰ | ਫਰੀਦਕੋਟ |
| ਸਨਦੀਪ ਕੌਰ | ਇੰਗਲੈਂਡ |
| ਰਜਿੰਦਰ ਸਿੰਘ | ਇੰਗਲੈਂਡ |
| ਪਰਗਟ ਸਿੰਘ | ਚੰਡੀਗੜ੍ਹ |
| ਨੇਹਾਂ ਵਰਮਾ | ਚੈਨਲ ਪੰਜਾਬੀ ਕਨੇਡਾ (ਪੰਚਕੁਲਾ) |
| ਬਲਜੀਤ ਸੰਘਾ | ਪ੍ਰੈਸ ਅਜੀਤ (ਕਾਲਾ ਸੰਘਿਆਂ) |



Academy of the Punjab in North America - APNA: http://www.apnaorg.com

"ਮੈਂ ਕੋਸ਼ਿਸ਼ ਤਾਂ ਬਹੁਤ ਕੀਤੀ ਸੀ, ਪੜ੍ਹਾਉਣ ਦੇ ਲਈ
ਗਰੀਬੀ ਲੈ ਗਈ, ਬੱਚਿਆਂ ਨੂੰ ਕਮਾਉਣ ਦੇ ਲਈ"

"ਹੌਂਸਲਾ ਨਾ ਹਾਰੀਏ ਯਤਨ ਕਰਦੇ ਰਹੀਏ ਸਭ ਤੋਂ ਵੱਡੀਆ ਮੁਸ਼ਕਿਲਾਂ ਚੋਂ ਹੀ ਸਭ ਤੋਂ ਵੱਡੀ ਸ਼ਕਤੀ ਮਿਲਦੀ ਹੈ"।

I am nothing but you are best readers.

ਧੰਨਵਾਦ

ਸਵਾਮੀ ਅਰੁਣ ਅੱਤਰੀ (ਚੈਅਰਮੇਨ)
ਮਾਂ ਬੋਲੀ ਪੰਜਾਬੀ ਸਗੰਠਨ
560. ਸੀਤਾ ਨਗਰ, ਲੁਧਿਆਣਾ-141001
Web : www.gurkirpa.com
Facebook.com/swamiarunatri
Mobile : 094178-15715



Academy of the Punjab in North America - APNA: http://www.apnaorg.com

# ਆਪਣਿਆਂ ਨਾਲ ਦੋ ਗੱਲਾਂ

ਮੈਂ ਕੁਲਵਿੰਦਰ ਦੀਆਂ ਲਿਖਤਾਂ ਪੜ੍ਹ ਕੇ ਇਸ ਕਰਕੇ ਖੁਸ਼ ਹੋਇਆ ਕਿ ਸਮਾਜ ਨੂੰ ਜਗਾਉਣ ਵਾਲੇ ਵੀ ਯਤਨਸ਼ੀਲ ਹਨ। ਕਿਉਂਕਿ ਅੱਜ-ਕੱਲ੍ਹ ਸਾਡੇ ਸੁੱਤੇ ਸਮਾਜ ਨੂੰ ਜਗਾਉਣ ਵਾਲੇ ਖੁਦ ਹੀ ਸੌਂ ਗਏ ਹਨ। ਕਿਤਾਬ "ਨਰਗਸੀ ਫੁੱਲ" ਵਿੱਚ ਪਿਆਰ ਦੇ ਨਾਲ ਨਾਲ ਮਾਂ ਬੋਲੀ ਦੇ ਨਾਲ ਸਮਾਜ ਨੂੰ ਕੁਝ ਕਰਨ ਦੇ ਲਈ ਵੀ ਆਖਿਆ ਗਿਆ ਹੈ। ਲੇਖਕ ਕੁਲਵਿੰਦਰ ਸਿੰਘ ਮੇਰੇ ਨਾਲ ਪਿਛਲੇ ਦਸ ਸਾਲ ਤੋਂ ਸਮਾਜ ਸੇਵਾ ਕਰਦਾ ਆ ਰਿਹਾ ਹੈ, ਅਸੀਂ ਲਵਾਰਿਸ ਲਾਸ਼ਾਂ ਚੁੱਕ ਕੇ ਸੰਸਕਾਰ ਕਰਦੇ ਹਾਂ ਅਤੇ ਸਰੀਰ ਦਾਨ, ਅੱਖਾਂ ਦਾਨ, ਸਿੱਖਿਆ ਦਾਨ ਦਾ ਪ੍ਰੋਜੈਕਟ ਚਲਾਉਂਦੇ ਹਾਂ, ਨਾਲ ਹੀ ਬਿਮਾਰ ਜਾਨਵਰ ਅਤੇ ਪੰਛੀਆਂ ਦੀ ਸੇਵਾ ਕਰਦੇ ਹਾਂ। ਕੋਸ਼ਿਸ਼ ਹੈ ਕਿ ਹਰ ਕੋਈ ਪੜ੍ਹਿਆ ਲਿਖਿਆ ਹੋਵੇ। ਉਸ ਨੇ ਜਦੋਂ ਇਹ ਕਿਤਾਬ ਲਿਖਣੀ ਸੁਰੂ ਕਰਨੀ ਸੀ ਤਾਂ ਅਸੀਂ ਮਿਲ ਕੇ 101 ਰੁੱਖ ਜਮੀਨ ਨੂੰ ਦਿੱਤੇ ਕਿਉਂਕਿ ਰੁੱਖ ਵੱਡੇ ਹੋ ਕੇ ਸੁੱਧ ਹਵਾ-ਅਤੇ ਛਾਂ ਦਿੰਦੇ ਹਨ। ਇਹ ਵੀ ਰੱਬ ਦੇ ਵਾਂਗ ਬਦਲੇ 'ਚ ਕੁਝ ਨਹੀਂ ਮੰਗਦੇ, ਅਸੀਂ ਰੱਖੜ੍ਹੀ ਵਾਲੇ ਦਿਨ ਰੁੱਖਾਂ ਨੂੰ ਰੱਖੜ੍ਹੀਆਂ ਬੰਨਦੇ ਹਾਂ । ਰੱਖਿਆ ਕਰਨ ਦਾ ਸੰਕਲਪ ਲੈਂਦੇ ਹਾਂ, ਸ਼ਾਬਾਸ਼ ਚੰਗੇ ਲਿਖਾਰੀਆਂ ਦੇ ਜਿਹਨਾਂ ਨੇ ਰੁੱਖਾਂ ਤੋਂ ਆਪਣੀ ਕਲਮ ਨੂੰ ਸਹੇੜਿਆ।

ਕਿਤਾਬਾਂ ਨੂੰ ਪੜ੍ਹਨ ਵਾਲੇ ਸ਼ੌਕੀਨ ਦੋਸਤੋ, ਮੈਂ ਤੁਹਾਡਾ ਵੀ ਅਤੀ ਧੰਨਵਾਦੀ ਹਾਂ, ਕਿ "ਨਰਗਸੀ ਫੁੱਲ" ਦੇ ਪਹਿਲੇ ਅਡੀਸ਼ਨ ਨੂੰ ਹੱਥੋਂ ਹੱਥੀ ਲੈ ਗਏ ਉਸਦੀ ਘਾਟ ਪੂਰੀ ਕਰਨ ਵਾਸਤੇ ਹੋਰ ਕਿਤਾਬਾਂ ਛਪਵਾਉਣੀਆਂ ਪਈਆਂ, ਆਸ ਹੈ ਕਿ ਕੁਲਵਿੰਦਰ ਤੇ ਉਸਦੇ ਸਾਥੀ ਇਮਾਨਦਾਰ ਮਿਹਨਤੀ ਨੇਕ ਦਿਲ ਚੰਗੀ ਸੋਚ ਵਾਲੇ ਹੀ ਬਣੇ ਰਹਿਣਗੇ । ਫਿਰ ਉਨਾਂ ਨੂੰ ਅਗੇ ਵੱਧਣ ਤੋਂ ਕੋਈ ਨਹੀਂ ਰੋਕ ਸਕਦਾ ।

ਆਓ ਸਾਰੇ ਰੱਲ ਕੇ ਅਰਦਾਸ ਕਰੀਏ ਕਿ ਸਾਡੇ ਦੇਸ਼ ਵਿਚ ਜੋ ਬਹੁਤ ਕੁਝ ਚੰਗਾ ਨਹੀਂ ਹੋ ਰਿਹਾ ਸਭ ਚੰਗਾ ਹੋਵੇ ਤੇ ਸਾਰੇ ਵਿਸ਼ਵ ਭਰ ਦੇ ਲੋਕ ਚੰਗੀ ਜਿੰਦਗੀ ਜਿਉਣ । ਇਸ ਕਿਤਾਬ ਵਿਚ ਕਿਸੇ ਧਰਮ, ਮਜ਼੍ਹਬ ਕਿਸੇ ਪੀਰ ਪੈਗੰਬਿਰ ਤੇ ਨੁਕਤਾਚੀਨੀ ਨਹੀਂ ਕੀਤੀ ਅਤੇ ਕਿਸੇ ਨੂੰ ਠੇਸ ਨਹੀਂ ਪਹੁੰਚਾਈ ਬਲਕਿ ਸਭ ਨੂੰ ਪਿਆਰ ਨਾਲ ਰਹਿਣ ਲਈ ਆਖਿਆ ਹੈ। ਹਰ ਕੋਈ ਪਿਆਰ ਦੇ ਕਾਬਿਲ ਹੈ ਤੇ ਹਰ ਕਿਸੇ ਨੂੰ ਬਣਦਾ ਸਨਮਾਨ ਦੇਵੋ। ਪਾਠਕੋ ਮੇਰੀਆਂ ਗੱਲਾਂ ਜੋ ਠੀਕ ਲੱਗੀਆਂ ਉਹਨਾਂ ਨੂੰ ਪੱਲੇ ਬੰਨ ਲੈਣਾ ਅਤੇ ਜੋ ਨਾ ਠੀਕ ਲੱਗੀਆਂ ਉਹ ਛੱਡ ਦੇਣਾ । ਅੱਜ ਦੇ ਹਾਲਾਤਾਂ ਤੇ ਕੁਝ ਸਤਰਾਂ :

"ਜੀਵਨ ਹੈ ਕਿੰਝ ਦਾ ਨਾ ਸੁਰ 'ਚ ਨਾ ਤਾਲ 'ਚ
ਉਲਝੀ ਹੈ ਸਾਰੀ ਦੁਨੀਆ, ਅੱਤਰੀ ਰੋਟੀ ਤੇ ਦਾਲ 'ਚ"



Academy of the Punjab in North America - APNA: http://www.apnaorg.com

# ਤਤਕਰਾ


| | |
|---|---|
| ਪਰਬਤ ਜਿੱਡਾ ਜੇਰਾ ਸੀ ਪੁੱਤਰਾਂ ਦੇ ਦਾਨੀ ਦਾ | 1 |
| ਸਿੱਖੀ ਦੀ ਸ਼ਾਨ ਏ ਖੰਡਾ | 2 |
| ਸਾਂਈ | 3 |
| ਦੁੱਖਾਂ ਨਾਲ ਭਰਿਆ ਜਹਾਨ ਏਂ, ਏ ਸੁੱਖ ਤੇਰਾ ਨਾਮ ਮਾਲਕਾ | 4 |
| ਭਰਲੋ ਢਿੱਡ ਰੁੱਖੀ ਮਿੱਸੀ ਦਾ ਫਰਕ ਨਾ ਪੈਂਦਾ ਏ | 5 |
| ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ | 6 |
| ਹੁੰਦਾ ਰੱਬ ਏ ਸਿੱਧਿਆਂ ਦਾ ਨੀ ਕਿਉਂ, ਇਸ ਗੱਲ ਨੂੰ ਤੂੰ ਭੁੱਲ ਜਾਂਵੇ | 7 |
| ਘਾਟੇ ਵਾਧੇ ਜਿੰਦਗੀ ਦਾ ਨਾਂਅ ਦੋਸਤਾ | 8 |
| ਹਾਲਾਤ ਜਿੱਦਾਂ ਦੇ ਮਰਜੀ, ਖੁਸ਼ ਤਾਂ ਰਹਿਣਾ ਪੈਂਦਾ ਏ | 9 |
| ਮੈਂ ਵੇਚ ਜੁਆਨੀ ਲੈ ਆਵਾਂ, ਜੇ ਬਚਪਨ ਮੁੱਲ ਮਿਲ ਜਾਵੇ | 10 |
| ਲਾਡ ਭੈਣਾਂ ਦਾ ਪਾਉਣ ਲਈ, ਦਿਲ ਬਚਪਨ ਸੱਦਦਾ ਏ | 11 |
| ਮੈਨੂੰ ਜੰਮਣ ਤੋਂ ਹੀ ਪਹਿਲਾਂ ਪਈਆਂ ਮਾਰਾਂ ਨੀ | 12 |
| ਤਾਂਹੀ ਦੁਨੀਆਂ ਜੰਮਣ ਤੋਂ ਡਰਦੀ | 13 |
| ਮਾਏ ਨੀ ਮਾਏ | 14 |
| ਸੁਹਰੇ ਘਰ ਤੈਨੂੰ ਤੋਰ ਕੇ ਰੋਵਾਂ | 15 |
| ਪੰਜਾਬ ਨੂੰ ਬਚਾ ਲਈਂ ਰੱਬਾ ਮੇਰੀ ਫਰਿਆਦ ਐ | 16 |
| ਜੇ ਐ ਜਿੰਦਗੀ ਜਿਉਣੀ ਤਾਂ ਪੰਜਾਬ ਦੋਸਤੋ | 17 |
| ਲੱਖ ਜਾਇਓ ਪਰਦੇਸ ਕਦੀ ਵੀ ਦੇਸ ਨੂੰ ਭੁੱਲਿਓ ਨਾ | 18 |
| ਇਹੋ ਮੇਰਾ ਖੁਆਬ ਦੋਸਤੋ ਇਹੋ ਮੇਰਾ ਖੁਆਬ | 19 |
| ਭਾਂਵੇ ਘਰ ਤਾਂ ਕੱਚੇ ਸੀ ਪਰ ਪਿਆਰ ਪੱਕੇ ਸੀ | 20 |
| ਯਾਰਾਂ ਦੇ ਬਿਨ ਵੀ ਕੀ ਯਾਰੋ ਜੀਣਾ ਹੁੰਦਾ ਏ | 21 |
| ਨਹੀਂ ਲੱਗਦਾ ਦਿਲ ਹੁਣ ਮੇਰਾ | 22 |
| ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ | 23 |
| ਹੋਰ ਵੀ ਐ ਜੱਗ ਉੱਤੇ ਦੁਨੀਆਂ ਜਿਉਂਦੀ, ਪਰ ਸਦਕੇ ਪੰਜਾਬੀਆਂ ਦੀ ਸ਼ਾਨ ਦੇ | 24 |
| ਸਾਡੀ ਪੱਗ ਐ ਪਿਆਰੀ ਵੱਧ ਜਾਨ ਤੋਂ | 25 |
| ਹੱਸਣਾ ਤਾਂ ਸਾਡੀ ਆਦਤ ਸੀ ਤੁਸੀਂ ਗਲਤ ਅੰਦਾਜ਼ਾ ਲਾ ਬੈਠੇ | 26 |
| ਰਜ਼ਾਈ | 27 |
| ਤੈਨੂੰ ਹਾਲ ਸੁਣਾਵਾਂ ਮੈਂ ਦਿਲ ਦਾ, ਕਿਤੇ ਗੱਲ ਇਸ਼ਕ ਦੀ ਜੇ ਜਾਣੇ | 28 |
| ਅਸੀਂ ਚਾਹੁੰਨੇ ਆਂ ਤੈਨੂੰ, ਤੇਰੇ ਪਿਆਰ ਦੇ ਕਰਕੇ ਨੀ | 29 |
| ਰੱਬ ਸੱਚ ਕਰੇ ਤੇਰੇ ਲਈ ਜਿਹੜੇ ਨੇ ਸੁਪਨੇ ਪਾਲੇ ਮੈਂ | 30 |
| ਤੂੰ ਕੀ ਜਾਣੇ ਮੇਰੇ ਨਿੱਤ ਸੁਪਨੇ ਵਿੱਚ ਆਉਂਨੀ ਏਂ ਕੁੜੀਏ | 31 |
| ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ ਪਿੱਛੇ ਲਾਉਂਦੀ ਆ | 32 |
| ਮੁੰਡਾ ਲੁਧਿਆਣੇ ਦਾ ਮੈਂ ਮੋਗੇ ਦੀਏ ਕੁੜੀਏ ਨੀ | 33 |
| ਤੇਰਾ ਨਾਂਅ ਮੈਨੂੰ ਏ ਬੜਾ ਸੋਹਣਾ ਲੱਗਦਾ | 34 |




Academy of the Punjab in North America - APNA: http://www.apnaorg.com

# ਦੋ ਸ਼ਬਦ

ਉਹ ਲੇਖਣੀ ਪਾਠਕਾਂ ਦੇ ਚੇਤਿਆਂ 'ਚ ਵਸਦੀ ਹੈ ਜੋ ਸਮਾਜਿਕ ਕਾਰੋਬਾਰਾਂ ਜਾਂ ਜਿੰਦਗੀ ਦੇ ਉਸਾਰੂ ਪਹਿਲੂਆਂ ਦੀ ਤਰਜਮਾਨੀ ਕਰਦੀ ਹੋਵੇ। ਸੰਭਾਵਨਾਵਾਂ ਭਰਪੂਰ ਨੌਜੁਆਨ ਸ਼ਾਇਰ 'ਸਿੰਘ ਕੁਲਵਿੰਦਰ' ਦੇ ਗੀਤ, ਕਵਿਤਾ ਅਤੇ ਹਰ ਰਚਨਾ ਸਾਡੀ ਰੋਜ਼ਮਰਾ ਦੀ ਜਿੰਦਗੀ ਦੀ ਹਕੀਕਤ ਹੈ। ਜਿੱਥੇ ਉਹ ਨੌਜੁਆਨ ਤਬਕੇ ਨੂੰ ਟੁੰਬਦੀ ਗੱਲ ਕਰਦਾ ਹੈ ਉੱਥੇ ਸੰਜੀਦਾ ਮਸਲਿਆਂ, ਇਤਿਹਾਸ, ਸਮਾਜਿਕ ਬੇਨਿਆਈ, ਲੋਕ ਹੱਕਾਂ ਦੀ ਗੱਲ ਬੜੀ ਸੁਹਜਤਾ ਤੇ ਨਿਡਰਤਾ ਨਾਲ ਕਰਦਾ ਹੈ।ਉਸਦੀ ਲੇਖਣੀ ਭਾਂਵੇ ਸਾਹਿਤ ਦਾ ਕੋਈ ਵੀ ਰੂਪ ਹੋਵੇ ਉਹ ਆਪਣੀ ਗੱਲ ਸਮਝਾਉਂਣ ਦੀ ਸਮਰੱਥਾ ਰੱਖਦੀ ਹੈ। ਉਸ ਦਾ ਹਰ ਸ਼ੇਅਰ ਕਾਬਲੇ ਤਾਰੀਫ ਹੈ ਜਿਵੇਂ :

ਦਾਜ਼ ਵਿੱਚ ਲੈਂਦੇ ਮੂੰਹੋਂ ਮੰਗਕੇ ਨੇ ਗੱਡੀਆਂ
ਕੁੜੀ ਦਾ ਪਿਉ ਭਾਂਵੇ ਵੇਚ ਦੇਵੇ ਹੱਡੀਆਂ
ਨਿੱਕੀ ਨਿੱਕੀ ਗੱਲ ਉੱਤੇ ਹੁੰਦੇ ਨੇ ਤਲਾਕ,
ਜਨਮਾਂ ਦਾ ਸਾਥੀ ਹੋ ਕੇ ਕੱਲਾ ਬਹਿ ਗਿਆ
ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ,
ਰੂਹਾਂ ਵਾਲਾ ਮੇਲ ਹੁਣ ਕਿੱਥੇ ਰਹਿ ਗਿਆ

ਸਚੁੱਜੇ ਕਦਮ ਲਈ ਸਿੰਘ ਕੁਲਵਿੰਦਰ ਵਧਾਈ ਦਾ ਪਾਤਰ ਹੈ ਅਤੇ ਸਾਬ੍ਹੀ ਸੁਖੀਆ ਨੰਗਲ (ਕਨੇਡਾ) ਅਤੇ ਦਲਵੀਰ ਮਾਨ (ਨਿਊਜ਼ੀਲੈਂਡ) ਦੇ ਉੱਦਮ ਅਤੇ ਹੱਲਾਸ਼ੇਰੀ ਦੀ ਦਾਤ ਦੇਣੀ ਬਣਦੀ ਹੈ। ਮਾਇਆ ਅਤੇ ਹਾਉਂਮੇ ਨੂੰ ਅਮੀਰੀ ਸਮਝੀ ਬੈਠੇ ਲੋਕਾਂ ਨੂੰ ਹਲੂਣਾ ਦੇਣ ਲਈ ਲਾਹੇਵੰਦ ਸਿੱਧ ਹੋਣ ਵਾਲੀ ਇਸ ਕਿਤਾਬ ਦੇ ਬਹੁਤੇ ਗੀਤ ਤਾਂ ਈਪੇਪਰਾਂ ਅਤੇ ਫੇਸਬੁੱਕ ਤੇ ਪਾਠਕਾਂ ਦਾ ਵਿਸ਼ਾਲ ਘੇਰਾ ਬਣਾ ਚੁੱਕੇ ਹਨ। ਸਾਲ਼ਾ "ਨਰਗਸੀ ਫੁੱਲ" ਦਾ ਭਵਿੱਖ ਸਿਰਨਾਵਾਂ ਬਣੇਂ।

**ਬਲਜੀਤ ਸਿੰਘ ਸੰਘਾ**

ਪ੍ਰਧਾਨ ਦੋਨਾ ਪੱਤਰਕਾਰ ਮੰਚ ਮੁੱਖ ਦਫਤਰ ਕਾਲਾ ਸੰਘਿਆਂ



Academy of the Punjab in North America - APNA: http://www.apnaorg.com

ਦਿਲ ਵਿੱਚ ਵਸਦਿਆ ਤੱਤੜੀ ਦੇ ਦਿਲਦਾਰਾ ਵੇ 78
ਦਿਲ ਕਰੇ ਦਿਲ ਚ ਛੁਪਾ ਕੇ ਰੱਖਲਾਂ, ਦਿਲ ਦਾ ਜੇ ਚੰਨਾਂ ਦਿਲਦਾਰ ਬਣਜੇਂ 79
ਝਾਂਜਰਾਂ 80
ਬਣ ਝਾਂਜਰ ਪੈਰੀਂ ਛਣਕਾਂ ਵੇ ਤੇਰੇ ਪਿਆਰ ਲਈ 81
ਨਹੀਓ ਜੀਣ ਨਜ਼ਾਰਾ, ਸੋਹਣੇ ਯਾਰ ਤੋਂ ਬਿਨਾਂ 82
ਮੈਨੂੰ ਪਤਾ ਨਾ ਲੱਗਿਆ ਵੇ ਬਣ ਗਿਐਂ, ਕਦ ਮਾਲਕ ਰਗ ਰਗ ਦਾ 83
ਪਾਉਣਾ ਸੀ ਮੈਂ ਤੈਨੂੰ ਮੈਨੂੰ ਮਿਲ ਗਿਐਂ ਤੂੰ ਹੋਰ ਲੈਣਾ ਕੀ ਮੈਂ ਰੱਬ ਕੋਲੋਂ ਮੰਗ ਕੇ 84
ਕੱਲੀ ਛੱਡ ਜਾਂਦੇ ਸੱਜਣਾ ਨੂੰ, ਮੈਥੋਂ ਹੱਥ ਹਿਲਾਇਆ ਨਹੀਂ ਜਾਂਦਾ 85
ਬੇਬਫਾਈਆਂ ਨਾ ਕਰੀਂ...... ਹੱਥ ਜੋੜ ਕੇ ਕਹਿੰਨੇ ਆਂ 86
ਤੇਰੀਆਂ ਹੀ ਯਾਦਾਂ ਵਿੱਚ ਸੋਹਣਿਆਂ, ਅਸੀਂ ਕੱਲੇ ਕੱਲੇ ਪਲ ਵਿੱਚ ਖੋਏ ਹਾਂ 87
ਦਿਲ ਵਿੱਚ ਓਹ ਵਸਦੈ, ਭਾਂਵੇ ਅੱਖੀਆਂ ਤੋਂ ਵਸਦਾ ਏ ਦੂਰ 88
ਤੇਰੇ ਹੱਦ ਤੋਂ ਵੀ ਜਿਆਦਾ ਕੀਤੇ ਪਿਆਰ ਨੇ, ਮੈਨੂੰ ਦਿੱਤਾ ਏ ਵਿਗਾੜ ਮੇਰੇ ਸੋਹਣਿਆਂ 89
ਇੱਕ ਤੈਨੂੰ ਪਾਉਣ ਬਦਲੇ ਸਾਰੇ ਜੱਗ ਨਾਲ ਲੈ ਲਿਆ ਏ ਵੈਰ 90
ਮੈਂ ਗਲ ਨਾਲ ਚਿੱਠੀਆਂ ਲਾ ਲਾਂ ਜਦ ਵਿੱਚੋਂ ਦਿਸ ਪੈਨੈਂ ਏਂ 91
ਇਹ ਫੁੱਲਾਂ ਵਰਗਾ ਚਿਹਰਾ ਨਹੀਂ ਬਿਨ ਤੈਥੋਂ ਖਿਲਣਾਂ ਵੇ 92
ਇਹ ਸੱਚੀਂ ਮੌਤ ਤੋਂ ਬੁਰੀਆਂ ਹੋਣ ਜੁਦਾਈਆਂ ਵੇ ਸੱਜਣਾਂ 93
ਜੀਣ ਦਾ ਮਨ ਨਹੀਂ ਮੇਰਾ ਉਸ ਦੇ ਚਲੇ ਜਾਣ ਤੋਂ ਬਾਅਦ 94
ਖੁਦ ਮੈਥੋਂ ਟੁੱਟ ਗਿਐਂ, ਦਿਲ ਨਾ ਤੂੰ ਤੋੜ ਦੇਈਂ 95
ਸੱਚੀਂ ਜੀਅ ਨਹੀਂਓ ਹੋਣਾ ਸਾਥੋਂ ਤੇਰੇ ਤੋਂ ਬਗੈਰ 96
ਤੈਨੂੰ ਕੀ ਦੱਸਾਂ ਤੇਰੇ ਬਾਜੋਂ ਕਿੰਨੇ ਦਰਦ ਹੰਢਾਉਂਨੀ ਆਂ 97
ਯਾਰ ਦੇ ਵਿਛੋੜੇ ਨਾਲੋਂ ਮੌਤ ਰੱਬਾ ਚੰਗੀ ਐ 98
ਕਦਮਾਂ ਚ ਕੱਟ ਲਊਂਗੀ ਜਿੰਦਗੀ ਮੈਂ ਮੇਰੀ ਤੇਰੇ ਦਿਲ ਚ ਜੇ ਵਸੇ ਕੋਈ ਹੋਰ ਵੇ 99
ਇੰਝ ਕਰੀ ਦਾ ਨੀ ਪਾ ਕੇ, ਕਦੀ ਪਿਆਰ ਸੋਹਣਿਆਂ ਵੇ 100
ਮੰਨਾਂ ਨੈਣਾਂ ਦਾ ਕਸੂਰ, ਸਜ਼ਾ ਦਿਲ ਨੂੰ ਕਿਉਂ ਦਿੰਨੈ 101
ਰਾਜ਼ੀ ਨਹੀਓ ਸਾਡੇ ਨਾਲ ਮੂੰਹੋ ਬੋਲ ਕੇ 102
ਕਿੰਝ ਦੱਸ ਦੇਵਾਂ ਇਹਨਾਂ ਝੱਲਿਆਂ ਨੂੰ, ਮੇਰਾ ਛੱਡ ਦਿਲਦਾਰ ਗਿਆ 103
ਆਉਂਦੀਆਂ ਨੇ ਬੜੀਆਂ ਹੀ ਯਾਦਾਂ ਤੇਰੀਆਂ 104
ਸਦਾ ਰੱਬ ਤੈਨੂੰ ਸੁਖੀ ਰੱਖੇ ਸੋਹਣਿਆਂ ਅਸੀਂ ਹਾਂ ਦੁਆਵਾਂ ਕਰਦੇ 105
ਜਿਵੇਂ ਲੋਕੀ ਨੇ ਕਰਦੇ, ਤੂੰ ਤਾਂ ਨਾ ਕਰ ਅੜਿਆ 106
ਜੇ ਤੂੰ ਮੈਨੂੰ ਪਿਆਰ ਕਰਦਾ, ਸਾਰੀ ਜਿੰਦਗੀ ਲਵਾਉਂਦੀ ਤੇਰੇ ਨਾਂਅ 107
ਜਿੰਦ ਦੇਣ ਆਇਆ ਸੀ ਪਿਆਰ ਤੇਰਾ ਤਨਹਾਈਆਂ ਦੇ ਚੱਲਿਆ 108
ਤੋਤਾ ਬਣਕੇ ਤੂੰ ਮਾਰ ਗਿਐਂ ਉਡਾਰੀ, ਵੇ ਕੋਇਲ ਜਿਆ ਬਣਾਤਾ ਹਾਲ ਵੇ 109
ਤੂੰ ਆਂਵੇ ਸਾਨੂੰ ਬਹੁਤ ਕੀ ਅਸੀਂ ਵੀ ਚੇਤੇ ਆਉਂਨੇ ਆਂ 110
ਮੰਜਿਲ ਦੇ ਨੇੜੇ ਪਹੁੰਚ ਕੇ ਹੋਈਆਂ ਵੱਖੋ ਵੱਖ ਕਿਉਂ ਰਾਹਵਾਂ 111
ਰੋ ਰੋ ਮੁੱਕ ਗਿਆ ਹਾਣਦਿਆ ਜੋ ਅੱਖੀਆਂ ਦੇ ਵਿੱਚ ਪਾਣੀ ਸੀ 112
ਰਾਤੀਂ ਸੁਪਨੇ ਵਿੱਚ ਮਿਲ ਯਾਰ ਗਿਆ 113


Academy of the Punjab in North America - APNA: http://www.apnaorg.com

ਨੂੰਹ ਮੰਮੀ ਦੀ ਬਣਾ ਦੇ ਰੱਬ ਤੈਨੂੰ, ਤੈਨੂੰ ਵੀ ਚੰਗੀ ਸੱਸ ਮਿਲਜੇ 35
ਸੋਹਣੀਏ ਹੋ ਜਾਵੇ, ਮੌਸਮ ਬੇਈਮਾਨ 36
ਕੰਡਾ 37
ਡਾਇਰੀ ਸਰਤਾਜ ਦੀ 38
ਹੋਲੀ ਦਾ ਨਜ਼ਾਰਾ 39
ਬੁੱਲ੍ਹੀਆਂ ਦੇ ਨਿੰਮੇ ਨਿੰਮੇ ਹਾਸੇ ਨੇ 40
ਚਾਂਈਂ-ਚਾਂਈ ਨੱਚ ਮਿੱਤਰਾਂ ਦੇ ਨਾਲ ਨੀ 41
ਰੋਟੀਆਂ ਪਕਾਂਵਾ ਨਾਲੇ ਭਾਂਡੇ ਟੀਂਡੇ ਮਾਂਜਦੀ 42
ਜਦੋਂ ਮੇਰੀ ਸੋਹਣਿਆਂ ਵੇ ਬਾਂਹ ਫੜ ਲਈ 44
ਐਡਾ ਕੀ ਕਰੇਂ ਕੰਮ ਸੋਹਣਿਆਂ 46
ਕਰਮਾ ਵਾਲਾ ਹੋਊ ਦਿਲ ਜਿਹੜਾ, ਕਦੀ ਵੀ ਰੋਇਆ ਨਾ 48
ਚੰਨ ਚਾਨਣੀ ਰਾਤ ਚ ਯਾਰ ਗਵਾ ਬੈਠੇ 49
ਤੇਰੇ ਰਾਹਾਂ ਤੇ ਬੈਠੇ ਹਾਂ ਭਾਂਵੇ ਤੂੰ ਸਾਨੂੰ ਛੱਡਗੀ ਏਂ 50
ਜਿਵੇਂ ਫੁੱਲ ਮਿੱਧਿਆ ਏ ਹਾਣਦੀਏ, ਸਾਡਾ ਦਿਲ ਵੀ ਮਿੱਧ ਦੇ ਪੈਰਾਂ ਨਾਲ 51
ਮਤਲਬਖੋਰਾਂ ਦੀ ਨਾ ਜੱਗ ਉਤੇ ਥੋੜ ਐ 52
ਹੰਝੂ ਸਾਡੇ ਰੁੱਕਦੇ ਨੀ ਮੁੱਕ ਗਿਆ ਪਾਣੀ 53
ਤੇਰੇ ਜਾਣ ਦਾ ਤਾਂ ਗਮ ਇੱਕ ਪਾਸੇ ਨੀ ਦੂਜਾ ਸਹੀਏ ਤਾਹਨੇ ਜੱਗ ਦੇ 54
ਜਿੰਦਗੀ ਦੀ ਆਸ ਛੱਡਤੀ, ਕੱਲੇ ਰਹਿਕੇ ਅਸੀਂ ਤੇਰੇ ਤੋਂ ਬਗੈਰ ਨੀਂ 55
ਕਿੱਦਾਂ ਮੈਨੂੰ ਕਰ ਗਈਂ ਏਂ ਵੱਖ ਨੀ 56
ਰਹਿ ਜਾਂਦੇ ਓਹ ਕੱਲੇ ਸੱਚਾ ਪਿਆਰ ਜੋ ਕਰਦੇ ਨੇ 57
ਨਾ ਪਲ ਵੀ ਓਹਦੇ ਤੋਂ ਹੋ ਕੇ ਮੈਂ ਦੂਰ ਜਿਊਂਦਾ ਸਾਂ 58
ਰਹਿ ਗਏ ਸਾਰੇ ਸੁਪਨੇ ਦਿਲ ਦੀ ਕੰਧ ਤੇ ਸਜਕੇ ਨੀ ਇਸ 59
ਜਦੋਂ ਵਾਂਗ ਤੂੰ ਬੇਗਾਨਿਆਂ ਦੇ ਕੋਲੋ ਲੰਘ ਗਈ 60
ਹਰ ਥਾਂ ਨੂੰ ਯਾਦਾਂ ਦੇ ਨਾਲ ਜੋੜ ਗਈ ਨੀ ਕਿੱਥੇ ਕਿੱਥੇ ਬਹਿਕੇ ਰੋ ਲਈਏ 61
ਮੇਰੇ ਦਿਲ ਦੀ ਧੜਕਣ ਵਿੱਚ ਦਿਲ ਦੇ ਤੈਨੂੰ ਰੱਖਣਾਂ ਚਾਹੁੰਦੀ ਆ 62
ਅੱਖਾਂ ਭਰ ਲਈਆਂ ਯਾਰਾਂ ਨੇ, ਤੈਨੂੰ ਕਰਕੇ ਯਾਦ ਕੁੜੇ ਸਾਹਾਂ ਦਾ ਮਹਿਰਮ 63
ਅੱਖਾਂ ਪੂੰਝਦੇ ਨੇ ਹੱਥ, ਇੱਕ ਤੇਰੇ ਕਰਕੇ 64
ਰਾਤ ਚਾਨਣੀ ਪੋਹ ਦੀ ਨੇ ਮੇਰਾ ਫੱਟ ਦੁਖਾਤਾ ਨੀ 65
ਉਹ ਹੋ ਗਈ ਭਾਂਵੇਂ ਦੂਰ ਬੜਾ ਮੈਨੂੰ ਚੇਤੇ ਆਉਂਦੀ ਆ 66
ਸੌਖਾ ਪਰਵਾਨੇ ਨੂੰ ਏ ਸੜ ਜਾਣਾ ਅੱਗ ਤੇ 67
ਕਿਵੇਂ ਭੁਲਾ ਦੇਉਂ ਨਿੱਘ ਤੇਰਿਆਂ ਸਾਹਾਂ ਦਾ 68
ਸਰੋਂ ਬੀਜੀ ਐ ਬਣਾ ਕੇ ਦਿਲ ਵੇਖ ਲਈਂ ਪਿਆਰ ਵਾਲੇ ਫੁੱਲ ਖਿਲਦੇ 69
ਸੱਜਣਾ ਨਾਲ ਬੀਤੇ ਪਲ ਮੁੜਕੇ ਫਿਰ ਕਿੱਥੇ ਲੱਭਦੇ ਨੇ 70
ਲਫਜ਼ ਹੀ ਮੁੱਕ ਗਏ ਕੋਲ ਮੇਰੇ ਜਦ ਆਪਣੀ ਵਾਰੀ ਆਈ 71
ਉਦਾਸੀ 72
ਸਾਹਾਂ ਦਾ ਮਹਿਰਮ 77



Academy of the Punjab in North America - APNA: http://www.apnaorg.com

## ਪਰਬਤ ਜਿੱਡਾ ਜੇਰਾ ਸੀ ਪੁੱਤਰਾਂ ਦੇ ਦਾਨੀ ਦਾ

ਬਾਜਾਂ ਵਾਲਿਆ ਧਰਤ ਤੇ ਜਨਮ ਲੈ ਕੇ, ਤੂੰ ਪਟਨੇ ਨੂੰ ਰੁਸ਼ਨਾ ਦਿੱਤਾ
ਦੇ ਕੇ ਖੰਡਾ, ਕਿਰਪਾਨ ਤੇ ਕੇਸ ਦਾੜ੍ਹੀ, ਸਾਨੂੰ ਵੱਖਰੀ ਕੌਮ ਬਣਾ ਦਿੱਤਾ

ਗੋਰੇ ਵੀ ਸੀਸ ਝੁਕਾਉਂਦੇ ਸੱਚੇ ਸੰਤ ਸਿਪਾਹੀ ਨੂੰ
ਤੁਸੀਂ ਕਿਉਂ ਭੁੱਲਦੇ ਜਾਵੋਂ ਲਾਲ ਲਹੂ ਦੀ ਸਿਆਹੀ ਨੂੰ
ਦੇਣਾ ਅਸੀਂ ਨੀ ਦੇ ਸਕਦੇ ਉਸ ਦੀ ਕੁਰਬਾਨੀ ਦਾ
ਪਰਬਤ ਜਿੱਡਾ ਜੇਰਾ ਸੀ ਪੁੱਤਰਾਂ ਦੇ ਦਾਨੀ ਦਾ

ਆਪਣਿਆਂ ਤੋਂ ਵਧ ਕੇ ਜਿਸ ਨੇ ਕੌਮ ਨੂੰ ਪਿਆਰ ਦਿੱਤਾ
ਇੱਕ ਇੱਕ ਸਾਹ ਸੀ ਆਪਣਾ ਸਿੱਖੀ ਖਾਤਰ ਵਾਰ ਦਿੱਤਾ
ਮੁੱਲ ਕੋਈ ਨੀ ਪੰਜ ਕੱਕਿਆਂ ਦੀ ਅਜ਼ਬ ਨਿਸ਼ਾਨੀ ਦਾ
ਪਰਬਤ ਜਿੱਡਾ ਜੇਰਾ ਸੀ ਪੁੱਤਰਾਂ ਦੇ ਦਾਨੀ ਦਾ

ਸਵਾ ਲੱਖ ਦੀ ਫੌਜ਼ ਨਾਲ ਜੋ ਇੱਕ ਲੜਾ ਲੈਂਦਾ
ਲੋੜ ਪੈਣ ਤੇ ਚਿੜੀਆਂ ਤੋਂ ਜੋ ਬਾਜ਼ ਬਣਾ ਲੈਂਦਾ
ਝੱਲੇ ਰੋਅਬ ਨਾ ਜਿਹੜਾ ਮੁਗਲਾਂ ਦੀ ਮਨਮਾਨੀ ਦਾ
ਪਰਬਤ ਜਿੱਡਾ ਜੇਰਾ ਸੀ ਪੁੱਤਰਾਂ ਦੇ ਦਾਨੀ ਦਾ

ਖਾਲਸੇ ਪੰਥ ਨੂੰ ਸਾਜ ਕੇ ਵੱਖਰੀ ਕੌਮ ਬਣਾ ਗਿਆ ਜੋ
ਚਾਰ ਪੁੱਤ ਮਾਂ ਬਾਪ ਤੇ ਆਪ ਨੂੰ ਲੇਖੇ ਲਾ ਗਿਆ ਜੋ
"ਕੁਲਵਿੰਦਰ" ਰੱਖਦਾ ਖਿਆਲ ਨਹੀਂ ਜੋ ਲਾਭ ਤੇ ਹਾਨੀ ਦਾ
ਪਰਬਤ ਜਿੱਡਾ ਜੇਰਾ ਸੀ ਪੁੱਤਰਾਂ ਦੇ ਦਾਨੀ ਦਾ


Academy of the Punjab in North America - APNA: http://www.apnaorg.com

ਤੇਰੀ ਫੋਟੋ ਅੱਗੇ ਬਹਿ ਕੇ, ਰਹਾਂ ਹਾਂਉਕੇ ਭਰਦੀ 114
ਅੱਖਾਂ ਰੋਂਦੀਆਂ ਨੇ ਫੋਟੋ ਤੇਰੀ ਦੇਖ ਕੇ ਵਿਚਾਲੇ ਛੱਡ ਜਾਣ ਵਾਲਿਆ 115
ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ 116
ਹੁਣ ਤਾਂਈ ਦੁੱਖ ਨੇ ਸਹਾਰੇ ਜਿੰਦਗੀ ਦੇ ਵਿੱਚ 117
ਹੋਣੀ ਝੱਲ ਨਾ ਘੜੀ ਦੂਰ ਤੇਰੇ ਮੈਥੋਂ ਜਾਵਣ ਦੀ 118
ਪਲਕਾਂ ਨਾ ਝੱਲਾਂ ਪੱਖੀਆਂ 120
ਟੱਪੇ 121
ਮੌਡਰਨ ਛੱਲਾ 122
ਤੂੰ ਸ਼ੌਂਕਣ ਗੱਡੀਆਂ ਦੀ ਨੀ ਜੱਟ ਦੇ ਕੋਲੇ ਹੀਰੋ ਹਾਂਡਾ 124
ਬੋਲੀਆਂ 125
ਬੇਰੀ ਮਾਂ (ਕਹਾਣੀ) 126

## ਸਾਬ੍ਰੀ ਸੁਖੀਆ ਨੰਗਲ

ਵਾਹਿਗੁਰੂ ਬੋਲ 132
ਤੇਰੀ ਜਿੰਦ ਪਰਦੇਸਣ ਨੇ ਬੰਦਿਆ ਉੱਡ ਵਤਨਾ ਨੂੰ ਜਾਣਾ 133
ਦਿਲ ਕਰੇ ਮੇਰਾ ਉਦੋਂ ਅੰਮੀਏਂ ਨੀ, ਮੈਂ ਆਪਣੇ ਵਤਨ ਵਿੱਚ ਹੋਵਾਂ 134
ਇੱਕ ਵੀਰਾ ਦੇ ਦਿਓ ਦਾਤਾ ਜੀ 135
ਕੈਨੇਡਾ 'ਚ ਵਿਆਹ 136
ਅਸੀਂ ਉੱਜੜ ਗਏ ਤਾਂ ਕੀ ਹੋਇਆ 137
ਲੱਖ ਕੋਸ਼ਿਸ਼ ਕਰੀਏ ਭੁੱਲਣੇ ਦੀ, ਭੁੱਲਦੀ ਨਾ ਸੂਰਤ ਤੇਰੀ ਨੀ 138
ਯਾਦ ਅੱਜ ਵੀ ਹਾਂ ਕਰਦੇ ਅਸੀਂ ਓਹ ਮੁਹੱਬਤਾਂ ਤੇਰੀਆਂ 139
ਲੋਕ ਤੱਥ 140

## ਦਲਵੀਰ ਮਾਨ

ਦਾਜ 142
ਰੱਬ ਦਾ ਨਾਂਅ ਤੇ ਮਾਂ 144
ਜਿੰਦਗੀ 145
ਮਾਨ ਦਾ ਲਿਖਣਾ ਬਣਦਾ ਸੀ 146
ਗੋਲੀ ਬਿਨਾ ਕਦੇ ਹਥਿਆਰ ਚੱਲੇ ਨਾ 147
ਸਾਡੀ ਅੱਖੀਆਂ ਸਜੋਏ ਜਿਹੜੇ ਸੁਪਨੇ 148
ਵਿਰਲੇ ਈ ਯਾਰ ਦੇ ਨਸੀਬ ਵਿੱਚ ਹੁੰਦੇ ਆ 149
ਦਾਮਿਨੀ 150
ਟੈਕਸੀ ਤਾਂ ਜਾਨ ਜੱਟ ਦੀ 151
ਤੇਰਿਆਂ ਰਾਹਾਂ 'ਚ ਨਾਕਾ ਲਾਈ ਰੱਖਣਾ 152
ਪਿਆਰ 153
ਡਾਲਰ 154


Academy of the Punjab in North America - APNA: http://www.apnaorg.com

## ਸਾਂਈ

ਸਾਂਈ, ਓ ਸਾਂਈ
ਮੈਨੂੰ ਦਿਸਦੈਂ ਹਰ ਥਾਂਈ, ਮੈਥੋਂ ਦੂਰੀ ਨਾ ਪਾਈਂ
ਮੈਨੂੰ ਛੱਡ ਕੇ ਨਾ ਜਾਈਂ, ਸਾਂਈ, ਓ ਸਾਂਈ

ਤੇਰੇ ਚਰਨਾ ਦਾ ਪੁਜਾਰੀ, ਤੇਰੇ ਦਰ ਦਾ ਮੈਂ ਭਿਖਾਰੀ
ਤੇਰੀ ਸੂਰਤ ਏ ਪਿਆਰੀ, ਮੈਨੂੰ ਚੜ੍ਹ ਗਈ ਏ ਖੁਮਾਰੀ
ਮੇਰੇ ਵਸਦਾ ਏਂ ਸਾਂਹੀ, ਸਾਂਈ, ਓ ਸਾਂਈ

ਮੇਰੇ ਦਿਲ ਵਿੱਚ ਤੂੰ ਰਹਿੰਦਾ, ਦੁੱਖ ਆਪਣੇ ਤੇ ਸਹਿੰਦਾ
ਇੱਕ ਮਾਲਕ ਤੂੰ ਕਹਿੰਦਾ, ਮੇਰੇ ਅੰਗ ਸੰਗ ਏਂ ਬਹਿੰਦਾ
ਮੈਨੂੰ ਭੁੱਲਦਾ ਨੀ ਤਾਂ ਹੀ, ਸਾਂਈ, ਓ ਸਾਂਈ

ਇੱਕ ਅਰਜ਼ ਗੁਜ਼ਾਰਾਂ, ਤੈਨੂੰ ਖੜ ਕੇ ਪੁਕਾਰਾਂ
ਤੇਰੀ ਆਰਤੀ ਉਤਾਰਾਂ, ਮੈਨੂੰ ਲਾਵੀਂ ਨਾ ਤੂੰ ਲਾਰਾ
ਮੇਰੇ ਘਰ ਵੀ ਕਦੀ ਆਈਂ, ਸਾਂਈ, ਓ ਸਾਂਈ

ਸਦਾ ਸਿਰ ਨੂੰ ਝੁਕਾਵਾਂ, ਕਦੀ ਉੱਚਾ ਨਾ ਕਹਾਵਾਂ
ਸੱਚੇ ਮਾਰਗ ਤੇ ਜਾਂਵਾਂ, ਹਰ ਪਾਸੇ ਤੈਨੂੰ ਪਾਵਾਂ
ਮੇਰੀ ਹਸਤੀ ਨਾ ਭੁਲਾਈਂ, ਸਾਂਈ, ਓ ਸਾਂਈ

ਮੈਨੂੰ ਸਿਰੜੀ ਬੁਲਾਇਆ, ਖੁਦ ਗਲ ਦੇ ਨਾਲ ਲਾਇਆ
ਇਹ ਤੇਰੀ ਸਭ ਮਾਇਆ, "ਕੁਲਵਿੰਦਰ" ਨੇ ਗਾਇਆ
ਪੈਰ ਲੱਗ ਗਏ ਨੇ ਰਾਹੀਂ, ਸਾਂਈ, ਓ ਸਾਂਈ


Academy of the Punjab in North America - APNA: http://www.apnaorg.com

# ਸਿੱਖੀ ਦੀ ਸ਼ਾਨ ਏ ਖੰਡਾ

ਜਿੱਦਾਂ ਸਾਡੇ ਦੇਸ਼ ਦਾ ਝੰਡਾ, ਜਾਨੋਂ ਵੱਧ ਪਿਆਰਾ ਏ
ਸਿੱਖੀ ਦੀ ਸ਼ਾਨ ਏ ਖੰਡਾ, ਕੁਲ ਜੱਗ ਤੋਂ ਨਿਆਰਾ ਏ
ਸਿੱਖੀ ਦੀ ਸ਼ਾਨ ਏ ਖੰਡਾ.........

ਰੱਖਦੇ ਕਈ ਗਲ ਵਿੱਚ ਜੜ ਕੇ, ਕਈ ਗੱਡੀਆਂ ਵਿੱਚ ਲਟਕਾਉਂਦੇ
ਹੋ ਜਾਂਦਾ ਰੌਅਬ ਚੌਗਣਾ, ਜਦ ਨੇ ਦਸਤਾਰ ਤੇ ਲਾਉਂਦੇ
ਖੰਡੇ ਸਦਕਾ ਪਿਆ ਇੱਕ ਇੱਕ, ਸਵਾ ਲੱਖ ਤੇ ਭਾਰਾ ਏ
ਸਿੱਖੀ ਦੀ ਸ਼ਾਨ ਏ ਖੰਡਾ, ਕੁਲ ਜੱਗ ਤੋਂ ਨਿਆਰਾ ਏ
ਸਿੱਖੀ ਦੀ ਸ਼ਾਨ ਏ ਖੰਡਾ.........

ਡੌਲੇ ਦੇ ਉੱਤੇ ਵਹਿ ਜਾਏ, ਦਿੰਦਾ ਏ ਸ਼ੇਰ ਦਾ ਰੁਤਵਾ
ਦਿਲ ਵਿੱਚ ਜੇ ਵਸ ਜਾਏ ਕਿਧਰੇ, ਮੰਨਦਾ ਨੀ ਕੋਈ ਫਤਵਾ
ਉਹ ਤਾਂ ਫਿਰ ਕੌਮ ਦੀ ਖਾਤਰ, ਕਰਦਾ ਕੋਈ ਕਾਰਾ ਏ
ਸਿੱਖੀ ਦੀ ਸ਼ਾਨ ਏ ਖੰਡਾ, ਕੁਲ ਜੱਗ ਤੋਂ ਨਿਆਰਾ ਏ
ਸਿੱਖੀ ਦੀ ਸ਼ਾਨ ਏ ਖੰਡਾ.........

ਖੰਡੇ ਬਾਟੇ ਦਾ ਅੰਮ੍ਰਿਤ, ਬੰਦੇ ਨੂੰ ਸਿੰਘ ਸਜਾਵੇ
ਦੇਣ ਗੁਰੂ ਗੋਬਿੰਦ ਸਿੰਘ ਦੀ, ਚਿੜੀਆਂ ਤੋਂ ਬਾਜ਼ ਬਣਾਵੇ
ਜਪ ਲਓ ਇਸ ਨਾਮ ਬਿਨਾ ਨਾ, ਚੱਲਣਾ ਕੋਈ ਚਾਰਾ ਏ
ਸਿੱਖੀ ਦੀ ਸ਼ਾਨ ਏ ਖੰਡਾ, ਕੁਲ ਜੱਗ ਤੋਂ ਨਿਆਰਾ ਏ
ਸਿੱਖੀ ਦੀ ਸ਼ਾਨ ਏ ਖੰਡਾ.........


Academy of the Punjab in North America - APNA: http://www.apnaorg.com

## ਭਰਲੋ ਢਿੱਡ ਰੁੱਖੀ ਮਿੱਸੀ ਦਾ ਫਰਕ ਨਾ ਪੈਂਦਾ ਏ

ਦੋ ਨੰਬਰ ਦੀ ਗੱਡੀ ਤੋਂ, ਇੱਕ ਨੰਬਰ ਦਾ ਸਾਈਕਲ ਚੰਗਾ
ਪਰ ਇੱਕ ਨੰਬਰ ਵਿੱਚ ਜੀਂਦੇ ਨੂੰ, ਦੁਨੀਆਂ ਨੀ ਮੰਨਦੀ ਬੰਦਾ
ਸੱਚੇ ਨੂੰ ਕੀ ਡਰ, ਕਹੇ ਜੋ ਵੀ ਕੋਈ ਕਹਿੰਦਾ ਏ
ਭਰਲੋ ਢਿੱਡ ਰੁੱਖੀ ਮਿੱਸੀ ਦਾ ਫਰਕ ਨਾ ਪੈਂਦਾ ਏ

ਰਿਸ਼ਵਤ, ਧੋਖੇ ਦਾ ਧਨ ਕਿਸੇ ਵੀ ਕੰਮ ਨਾ ਆਉਂਦਾ ਏ
ਠੇਕੇ, ਥਾਣੇ ਜਾਂ ਡਾਕਟਰ ਦੇ ਚੱਕਰ ਲਵਾਉਂਦਾ ਏ
ਛੱਡ ਦੇਓ ਮਨ ਦੀ ਸੁਣਨੀ, ਕਰ ਲਓ ਦਿਲ ਜੋ ਕਹਿੰਦਾ ਏ
ਭਰਲੋ ਢਿੱਡ ਰੁੱਖੀ ਮਿੱਸੀ ਦਾ ਫਰਕ ਨਾ ਪੈਂਦਾ ਏ

ਦਗਾ ਕਿਸੇ ਨਾਲ ਕਰਕੇ ਉੱਪਰੋਂ ਹੱਸੀਏ ਪਰ ਰੂਹ ਰੋਵੇ
ਅਜ਼ਬ ਜਿਹਾ ਡਰ ਰਹਿੰਦਾ ਦਿਲ ਇੱਕ ਉਦਾਸੀ ਦੇ ਵਿੱਚ ਖੋਵੇ
ਨਾਲ ਮੇਰੇ ਨਾ ਹੋਜੇ ਇੰਝ, ਇਹ ਭੈਅ ਜਿਹਾ ਰਹਿੰਦਾ ਏ
ਭਰਲੋ ਢਿੱਡ ਰੁੱਖੀ ਮਿੱਸੀ ਦਾ ਫਰਕ ਨਾ ਪੈਂਦਾ ਏ

ਜੇ ਚੰਗਾ ਨਹੀਂ ਕੁਝ ਕਰਨਾ, ਮਾੜਾ ਵੀ ਕਿਉਂ ਤੱਕਣਾ ਏਂ
ਕੋਈ ਲੈ ਕੇ ਨਾਲ ਨੀ ਜਾਂਦਾ, ਸਭ ਨੇ ਜਾਣਾ ਸੱਖਣਾ ਏਂ
"ਕੁਲਵਿੰਦਰ" ਚੜਦਾ ਰੰਗ ਉਹੋ, ਜਿਹੇ ਵਿੱਚ ਕੋਈ ਬਹਿੰਦਾ ਏ
ਭਰਲੋ ਢਿੱਡ ਰੁੱਖੀ ਮਿੱਸੀ ਦਾ ਫਰਕ ਨਾ ਪੈਂਦਾ ਏ


Academy of the Punjab in North America - APNA: http://www.apnaorg.com

# ਦੁੱਖਾਂ ਨਾਲ ਭਰਿਆ ਜਹਾਨ ਏਂ,
# ਏ ਸੁੱਖ ਤੇਰਾ ਨਾਮ ਮਾਲਕਾ

ਜੀਣ ਦਾ ਨਾ ਹੱਜ ਅਸੀਂ ਧੱਕੇ ਨਾਲ ਜੀਨੇ ਆਂ
ਵੱਖ ਵੱਖ ਗਮਾ ਵਾਲੇ ਜ਼ਹਿਰ ਅਸੀਂ ਪੀਨੇ ਆਂ
ਜਦ ਵੀ ਦੁਆਰੇ ਤੇਰੇ ਆ ਜਈਏ, ਸੌਖੀ ਹੋ ਜੇ ਜਾਨ ਮਾਲਕਾ
ਦੁੱਖਾਂ ਨਾਲ ਭਰਿਆ ਜਹਾਨ ਏਂ, ਏ ਸੁੱਖ ਤੇਰਾ ਨਾਮ ਮਾਲਕਾ

ਬਾਣੀ ਵਿੱਚ ਵਲ ਤੁਸੀਂ ਜੀਣ ਦੇ ਸਿਖਾ ਤੇ ਆ
ਸਵਰਗਾਂ ਨੂੰ ਜਾਣ ਵਾਲੇ ਮਾਰਗ ਦਿਖਾ ਤੇ ਆ
ਸੱਚ ਮਰਨਾ ਤੇ ਝੂਠ ਨਾਮ ਜੀਣ ਦਾ, ਨਾ ਜਿਉਂਦੇ ਜੀਅ ਆਰਾਮ ਮਾਲਕਾ
ਦੁੱਖਾਂ ਨਾਲ ਭਰਿਆ ਜਹਾਨ ਏਂ, ਏ ਸੁੱਖ ਤੇਰਾ ਨਾਮ ਮਾਲਕਾ

ਕਰ ਕੇ ਰਹਿਮ ਠੱਲ੍ਹ, ਜ਼ੁਲਮਾਂ ਨੂੰ ਪਾ ਦਿਓ
ਪੱਥਰਾਂ ਦੇ ਸੀਨੇ 'ਚ ਵੀ, ਦਿਲ ਨੂੰ ਹਿਲਾ ਦਿਓ
ਬੰਦਾ, ਬੰਦੇ ਉਤੇ ਕਰ ਲਏ ਤਰਸ, ਨਾ ਕਤਲ ਹੋਣ ਆਮ ਮਾਲਕਾ
ਦੁੱਖਾਂ ਨਾਲ ਭਰਿਆ ਜਹਾਨ ਏਂ, ਏ ਸੁੱਖ ਤੇਰਾ ਨਾਮ ਮਾਲਕਾ

ਭੁੱਲਾਂ ਬਖਸ਼ਾ ਲੈ ਅਸੀਂ, ਕੀਤੇ ਬੜੇ ਪਾਪ ਨੇ
ਸਭ ਨੂੰ ਬਚਾਉਣਾ ਦਾਤਾ, ਬਸ ਤੇਰੇ ਜਾਪ ਨੇ
"ਕੁਲਵਿੰਦਰ" ਜਿਹੇ ਚਰਨਾ ਨਾ ਜੁੜ ਕੇ, ਜਪਣ ਸੁਭਾ ਸ਼ਾਮ ਮਾਲਕਾ
ਦੁੱਖਾਂ ਨਾਲ ਭਰਿਆ ਜਹਾਨ ਏਂ, ਏ ਸੁੱਖ ਤੇਰਾ ਨਾਮ ਮਾਲਕਾ


Academy of the Punjab in North America - APNA: http://www.apnaorg.com

# ਹੁੰਦਾ ਰੱਬ ਏ ਸਿੱਧਿਆਂ ਦਾ

ਅਸੀਂ ਬੰਦੇ ਦੇਸੀ ਹਾਂ, ਪਰ ਨਾ ਦਿਲ ਵਿੱਚ ਪਾਪ ਲਕੋਇਆ
ਬੜੇ ਧੋਖੇ ਨੇ ਖਾਧੇ, ਜ਼ਿੰਦਗੀ ਵਿੱਚ ਬੜਾ ਕੁਝ ਖੋਇਆ
ਉਹ ਔਖਾ ਪਚਦਾ ਏ ਜਿਹੜਾ, ਹੱਕ ਬਿਨਾ ਤੂੰ ਖਾਂਵੇ
ਹੁੰਦਾ ਰੱਬ ਏ ਸਿੱਧਿਆਂ ਦਾ, ਨੀ ਕਿਉਂ ਇਸ ਗੱਲ ਨੂੰ ਤੂੰ ਭੁੱਲ ਜਾਂਵੇ

ਬੰਦਾ ਕਾਸੇ ਜੋਗਾ ਨਹੀਂ, ਪੈਂਦਾ ਰਜ਼ਾ ਓਹਦੀ ਵਿੱਚ ਰਹਿਣਾ
ਘੜ੍ਹਤਾਂ ਜੋ ਵੀ ਘੜ੍ਹ ਲਏ, ਆਖਿਰ ਮੰਨਣਾ ਭਾਣਾ ਪੈਣਾ
ਤੂੰ ਬਣਦੀ ਚੁਸਤ ਫਿਰੇਂ, ਗੱਲ ਗੱਲ ਤੇ ਯਾਰ ਅਜ਼ਮਾਵੇਂ
ਹੁੰਦਾ ਰੱਬ ਏ ਸਿੱਧਿਆਂ ਦਾ, ਨੀ ਕਿਉਂ ਇਸ ਗੱਲ ਨੂੰ ਤੂੰ ਭੁੱਲ ਜਾਂਵੇ

ਇਹ ਇਸ਼ਕ ਵਪਾਰ ਨਹੀਂ, ਪਿਆਰ ਨਾ ਹੱਟੀਆਂ ਤੇ ਮੁੱਲ ਮਿਲਦਾ
ਐਸਾ ਯਾਰ ਮੰਗੋ ਰੱਬ ਤੋਂ, ਕਾਲਾ ਹੋਵੇ ਨਾ ਜੋ ਦਿਲ ਦਾ
ਮਿੱਟੀ ਦੀਆਂ ਸ਼ਕਲਾਂ ਨੇ, ਜਿਸ ਨੂੰ ਐਨਾਂ ਤੂੰ ਲਿਸ਼ਕਾਵੇ
ਹੁੰਦਾ ਰੱਬ ਏ ਸਿੱਧਿਆਂ ਦਾ, ਨੀ ਕਿਉਂ ਇਸ ਗੱਲ ਨੂੰ ਤੂੰ ਭੁੱਲ ਜਾਂਵੇ

ਹੁੰਦੇ ਗਹਿਣਾ ਜ਼ਿੰਦਗੀ ਦਾ, ਇੱਜ਼ਤ, ਅਣਖ ਅਤੇ ਸਰਦਾਰੀ
ਕੀ ਬਹੁਤਿਆਂ ਵਿੱਚ ਰੱਖਿਆ, ਕਾਫੀ ਹੁੰਦੀ ਇੱਕ ਦੀ ਯਾਰੀ
ਕਹਿਤੀ "ਕੁਲਵਿੰਦਰ" ਨੇ, ਸੱਚੀ ਗੱਲ ਸਮਝ ਜੇ ਪਾਵੇਂ
ਹੁੰਦਾ ਰੱਬ ਏ ਸਿੱਧਿਆਂ ਦਾ, ਨੀ ਕਿਉਂ ਇਸ ਗੱਲ ਨੂੰ ਤੂੰ ਭੁੱਲ ਜਾਂਵੇ



Academy of the Punjab in North America - APNA: http://www.apnaorg.com

# ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ

ਗੱਲ ਕੁਰਬਾਨੀਆਂ ਦੀ ਕੋਹਾਂ ਦੂਰ ਚੱਲ ਗਈ
ਸੱਚੀ ਸੁੱਚੀ ਸੋਚ ਵੀ ਸ਼ੈਤਾਨਾ ਨਾਲ ਰਲ ਗਈ
ਕੁਦਰਤ ਵੱਲੋਂ ਜਿਹੜੀ ਪੈਂਦੀ ਸੀਗੀ ਸਾਂਝ,
ਨਵੇਂ ਓਹ ਜਮਾਨੇ ਵਾਲਾ ਬਾਜ਼ ਲੈ ਗਿਆ
ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ,
ਰੂਹਾਂ ਵਾਲਾ ਮੇਲ ਹੁਣ ਕਿੱਥੇ ਰਹਿ ਗਿਆ

ਕਿਤਾਬਾਂ ਵਿੱਚ ਬਸ ਹੀਰ ਰਾਂਝੇ ਦੀ ਕਹਾਣੀ ਏਂ
ਭੋਲੀ ਭਾਲੀ ਅੱਖ 'ਚ ਵੀ ਝੂਠਾ ਮੂਠਾ ਪਾਣੀ ਏਂ
ਕਿਥੋਂ ਲੱਭ ਲਈਏ ਹੁਣ ਉਮਰਾਂ ਦਾ ਸਾਥ,
ਚੜ੍ਹਦੀ ਜਵਾਨੀ ਹੀ ਵਿਛੋੜਾ ਪੈ ਗਿਆ
ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ,
ਰੂਹਾਂ ਵਾਲਾ ਮੇਲ ਹੁਣ ਕਿੱਥੇ ਰਹਿ ਗਿਆ

ਦਾਜ਼ ਵਿੱਚ ਲੈਂਦੇ ਮੂੰਹੋਂ ਮੰਗਕੇ ਨੇ ਗੱਡੀਆਂ
ਕੁੜੀ ਦਾ ਪਿਉ ਭਾਂਵੇ ਵੇਚ ਦੇਵੇ ਹੱਡੀਆਂ
ਨਿੱਕੀ ਨਿੱਕੀ ਗੱਲ ਉੱਤੇ ਹੁੰਦੇ ਨੇ ਤਲਾਕ,
ਜਨਮਾਂ ਦਾ ਸਾਥੀ ਹੋ ਕੇ ਕੱਲਾ ਬਹਿ ਗਿਆ
ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ,
ਰੂਹਾਂ ਵਾਲਾ ਮੇਲ ਹੁਣ ਕਿੱਥੇ ਰਹਿ ਗਿਆ

ਪੈਸੇ ਨਾਲ ਵੇਖੇ ਲੋਕੀ ਇੱਜ਼ਤ ਨੂੰ ਤੋਲਦੇ
ਸਿੱਧੇ ਮੂੰਹ ਦੇ ਨਾਲ ਨਾ ਗਰੀਬਾਂ ਨਾਲ ਬੋਲਦੇ
ਮਿਹਨਤ ਦੇ ਉੱਤੋਂ ਉੱਠੀ ਜਾਂਦਾ ਵਿਸ਼ਵਾਸ,
ਗੱਲ "ਕੁਲਵਿੰਦਰ" ਇਹ ਸੱਚੀ ਕਹਿ ਗਿਆ
ਸ਼ਕਲਾਂ ਨੂੰ ਵੇਖ ਲੋਕੀ ਕਰਦੇ ਪਿਆਰ,
ਰੂਹਾਂ ਵਾਲਾ ਮੇਲ ਹੁਣ ਕਿੱਥੇ ਰਹਿ ਗਿਆ



Academy of the Punjab in North America - APNA: http://www.apnaorg.com

# ਹਾਲਾਤ ਜਿੱਦਾਂ ਦੇ ਮਰਜੀ, ਖੁਸ਼ ਤਾਂ ਰਹਿਣਾ ਪੈਂਦਾ ਏ

ਜਿੰਦਗੀ ਵਿੱਚ ਕਦੀ ਐਸਾ ਦੁੱਖ ਵੀ, ਜਰਨਾ ਪੈ ਜਾਂਦਾ
ਜੋ ਸੋਚਿਆ ਵੀ ਨਹੀਂ, ਓਹ ਕੰਮ ਵੀ ਏ ਕਰਨਾ ਪੈ ਜਾਂਦਾ
ਕਿਤੇ ਦੂਜੇ ਦੀ ਗਲਤੀ ਦਾ ਦੁੱਖ ਵੀ ਸਹਿਣਾ ਪੈਂਦਾ ਏ
ਹਾਲਾਤ ਜਿੱਦਾਂ ਦੇ ਮਰਜੀ, ਖੁਸ਼ ਤਾਂ ਰਹਿਣਾ ਪੈਂਦਾ ਏ

ਅਕਸਰ ਹੀ ਜੋ ਚਾਹੀਏ ਸਾਨੂੰ, ਮਿਲ ਤਾਂ ਜਾਂਦਾ ਨਹੀਂ
ਕਰਮਾਂ ਦਾ ਹੀ ਮਿਲਦਾ, ਕੋਈ ਕਿਸੇ ਦਾ ਖਾਂਦਾ ਨਹੀਂ
ਚਲੋ ਰੱਬ ਏਸੇ ਵਿੱਚ ਰਾਜ਼ੀ ਸੀ ਹੱਸ ਕਹਿਣਾ ਪੈਂਦਾ ਏ
ਹਾਲਾਤ ਜਿੱਦਾਂ ਦੇ ਮਰਜੀ, ਖੁਸ਼ ਤਾਂ ਰਹਿਣਾ ਪੈਂਦਾ ਏ

ਕਿਸਮਤ ਤੇ ਨਾ ਛੱਡੋ ਕੁਝ, ਨਾ ਹਾਰ ਕਦੀ ਮੰਨੋ
ਚੰਗੇ ਕੰਮ ਨੂੰ ਕਰਨ ਵੇਲੇ ਕਤਰਾਓ ਨਾ ਕੰਨੋਂ
ਫਲ ਦੇਣਾ ਕੰਮ ਰੱਬ ਦਾ ਜੋ ਵੀ ਲੈਣਾ ਪੈਂਦਾ ਏ
ਹਾਲਾਤ ਜਿੱਦਾਂ ਦੇ ਮਰਜੀ, ਖੁਸ਼ ਤਾਂ ਰਹਿਣਾ ਪੈਂਦਾ ਏ

ਬੜੇ ਉਤਰਾ ਚੜਾਵ ਨੇ ਜਿੰਦਗੀ ਵਿੱਚ ਅੱਗੇ ਆਉਂਦੇ
'ਕੁਲਵਿੰਦਰ' ਚੰਗੇ ਰਹਿੰਦੇ ਓਹ, ਜੋ ਦਿਲ ਤੇ ਨਹੀਂ ਲਾਉਂਦੇ
ਭਾਂਵੇ ਛੱਡ ਗਏ ਸੱਜਣਾ ਦੇ ਰਾਹ ਵਿੱਚ ਬਹਿਣਾ ਪੈਂਦਾ ਏ
ਹਾਲਾਤ ਜਿੱਦਾਂ ਦੇ ਮਰਜੀ, ਖੁਸ਼ ਤਾਂ ਰਹਿਣਾ ਪੈਂਦਾ ਏ


Academy of the Punjab in North America - APNA: http://www.apnaorg.com

# ਘਾਟੇ ਵਾਧੇ ਜਿੰਦਗੀ ਦਾ ਨਾਂਅ ਦੋਸਤਾ

ਕਾਹਤੋਂ ਘਬਰਾਵੇਂ
ਐਵੇਂ ਦਿਲ ਛੱਡ ਜਾਵੇਂ
ਉੱਤੇ ਰੱਬ ਦੀ ਐ ਤੇਰੇ ਠੰਡੀ ਛਾਂ ਦੋਸਤਾ
ਘਾਟੇ ਵਾਧੇ ਜਿੰਦਗੀ ਦਾ ਨਾਂਅ ਦੋਸਤਾ

ਨਿੱਕੀ ਨਿੱਕੀ ਗੱਲ ਉੱਤੇ, ਫਿਰੇਂ ਮੌਤ ਤੱਕਦਾ
ਮਰ ਕੇ ਵੀ ਕੋਈ ਦੁੱਖਾਂ, ਤੋਂ ਨਾ ਬਚਦਾ
ਘਰ ਸੁੱਖਾਂ ਦਾ ਏ ਨਾਮ ਵਾਲੀ ਥਾਂ ਦੋਸਤਾ
ਘਾਟੇ ਵਾਧੇ ਜਿੰਦਗੀ ਦਾ ਨਾਂਅ ਦੋਸਤਾ

ਸਦਾ ਕਿਸੇ ਉੱਤੇ ਰਹਿੰਦੇ, ਮਾੜੇ ਨਹੀਂਓ ਦਿਨ
ਗੱਲ ਇੰਨੀ ਏਂ ਕਿ ਮਾੜਿਆਂ ਨੂੰ, ਲਈਏ ਅਸੀਂ ਗਿਣ
ਮਾਣੇ ਸੁੱਖ ਕਰ ਦੁੱਖ ਨੂੰ ਵੀ ਹਾਂ ਦੋਸਤਾ
ਘਾਟੇ ਵਾਧੇ ਜਿੰਦਗੀ ਦਾ ਨਾਂਅ ਦੋਸਤਾ

ਕਰੋ ਸੇਵਾ ਜੇ ਮਿਟਾਉਂਣੇ ਤੁਸੀਂ, ਚਾਹੁੰਦੇ ਕੀਤੇ ਪਾਪ
ਜਾਣਾ ਦੂਰ ਨੀ ਕਿਤੇ ਵੀ, ਘਰ ਵਿੱਚ ਮਾਂ ਤੇ ਬਾਪ
ਬਿਨਾ ਲਾਲਚ ਦੇ ਕਰੇਂ ਲੱਗੂ ਤਾਂ ਦੋਸਤਾ
ਘਾਟੇ ਵਾਧੇ ਜਿੰਦਗੀ ਦਾ ਨਾਂਅ ਦੋਸਤਾ



Academy of the Punjab in North America - APNA: http://www.apnaorg.com

# ਲਾਡ ਭੈਣਾ ਦਾ ਪਾਉਣ ਲਈ, ਦਿਲ ਬਚਪਨ ਸੱਦਦਾ ਏ

ਭਾਂਵੇ ਨੇ ਲੱਖ ਰਿਸ਼ਤੇ ਇਸਦੀ ਕੋਈ ਨਾ ਥਾਂ ਰੋਕੇ
ਰੱਖੜੀ ਬਿਨ ਕੀ ਹੋਰ ਜੋ ਆ ਕੇ ਵੀਰ ਦੀ ਬਾਂਹ ਰੋਕੇ
ਕਦ ਪਿਆਰ ਉਹਨਾਂ ਦਾ ਭਾਈਆਂ ਨੂੰ, ਕਿਸੇ ਕੋਲੋਂ ਲੱਭਦਾ ਏ
ਲਾਡ ਭੈਣਾ ਦਾ ਪਾਉਣ ਲਈ, ਦਿਲ ਬਚਪਨ ਸੱਦਦਾ ਏ

ਗੋਦੀ ਦੇ ਵਿੱਚ ਪਾ ਕੇ ਗੋਡਾ ਕਿਵੇਂ ਹਿਲਾਉਂਦੀ ਸੀ
ਸਵਰਗ ਨਾਲੋਂ ਵੀ ਵਧ ਕੇ ਵਧੀਆ ਨੀਂਦਰ ਆਉਂਦੀ ਸੀ
ਨਾ ਚੈਨ ਓਹ ਦਿਲ ਨੂੰ ਮਿਲਿਆ, ਹੋਇਆ ਵੱਡਾ ਜਦਦਾ ਏ
ਲਾਡ ਭੈਣਾ ਦਾ ਪਾਉਣ ਲਈ, ਦਿਲ ਬਚਪਨ ਸੱਦਦਾ ਏ

ਮਾਂ ਬਾਪ ਵੀ ਚੇਤੇ ਰਹਿੰਦੇ ਨਾ, ਜਦ ਸਾਥ ਓਹਨਾ ਦਾ ਸੀ
ਜਗਦਾ ਸੀ ਘਰ ਜਿਉਂ ਬਿਜਲੀ, ਪਰਤਾਪ ਓਹਨਾ ਦਾ ਸੀ
ਸਹੁਰੇ ਤੋਰਨ ਪਿੱਛੋਂ, ਦੀਪ ਮਿਲਣ ਦਾ ਜਗਦਾ ਏ
ਲਾਡ ਭੈਣਾ ਦਾ ਪਾਉਣ ਲਈ, ਦਿਲ ਬਚਪਨ ਸੱਦਦਾ ਏ

ਨਿੱਕੀਆਂ ਨਿੱਕੀਆਂ ਖੇਡਾਂ ਅੱਜ ਵੀ ਦਿਲ ਤੇ ਛਾਈਆਂ ਨੇ
ਸੀ ਫੁੱਲਾਂ ਵਾਂਗੂ ਰੱਖਿਆ ਮੈਨੂੰ, ਮਾਂ ਦੀਆਂ ਜਾਈਆਂ ਨੇ
'ਕੁਲਵਿੰਦਰ' ਵਧਦਾ ਦੁੱਖਾਂ ਵੱਲ, ਇਨਸਾਨ ਜਿਉਂ ਵਧਦਾ ਏ
ਲਾਡ ਭੈਣਾ ਦਾ ਪਾਉਣ ਲਈ, ਦਿਲ ਬਚਪਨ ਸੱਦਦਾ ਏ


Academy of the Punjab in North America - APNA: http://www.apnaorg.com

# ਮੈਂ ਵੇਚ ਜਵਾਨੀ ਲੈ ਆਵਾਂ, ਜੇ ਬਚਪਨ ਮੁੱਲ ਮਿਲ ਜਾਵੇ

ਨਿੱਕੇ ਹੁੰਦੇ ਕਰੀਆਂ ਇੱਲਤਾਂ, ਭੁੱਲਦੀਆਂ ਨਾ ਹੁਣ ਤਾਂਈ
ਇੱਕਠੇ ਨੱਚਦੇ, ਟੱਪਦੇ, ਹੱਸਦੇ, ਫਿਰਦੇ ਸਾਂ ਚਾਂਈ ਚਾਂਈ
ਬੇਫ਼ਿਕਰੀ ਨੀਂਦਰ ਸੁੱਤਿਆਂ ਨੂੰ, ਜੋ ਮਰਜ਼ੀ ਆਣ ਜਗਾਵੇ
ਮੈਂ ਵੇਚ ਜਵਾਨੀ ਲੈ ਆਵਾਂ, ਜੇ ਬਚਪਨ ਮੁੱਲ ਮਿਲ ਜਾਵੇ

ਗੁੱਸਾ ਸੀ ਆਉਂਦਾ ਓਦੋਂ ਵੀ, ਬਸ ਟੌਫੀ ਤੇ ਮੰਨ ਜਾਂਦੇ ਸਾਂ
ਨਾ ਜੂਠ ਜਾਠ ਦਾ ਚੱਕਰ ਸੀ, ਜੀਹਦੇ ਨਾਲ ਮਰਜ਼ੀ ਖਾਂਦੇ ਸਾਂ
ਉਂਗਲੀ ਫੜ ਤੁਰਲਾਂ ਮੰਮੀ ਦੀ, ਜੀਅ ਕਰਦਾ ਫੇਰ ਸਿਖਾਵੇ
ਮੈਂ ਵੇਚ ਜਵਾਨੀ ਲੈ ਆਵਾਂ, ਜੇ ਬਚਪਨ ਮੁੱਲ ਮਿਲ ਜਾਵੇ

ਫਿਕਰ ਕੀ ਹੁੰਦਾ ਪਤਾ ਨਾ ਸੀ, ਨਾ ਡਰ ਸੀ ਧੋਖੇ ਦਾ
ਚੇਤਾ ਭੁੱਲ ਕੇ ਵੀ ਨਹੀਂ ਭੁੱਲਦਾ, ਐਸੇ ਸਮੇਂ ਅਨੋਖੇ ਦਾ
ਸਕੂਲ ਪਹਿਲੇ ਦੀ ਝਾਤੀ ਹੀ, ਮੁੱਖ ਫੁੱਲਾਂ ਵਾਂਗ ਖਿਲਾਵੇ
ਮੈਂ ਵੇਚ ਜਵਾਨੀ ਲੈ ਆਵਾਂ, ਜੇ ਬਚਪਨ ਮੁੱਲ ਮਿਲ ਜਾਵੇ

ਵੱਸ ਚਲਦਾ ਜੇ ਉਮਰ ਤੇ, ਕਦੀ ਵੀ ਵੱਡੇ ਹੁੰਦੇ ਨਾ
ਉਹ ਖੇਡਾਂ ਅਤੇ ਖਿਡਾਉਣੇ, ਕਦੀ ਵੀ ਛੱਡੇ ਹੁੰਦੇ ਨਾ
ਬੱਚਿਆਂ ਵਿੱਚ ਰੱਬ ਵਸਦਾ, ਸੱਚ "ਕੁਲਵਿੰਦਰ" ਆਖ ਸੁਣਾਵੇ
ਮੈਂ ਵੇਚ ਜਵਾਨੀ ਲੈ ਆਵਾਂ ਜੇ ਬਚਪਨ ਮੁੱਲ ਮਿਲ ਜਾਵੇ


Academy of the Punjab in North America - APNA: http://www.apnaorg.com

## ਤਾਂ ਹੀ ਦੁਨੀਆਂ ਜੰਮਣ ਤੋਂ ਡਰਦੀ,

ਕਦੀ ਆਪਣੀਆਂ ਬਣ ਨਾ ਆਈਆਂ
ਇਹੇ ਜੰਮਦੀਆਂ ਹੋਣ ਪਰਾਈਆਂ
ਵਜਾ ਕੇ ਸ਼ਹਿਨਾਈਆਂ, ਛੁਡਾ ਜਾਣ ਖਹਿੜਾ ਬਾਬੁਲਾ
ਤਾਂ ਹੀ ਦੁਨੀਆਂ ਜੰਮਣ ਤੋਂ ਡਰਦੀ, ਧੀਆਂ ਦਾ ਦੁੱਖ ਭੈੜਾ ਬਾਬੁਲਾ

ਨਿੱਕੀ ਹੁੰਦੀ ਦੀਆਂ ਗੱਲਾਂ ਚੇਤੇ ਕਰਕੇ
ਹੱਥਾਂ ਵਿੱਚ ਤੂੰ ਖਿਡਾਉਣਿਆਂ ਨੂੰ ਫੜ ਕੇ
ਸੀ ਖੇਡੀ ਮੋਢੇ ਚੜ੍ਹ ਕੇ, ਏ ਕੀਤਾ ਖਾਲੀ ਵੇਹੜਾ ਬਾਬੁਲਾ
ਤਾਂ ਹੀ ਦੁਨੀਆਂ ਜੰਮਣ ਤੋਂ ਡਰਦੀ, ਧੀਆਂ ਦਾ ਦੁੱਖ ਭੈੜਾ ਬਾਬੁਲਾ

ਤੰਗ ਕਰਦੇ ਦਾਜ਼ ਦੇ ਲੋਭੀ
ਤੇਰੀ ਕਿਰਤ ਨਾ ਪੂਰੇ ਜੋਗੀ
ਉਮਰ ਕੈਸੀ ਭੋਗੀ, ਕਾਹਦਾ ਸੀ ਸਾਡਾ ਪੈੜਾ ਬਾਬੁਲਾ
ਤਾਂ ਹੀ ਦੁਨੀਆਂ ਜੰਮਣ ਤੋਂ ਡਰਦੀ, ਧੀਆਂ ਦਾ ਦੁੱਖ ਭੈੜਾ ਬਾਬੁਲਾ

ਗੱਲ ਸੁਣ ਲੈ ਤੂੰ ਵੀ ਸਰਕਾਰੇ
ਕੁਝ ਸੋਚ ਲੈ ਕੁੜੀਆਂ ਬਾਰੇ
ਨਹੀਂ ਤਾਂ ਪੈਣੇ ਭਾਰੇ, ਏ ਦੌਰ ਚੱਲੇ ਜਿਹੜਾ ਬਾਬੁਲਾ
ਤਾਂ ਹੀ ਦੁਨੀਆਂ ਜੰਮਣ ਤੋਂ ਡਰਦੀ, ਧੀਆਂ ਦਾ ਦੁੱਖ ਭੈੜਾ ਬਾਬੁਲਾ


Academy of the Punjab in North America - APNA: http://www.apnaorg.com

# ਮੈਨੂੰ ਜੰਮਣ ਤੋਂ ਵੀ ਪਹਿਲਾਂ ਪਈਆਂ ਮਾਰਾਂ ਨੀ

ਕਦਮਾ ਨਾਲ ਕਦਮ ਮਿਲਾ ਕੇ ਤੇਰੇ ਚੱਲਾਂਗੀ,
ਮੈਨੂੰ ਮਾਰੀ ਨਾ ਤੂੰ ਅੰਮੀਏ ਅਰਜ਼ ਗੁਜ਼ਾਰਾਂ ਨੀ।
ਲੋਕੀ ਤਾਂ ਖਾਂਦੇ ਵੱਡੇ ਹੋ ਕੇ ਲੋਕਾਂ ਤੋਂ,
ਮੈਨੂੰ ਜੰਮਣ ਤੋਂ ਵੀ ਪਹਿਲਾਂ ਪਈਆਂ ਮਾਰਾਂ ਨੀ।

ਬਾਬੁਲ ਮੇਰਿਆ ਸੁਣ ਲੈ ਕਿਉਂ ਨਾ ਬੋਲੇਂ ਤੂੰ,
ਤੂੰ ਜਿਵੇਂ ਕਹੇਂਗਾ ਹੁਕਮ ਮੈਂ ਤੇਰਾ ਮੰਨਾਗੀ।
ਤੇਰੀ ਪੱਤ ਹਮੇਸ਼ਾਂ ਰਹੂ ਸਲਾਮਤ ਜੱਗ ਉੱਤੇ,
ਐਸੇ ਫਖ਼ਰ ਦੇ ਲੜ ਨਾਲ ਸਿਰ ਤੇ ਤੇਰੇ ਬੰਨ੍ਹਾਂਗੀ।

ਵੀਰ ਮੇਰਾ ਦੋ ਸਾਲਾਂ ਦਾ ਮੈਂ ਵੇਖਣਾ ਏਂ,
ਕਹੇ ਦੀਦੀ ਮੈਨੂੰ, ਰੱਬ ਨੂੰ ਸੀ ਫਰਿਆਦ ਕਰੀ।
ਸੁੱਖਾਂ ਦੇ ਨਾਲ ਹਾਂ ਭੈਣ ਮੈਂ ਓਹਦੀ ਬਣਨ ਲੱਗੀ,
ਰੁਲ ਸੁਪਨੇ ਗਏ ਜਦ ਘੜੀ ਸਕੈਨ ਦੀ ਯਾਦ ਕਰੀ।

ਤਰਸ ਤੂੰ ਹੀ ਮੇਰੇ ਉੱਤੇ ਕਰਲੈ ਡਾਕਟਰਾ ਵੇ,
ਦੁੱਖਾਂ ਦੀ ਮਾਰੀ ਨਿੱਕੀ ਧੀ ਧਿਆਣੀ ਹਾਂ।
ਪੈਸੇ ਮਿਲ ਜਾਣੇ ਤੈਨੂੰ, ਹੋਰ ਨੇ ਰੋਗ ਬੜੇ,
ਹਾਲੇ ਤਾਂ ਮੈਂ ਚੰਦਰਿਆ ਬੜੀ ਨਿਆਣੀ ਹਾਂ।



Academy of the Punjab in North America - APNA: http://www.apnaorg.com

# ਸਹੁਰੇ ਘਰ ਤੈਨੂੰ ਤੋਰ ਕੇ ਰੋਵਾਂ

ਪੁੱਤਾਂ ਵਾਂਗੂ ਪਾਲ ਕੇ ਧੀਏ, ਤੈਨੂੰ ਲਾਡ ਲਡਾਏ
ਹੋਈ ਜਦ ਜਵਾਨ ਤੂੰ ਛੱਡ ਕੇ ਤੁਰ ਗਈ ਘਰ ਪਰਾਏ
ਮੋਢਿਆਂ ਉੱਤੇ ਖੇਡੀ ਚੜ੍ਹ ਕੇ, ਚੇਤੇ ਪਲ ਬੜੇ ਆਉਣੇ
ਸਹੁਰੇ ਘਰ ਤੈਨੂੰ ਤੋਰ ਕੇ ਰੋਵਾਂ, ਤੱਕ ਕੇ ਖੇਡ ਖਿਡਾਉਣੇ

ਬਸਤਾ ਸੁੱਟ ਸਕੂਲ ਵਾਲਾ, ਮੇਰੇ ਆ ਗੋਦੀ ਵਿੱਚ ਬਹਿਣਾ
ਬੜੀ ਲੱਗੀ ਮੈਨੂੰ ਭੁੱਖ ਏ ਅੰਮੀਏਂ, ਮਾਂ ਆਪਣੀ ਨੂੰ ਕਹਿਣਾ
ਸੰਗਦੀ ਰਹਿਣਾ ਘਰ ਆਪਣੇ ਵਿੱਚ ਆਉਣੇ ਜਦ ਪ੍ਰਾਹੁਣੇ
ਸਹੁਰੇ ਘਰ ਤੈਨੂੰ ਤੋਰ ਕੇ ਰੋਵਾਂ, ਤੱਕ ਕੇ ਖੇਡ ਖਿਡਾਉਣੇ

ਅੱਧੀ ਰਾਤ ਮੂੰਹ ਕੋਲੇ ਕਰਕੇ, ਘੁਸਰ ਮੁਸਰ ਸੀ ਕਰਦੀ
ਕਿਤਾਬ ਮੂੰਹ ਤੇ ਰੱਖ ਕੇ ਸੌਂ ਜਾਂਦੀ, ਹੁੰਦੀ ਸੀ ਜਦ ਪੜ੍ਹਦੀ
ਚੁੱਲ੍ਹਾ ਚੌਂਕਾ ਯਾਦ ਹੋਊ ਤੈਨੂੰ, ਘਰ ਦੇ ਕੰਮ ਮੁਕਾਉਣੇ
ਸਹੁਰੇ ਘਰ ਤੈਨੂੰ ਤੋਰ ਕੇ ਰੋਵਾਂ, ਤੱਕ ਕੇ ਖੇਡ ਖਿਡਾਉਣੇ

ਧੀਆਂ ਵਾਲਾ ਬਾਪ ਹਮੇਸ਼ਾਂ, ਰਹਿੰਦਾ ਸੋਚੀਂ ਘਿਰਿਆ
ਡੋਲੀ ਵਾਲੀ ਕਾਰ ਬਿਠਾ ਕੇ, ਜਾਂਦਾ ਨਹੀਂ ਸੀ ਵਿਰਿਆ
ਦਿਲ ਵਿੱਚ ਰਹਿ ਗਏ ਦੱਬੇ ਸਾਰੇ, ਜੋ ਮੈਂ ਚਾਅ ਸੀ ਲਾਓਣੇ
ਸਹੁਰੇ ਘਰ ਤੈਨੂੰ ਤੋਰ ਕੇ ਰੋਵਾਂ, ਤੱਕ ਕੇ ਖੇਡ ਖਿਡਾਉਣੇ


Academy of the Punjab in North America - APNA: http://www.apnaorg.com

# ਮਾਏ ਨੀ ਮਾਏ

ਮੈਨੂੰ ਪਾਲਿਆ ਤੇ ਸਹੁਰੇ ਦਿੱਤਾ ਤੋਰ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ
ਤੈਨੂੰ ਭੋਰਾ ਵੀ ਨਾ ਜਾਪੀ ਮੇਰੀ ਲੋੜ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ,

ਬਚਪਨ ਬੀਤਿਆ ਸੀ ਤੇਰੇ ਨਾਲ ਮੇਰਾ,
ਇੱਕ ਇੱਕ ਪਲ ਚੇਤੇ ਬੜਾ ਆਂਵਦਾ
ਪੇਕੇ ਘਰ ਵਾਲਾ ਸੁੱਖ ਮਿਲਦਾ ਨੀ ਕਿਤੇ,
ਰੱਬ ਭਾਂਵੇ ਜਿੱਥੇ ਵੀ ਲੈ ਜਾਂਵਦਾ
ਪਿਆਰ ਪਾ ਕੇ ਇੰਨਾ ਦਿੱਤਾ ਕਿਉਂ ਵਿਛੋੜ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ,
ਤੈਨੂੰ ਭੋਰਾ ਵੀ ਨਾ ਜਾਪੀ ਮੇਰੀ ਲੋੜ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ,

ਦੱਸ ਤੈਨੂੰ ਚੁਭੀ ਮੇਰੀ ਕਿਹੜੀ ਗੱਲ ਮਾਏ,
ਕਾਹਤੋਂ ਭੇਜਿਆ ਤੂੰ ਮੈਨੂੰ ਇੰਨੀ ਦੂਰ ਨੀ
ਤੇਰੇ ਨਾਲ ਕਾਹਤੋਂ ਪੂਰੀ ਜਿੰਦਗੀ ਨਾ ਬੀਤੀ,
ਐਸਾ ਹੋਇਆ ਕਿਹੜਾ ਮੇਰੇ ਤੋਂ ਕਸੂਰ ਨੀ
ਇੱਕ ਹੋ ਕੇ ਕਾਹਤੋਂ ਦਿੱਤਾ ਮੈਨੂੰ ਤੋੜ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ,
ਤੈਨੂੰ ਭੋਰਾ ਵੀ ਨਾ ਜਾਪੀ ਮੇਰੀ ਲੋੜ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ,

ਸਹੁਰੇ ਘਰ ਬੈਠੀ ਚੇਤੇ ਕਰਦੀ ਹਾਂ ਤੈਨੂੰ,
ਕਦ ਮਿਲਾਂ ਆ ਕੇ ਤੈਨੂੰ ਮਾਏ ਮੇਰੀਏ
ਤੀਆਂ ਦੇ ਤਿਉਹਾਰ ਅਤੇ ਮੁੱਕ ਗਏ ਨੇ ਮੇਲੇ
ਪੇਕੇ ਆਉਣ ਵਾਲੀ ਗੱਲ ਕਿੰਝ ਛੇੜੀਏ
ਸਹੁਰੇ ਘਰ ਵਿੱਚ ਚੱਲਦਾ ਨੀ ਜੋਰ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ
ਤੈਨੂੰ ਭੋਰਾ ਵੀ ਨਾ ਜਾਪੀ ਮੇਰੀ ਲੋੜ ਅੰਮੀਏਂ ਨੀ,
ਦੱਸ ਗਲ ਨਾਲ ਲਾ ਕੇ ਮੈਨੂੰ



Academy of the Punjab in North America - APNA: http://www.apnaorg.com

# ਜੇ ਐ ਜਿੰਦਗੀ ਜਿਉਣੀ ਤਾਂ ਪੰਜਾਬ ਦੋਸਤੋ

ਤਸਵੀਰ ਪੰਜਾਬ ਦੀ ਫੇਸਬੁੱਕ ਤੇ ਯਾਦਾਂ ਦੇ ਵਿੱਚ ਡੋਬ ਗਈ,
ਯਾਦ ਅੰਮੀ ਦੀ ਦਿਲ ਮੇਰੇ ਵਿੱਚ ਤੀਰ ਹਿਜ਼ਰ ਦਾ ਚੋਭ ਗਈ

ਇੱਥੇ ਨਾ ਉਹ ਗੱਲਾਂ ਨੇ ਸਭ ਕੰਮੀ ਕਾਰੀਂ ਰੁੱਝੇ
ਅਫੜਾ ਦਫੜੀ ਭਾਜੜ ਵਿੱਚ ਨਾ ਗੱਲ ਪਿਆਰ ਦੀ ਸੁੱਝੇ
ਜੰਮ ਓਥੇ ਖਿਲ ਗਏ ਨੇ ਭਾਗ ਦੋਸਤੋ
ਕੰਮ ਕਾਰ ਕਰਨ ਲਈ ਮੁਲਕ ਬੇਗਾਨੇ,
ਜੇ ਐ ਜਿੰਦਗੀ ਜਿਉਣੀ ਤਾਂ ਪੰਜਾਬ ਦੋਸਤੋ

ਤਿਉਹਾਰ ਨੂੰ ਮਨਾਉਣ ਦਾ ਤਾਂ ਓਥੇ ਹੀ ਨਜ਼ਾਰਾ ਵਈ
ਹੋਲੀ, ਲੋਹੜੀ ਤੇ ਦਿਵਾਲੀ ਦਾ ਤਾਂ ਰੰਗ ਏ ਨਿਆਰਾ ਵਈ
ਰਹੀਏ ਵੇਖਦੇ ਬਣਾ ਕੇ ਇੱਥੇ, ਖੁਆਬ ਦੋਸਤੋਂ
ਕੰਮ ਕਾਰ ਕਰਨ ਲਈ ਮੁਲਕ ਬੇਗਾਨੇ,
ਜੇ ਐ ਜਿੰਦਗੀ ਜਿਉਣੀ ਤਾਂ ਪੰਜਾਬ ਦੋਸਤੋ

ਮੂੰਹ ਚੋਂ ਪਾਣੀ ਆ ਜੇ ਛੇੜਾਂ, ਖਾਣਿਆਂ ਦੀ ਗੱਲ ਜੇ
ਸਾਰਾ ਹੀ ਧਿਆਨ, ਚੁੱਲ੍ਹੇ ਚੌਂਕੇ ਵੱਲ ਚੱਲ ਜੇ
ਰੋਟੀ ਮੱਕੀ ਦੀ ਮੱਖਣ ਅਤੇ ਸਾਗ ਦੋਸਤੋਂ
ਕੰਮ ਕਾਰ ਕਰਨ ਲਈ ਮੁਲਕ ਬੇਗਾਨੇ,
ਜੇ ਐ ਜਿੰਦਗੀ ਜਿਉਣੀ ਤਾਂ ਪੰਜਾਬ ਦੋਸਤੋ

ਸੋਚਦੇ ਹੀ ਰਹੀਏ ਕਦ, ਇੰਡੀਆ ਨੂੰ ਜਾਵਾਂਗੇ
ਇੱਥੇ ਕੀ ਐ ਮੁੜ ਅਸੀਂ, ਕਦੀ ਵੀ ਨਾ ਆਵਾਂਗੇ
ਕੱਲਾ ਪੈਸਾ ਨਾ ਪਹੁੰਚਾਵੇ ਹਰ ਲਾਭ ਦੋਸਤੋ
ਕੰਮ ਕਾਰ ਕਰਨ ਲਈ ਮੁਲਕ ਬੇਗਾਨੇ
ਜੇ ਐ ਜਿੰਦਗੀ ਜਿਉਣੀ ਤਾਂ ਪੰਜਾਬ ਦੋਸਤੋ


Academy of the Punjab in North America - APNA: http://www.apnaorg.com

# ਪੰਜਾਬ ਨੂੰ ਬਚਾ ਲਈਂ ਰੱਬਾ, ਮੇਰੀ ਫਰਿਆਦ ਐ

ਸੱਜਰੀ ਸਵੇਰ ਵੇਲੇ ਖੇਤ ਦਾ ਨਜ਼ਾਰਾ ਓਏ
ਦੱਸਾਂ ਕਿੰਝ ਲੱਗਦਾ ਸੀ ਕਿੰਨਾ ਹੀ ਪਿਆਰਾ ਓਏ
ਦਸ ਵਜੇ ਵਾਲੀ ਪੀਤੀ ਖੂਹ ਤੇ ਚਾਹ ਵੀ ਯਾਦ ਐ
ਪੰਜਾਬ ਨੂੰ ਬਚਾ ਲਈਂ ਰੱਬਾ, ਮੇਰੀ ਫਰਿਆਦ ਐ

ਰੋੜ੍ਹ ਲੈ ਗਏ ਨਸ਼ੇ ਸਾਡੀ, ਅੱਜ ਦੀ ਜਵਾਨੀ ਨੂੰ
ਵਖ਼ਸ਼ ਲੈ ਭੁਲੂੰ ਨਾ ਮੈਂ, ਤੇਰੀ ਮਿਹਰਬਾਨੀ ਨੂੰ
ਪੰਦਰਾਂ ਦੀ ਬੋਤਲ 'ਚ, ਵਿਕੇ ਪੰਜ ਆਬ ਐ
ਪੰਜਾਬ ਨੂੰ ਬਚਾ ਲਈਂ ਰੱਬਾ, ਮੇਰੀ ਫਰਿਆਦ ਐ

ਕੁੱਖਾਂ 'ਚ ਮਾਰਨ ਵਾਲੀ, ਗੱਲ ਸਾਨੂੰ ਮਾਰ ਜਾਏ
ਗੰਧਲੇ ਪੰਜਾਬੀ ਗਾਣੇ, ਖ਼ੂਨ ਸਾਡਾ ਠਾਰ ਗਏ
ਸੁਪਨੇ ਸ਼ਹੀਦਾਂ ਦੇ ਤਾਂ, ਰਹਿ ਗਏ ਬਣ ਖੁਆਬ ਐ
ਪੰਜਾਬ ਨੂੰ ਬਚਾ ਲਈਂ ਰੱਬਾ, ਮੇਰੀ ਫਰਿਆਦ ਐ

ਸੋਨੇ ਦੀ ਚਿੜੀ ਨੂੰ ਬਾਜ਼, ਦੇਸ਼ ਦੇ ਹੀ ਖਾ ਗਏ
ਪੈਂਤੀ ਨਾ ਖਰਚਦੇ ਜੋ, ਗਰੀਬੀ ਹੇਠਾਂ ਆ ਗਏ
'ਕੁਲਵਿੰਦਰ' ਜਿਹੇ ਮਿਲ ਲੱਖਾਂ, ਨਾਂਅ ਨੂੰ ਲਾਇਆ ਦਾਗ ਐ
ਪੰਜਾਬ ਨੂੰ ਬਚਾ ਲਈਂ ਰੱਬਾ ਮੇਰੀ ਫਰਿਆਦ ਐ


Academy of the Punjab in North America - APNA: http://www.apnaorg.com

# ਇਹੋ ਮੇਰਾ ਖ਼ੁਆਬ ਦੋਸਤੋ ਇਹੋ ਮੇਰਾ ਖ਼ੁਆਬ

ਚੌਹੀਂ ਪਾਸੀਂ ਝੂੰਮਣ ਫ਼ਸਲਾਂ, ਹੱਸਦਾ ਹਰ ਕੋਈ ਮੁੱਖ ਹੋਵੇ
ਕਾਇਮ ਸਦਾ ਰਹਿਣ ਮੁੱਛਾਂ ਪੱਗਾਂ, ਹਰ ਘਰ ਦੇ ਵਿੱਚ ਸੁੱਖ ਹੋਵੇ
ਬੇਰੁਜਗਾਰੀ ਤੇ ਭੁੱਖ ਨੰਗ ਤੋਂ, ਹੋਵੇ ਮੁਕਤ ਪੰਜਾਬ
ਇਹੋ ਮੇਰਾ ਖ਼ੁਆਬ ਦੋਸਤੋ ਇਹੋ ਮੇਰਾ ਖ਼ੁਆਬ

ਮੌਤ ਨੂੰ ਛੂਹਵਣ ਨਾ ਜੰਮਣ ਤੋਂ ਪਹਿਲਾਂ ਧੀਆਂ ਇਹ
ਕੌਣ ਬੰਨੂ ਫਿਰ ਰੱਖੜੀ ਕੌਣ ਸਜਾਊ ਤੀਆਂ ਇਹ
ਰੁੱਖ, ਕੁੱਖ ਤੇ ਪਾਣੀ ਸਾਡੇ, ਸਦਾ ਹੀ ਰਹਿਣ ਆਬਾਦ
ਇਹੋ ਮੇਰਾ ਖ਼ੁਆਬ ਦੋਸਤੋ ਇਹੋ ਮੇਰਾ ਖ਼ੁਆਬ

ਨਸ਼ਿਆਂ ਦੀ ਆਦਤ ਹੱਟਜੇ, ਤੇ ਮੁੱਖ ਜੁਲਮਾਂ ਵੱਲੋਂ ਵਟ ਜਾਵੇ
ਭੁੱਲਕੇ ਪੱਛਮੀ ਸੱਭਿਅਤਾ ਨੂੰ, ਮਨ ਸਾਡਾ ਵਿਰਸਾ ਰਚ ਜਾਵੇ
ਅਸੀਂ ਹਾਂ ਪਿਉਰ ਪੰਜਾਬੀ ਸਭ ਦੇ ਨਿੱਕਲੇ ਦਿਲ ਚੋਂ ਰਾਗ
ਇਹੋ ਮੇਰਾ ਖ਼ੁਆਬ ਦੋਸਤੋ ਇਹੋ ਮੇਰਾ ਖ਼ੁਆਬ

ਪਲਟ ਜਾਏ ਅਖ਼ਬਾਰ ਦਾ ਰੁਤਬਾ ਸੋਹਣੀਆਂ ਖ਼ਬਰਾਂ ਨਾਲ
ਬਣ ਜਾਵੇ ਜੀਵਨ ਜੰਨਤ, ਸਭ ਜੀਣ ਜੇ ਸਬਰਾਂ ਨਾਲ
ਵਿਆਹੀਆਂ ਧੀਆਂ ਸੜਨ ਨਾ ਹੋ ਜੇ, ਖਤਮ ਜੇ ਜੜ ਤੋਂ ਦਾਜ਼
ਇਹੋ ਮੇਰਾ ਖ਼ੁਆਬ ਦੋਸਤੋ ਇਹੋ ਮੇਰਾ ਖ਼ੁਆਬ


Academy of the Punjab in North America - APNA: http://www.apnaorg.com

# ਲੱਖ ਜਾਇਓ ਪਰਦੇਸ, ਕਦੀ ਵੀ ਦੇਸ਼ ਨੂੰ ਭੁੱਲਿਓ ਨਾ

ਬਲਦਾਂ ਦੇ ਗਲ ਟੱਲੀਆਂ ਭੁੱਲ ਗਏ
ਖਾਣੀਆਂ ਭੁੰਨ ਕੇ ਛੱਲੀਆਂ ਭੁੱਲ ਗਏ
ਵਿਰਸਾ ਏ ਅਨਮੋਲ ਸਾਡਾ, ਛੱਡ ਹੋਰ ਤੇ ਡੁਲ੍ਹਿਓ ਨਾ
ਲੱਖ ਜਾਇਓ ਪਰਦੇਸ ਕਦੀ ਵੀ ਦੇਸ਼ ਨੂੰ ਭੁਲਿਓ ਨਾ

ਰੰਬਾ, ਦਾਤੀ, ਟਕੂਆ ਖੋ ਗਏ
ਗੋਰਿਆਂ ਵਿੱਚ ਆ ਗੋਰੇ ਹੋ ਗਏ
ਦੇਸੀ ਪਹਿਰਾਵੇ ਨੂੰ ਛੱਡ ਪਾ ਜੀਨ ਨੂੰ ਫੁੱਲਿਓ ਨਾ
ਲੱਖ ਜਾਇਓ ਪਰਦੇਸ ਕਦੀ ਵੀ ਦੇਸ਼ ਨੂੰ ਭੁਲਿਓ ਨਾ

ਖਾਲ਼ੇ ਵਿੱਚੋਂ ਵਗਦਾ ਪਾਣੀ
ਖੇਤ 'ਚ ਬਹਿ ਕੇ ਰੋਟੀ ਖਾਣੀ
ਸਾਗ਼ ਮੱਕੀ ਦੀ ਰੋਟੀ ਨੂੰ ਪੀਜ਼ੇ ਨਾਲ ਤੁਲਿਓ ਨਾ
ਲੱਖ ਜਾਇਓ ਪਰਦੇਸ ਕਦੀ ਵੀ ਦੇਸ਼ ਨੂੰ ਭੁਲਿਓ ਨਾ

ਸਾਡੇ ਹਿੱਸੇ ਵਿੱਚ ਫ਼ਕੀਰੀ
ਅੰਨ ਦਾਤੇ ਦੀ ਇਹੋ ਅਮੀਰੀ
ਤਿੰਨ ਰੰਗਾਂ ਦਾ ਝੰਡਾ ਭੁੱਲ, ਰੰਗ ਨਵੇਂ 'ਚ ਝੁੱਲਿਓ ਨਾ
ਲੱਖ ਜਾਇਓ ਪਰਦੇਸ ਕਦੀ ਵੀ ਦੇਸ਼ ਨੂੰ ਭੁਲਿਓ ਨਾ



Academy of the Punjab in North America - APNA: http://www.apnaorg.com

# ਯਾਰਾਂ ਦੇ ਬਿਨ ਵੀ ਕੀ ਯਾਰੋ ਜੀਣਾ ਹੁੰਦਾ ਏ

ਵਿੱਚ ਪਰਦੇਸਾਂ ਆ ਕੇ ਚੇਤੇ ਯਾਰ ਬੜੇ ਆਉਂਦੇ
ਇੱਕਠੇ ਸ਼ਾਮੀਂ ਮੋਟਰ ਤੇ ਸੀ ਪੈਂਗ ਕਦੇ ਲਾਉਂਦੇ
ਉਹ ਸੁਆਦ ਨਾ ਪੱਬਾਂ ਵਿੱਚ ਕੀ ਪੀਣਾ ਹੁੰਦਾ ਏ
ਯਾਰਾਂ ਦੇ ਬਿਨ ਵੀ ਕੀ ਯਾਰੋ ਜੀਣਾ ਹੁੰਦਾ ਏ

ਮਾਰੀਆਂ ਇੱਕਠੇ ਗੇੜੀਆਂ, ਇੱਕਠਿਆਂ ਜਸ਼ਨ ਮਨਾਏ ਜੋ
ਗੁਜ਼ਰੇ ਦਿਨ ਜੋ ਕਾਲਜ਼ ਦੇ ਨਾ ਮੁੜ ਕੇ ਆਏ ਓਹ
ਖੁਦ ਨੂੰ ਹਾਲ ਸੁਣਾ ਕੇ ਜ਼ਖਮਾਂ ਸੀਣਾ ਹੁੰਦਾ ਏ
ਯਾਰਾਂ ਦੇ ਬਿਨ ਵੀ ਕੀ ਯਾਰੋ ਜੀਣਾ ਹੁੰਦਾ ਏ

ਇੱਕ ਇੱਕ ਕਰ ਕੇ ਪੰਜ ਦਿਨ ਕੰਮ ਤੇ ਨੇ ਲੰਘ ਜਾਂਦੇ
ਦੋ ਦਿਨ ਹਫ਼ਤੇ ਦੇ ਯਾਦਾਂ ਦੇ ਨਾਲ ਨੇ ਡੰਗ ਜਾਂਦੇ
ਲੱਗੇ ਜਿਉਂ ਅਪਾਹਜ ਅੰਗੋਂ ਹੀਣਾ ਹੁੰਦਾ ਏ
ਯਾਰਾਂ ਦੇ ਬਿਨ ਵੀ ਕੀ ਯਾਰੋ ਜੀਣਾ ਹੁੰਦਾ ਏ

ਜੀਅ ਕਰਦਾ ਮਾਰ ਉਡਾਰੀ, ਵਤਨਾਂ ਨੂੰ ਤੁਰ ਜਾਵਾਂ ਮੈਂ
ਸਭਨਾਂ ਦੇ ਗਲ ਲੱਗ ਕੇ ਦਿਲ ਦਾ, ਹਾਲ ਸੁਣਾਵਾਂ ਮੈਂ
'ਕੁਲਵਿੰਦਰ' ਆ ਕੇ ਬਾਹਰ ਗਮਾ ਨੂੰ ਪੀਹਣਾ ਹੁੰਦਾ ਏ
ਯਾਰਾਂ ਦੇ ਬਿਨ ਵੀ ਕੀ ਯਾਰੋ ਜੀਣਾ ਹੁੰਦਾ ਏ


Academy of the Punjab in North America - APNA: http://www.apnaorg.com

# ਭਾਂਵੇ ਘਰ ਤਾਂ ਕੱਚੇ ਸੀ, ਪਰ ਪਿਆਰ ਪੱਕੇ ਸੀ

ਸੱਤਯੁਗ ਦਾ ਓਹ ਜਮਾਨਾ, ਖਵਰੇ ਕਿੱਥੇ ਚਲਾ ਗਿਆ
ਦੁੱਖ ਸੁੱਖ ਸਾਂਝੇ ਕਰਦਾ, ਭਾਈਚਾਰਾ ਭੁਲਾ ਗਿਆ
ਜਦੋਂ ਸਾਰੇ ਸਕੇ ਸੀ, ਤੇ ਦਿਲ ਤੋਂ ਸੱਚੇ ਸੀ
ਭਾਂਵੇ ਘਰ ਤਾਂ ਕੱਚੇ ਸੀ, ਪਰ ਪਿਆਰ ਪੱਕੇ ਸੀ

ਕਾਹਦੀ ਆ ਗਈ ਇਹ ਅਮੀਰੀ, ਛੱਡ ਚੁੱਕੇ ਹਾਂ ਫ਼ਕੀਰੀ
ਹੋ ਗਏ ਦੂਰ ਦੁੱਧ ਦੇ ਛੰਨੇ, ਖਾਣੀ ਭੁੱਲ ਗਏ ਹਾਂ ਪੰਜੀਰੀ
ਹਾਰੇ ਨਿੱਤ ਹੀ ਭਖੇ ਸੀ, ਦੁੱਧ ਕੜ੍ਹਨੇ ਰੱਖੇ ਸੀ
ਭਾਂਵੇ ਘਰ ਤਾਂ ਕੱਚੇ ਸੀ, ਪਰ ਪਿਆਰ ਪੱਕੇ ਸੀ

ਹੋ ਗਏ ਹਾਂ ਕੀ ਸਿਆਣੇ, ਖੁਸ਼ ਸੀ ਸਾਂ ਜਦ ਨਿਆਣੇ
ਨਾ ਦੁੱਖ ਸੀ ਕੋਈ ਨੇੜੇ, ਹੱਸ ਬਚਪਨ ਅਸੀਂ ਮਾਣੇ
ਬਾਤਾਂ ਸੁਣ ਨਾ ਅੱਕੇ ਸੀ, ਨਾ ਖੇਡ ਕੇ ਥੱਕੇ ਸੀ
ਭਾਂਵੇ ਘਰ ਤਾਂ ਕੱਚੇ ਸੀ, ਪਰ ਪਿਆਰ ਪੱਕੇ ਸੀ

ਵਿੱਚ ਯਾਦਾਂ ਦੇ ਉਹ ਗੱਲਾਂ, ਵਿੱਚ ਮਨ ਦੇ ਮੇਰੇ ਛੱਲਾਂ
ਸਾਡਾ ਪਿਆਰਾ ਉਹ ਪੰਜਾਬ, ਕਿੱਥੇ ਪੁੱਜ ਗਿਆ ਮਾਰ ਮੱਲ੍ਹਾਂ
ਰਲ ਮਿਲ ਕੇ ਨੱਚੇ ਸੀ, ਬੜਾ ਸਭ ਨੂੰ ਜਚੇ ਸੀ
ਭਾਂਵੇ ਘਰ ਤਾਂ ਕੱਚੇ ਸੀ, ਪਰ ਪਿਆਰ ਪੱਕੇ ਸੀ


Academy of the Punjab in North America - APNA: http://www.apnaorg.com

# ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ

ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ
ਪੁੱਛਦਾ ਨੀ ਕੋਈ ਜਦ ਪਰਦੇਸਾਂ ਵਿੱਚ ਆ ਜਾਂਦੇ,
ਮਾਂਵਾ ਬਿਨ ਪੁੱਤ ਲਾਡਲੇ........

ਤੜਕੇ ਸੁੱਤੇ ਨੂੰ ਗਾਲਾਂ, ਕੱਢ ਕੇ ਕੋਈ ਉਠਾਉਂਦਾ ਨਾ
ਭਰਿਆ ਹੋਇਆ ਦੁੱਧ ਦਾ ਛੰਨਾ, ਮੂੰਹ ਨੂੰ ਕੋਈ ਲਾਉਂਦਾ ਨਾ
ਮਾਂ ਦੇ ਹੱਥਾਂ ਦੇ ਪਰੌਠੇਂ, ਛੇ-ਸੱਤ ਸੀ ਖਾ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ........

ਪੜ੍ਹਦਾ ਨਾ ਕੋਈ ਇੱਥੇ, ਕੰਮ ਦੀ ਏ ਭਾਲ ਪਈ
ਲੰਘਣੇ ਔਖੇ ਦਿਨ, ਹਫ਼ਤੇ, ਕੱਟਣੇ ਕਿੰਝ ਸਾਲ ਵਈ
ਮਿਲ ਜਾਂਦੀ ਪੀ.ਆਰ. ਜੇ, ਵਤਨਾਂ ਨੂੰ ਆ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ........

ਇੱਥੇ ਉੱਝ ਗੇੜੀ ਬੁਲਿਟ ਦੇ, ਉੱਤੇ ਅਸੀਂ ਲਾਈਏ ਨਾ
ਖੇਡੀ ਨਾ ਤਾਸ਼ ਕਦੇ ਵੀ, ਸੱਥਾਂ ਵਿੱਚ ਜਾਈਏ ਨਾ
ਹੁਣ ਤਾਂ ਬੱਸ ਹਫ਼ਤੇ ਪਿੱਛੋਂ, ਗੁਰੂ ਘਰ ਹਾਂ ਆ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ........

ਖੇਤਾਂ ਦੀ ਮੌਜ਼ ਨੀ ਲੱਭਣੀ, ਗੰਨਿਆਂ ਦੀ ਗੱਲ ਗਈ
ਠਕ ਠਕ ਉਹ ਬੰਬੀ ਸਾਡੀ, ਖੁਆਬਾਂ ਵਿੱਚ ਚਲ ਗਈ
ਖਿਲਦੇ ਸੀ ਫੁੱਲ ਵਾਂਗ ਜਦ, ਆਉਲੂ ਵਿੱਚ ਨਾਹ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ, ਸੱਜਣੋਂ ਮੁਰਝਾ ਜਾਂਦੇ
ਮਾਂਵਾ ਬਿਨ ਪੁੱਤ ਲਾਡਲੇ........


Academy of the Punjab in North America - APNA: http://www.apnaorg.com

# ਨਹੀਂ ਲੱਗਦਾ,
# ਨਹੀਂ ਲੱਗਦਾ ਦਿਲ ਹੁਣ ਮੇਰਾ

ਦੇਸ ਸੀ ਆਪਣਾ, ਭੇਸ ਸੀ ਆਪਣਾ
ਆ ਗਏ ਪਰਦੇਸੀਂ, ਲੇਖ ਸੀ ਆਪਣਾ
ਨਾ ਜੱਚਦਾ ਚਾਰ ਚੁਫੇਰਾ
ਨਹੀਂ ਲੱਗਦਾ, ਨਹੀਂ ਲੱਗਦਾ ਦਿਲ ਹੁਣ ਮੇਰਾ

ਇੱਕਠੇ ਸੀ ਗਾਉਂਦੇ, ਗੇੜੀਆਂ ਲਾਉਂਦੇ
ਜਾਨ ਤੋਂ ਵੱਧ ਕੇ, ਅਸੀਂ ਸਾਂ ਚਾਹੁੰਦੇ
ਕਰਦੇ ਸੀ ਪਿਆਰ ਬਥੇਰਾ
ਨਹੀਂ ਲੱਗਦਾ, ਨਹੀਂ ਲੱਗਦਾ ਦਿਲ ਹੁਣ ਮੇਰਾ

ਮੋੜਾਂ ਤੇ ਖੜ੍ਹਦੇ, ਕਾਲਜ਼ ਨਾ ਵੜਦੇ
ਹਾਸੇ ਹਾਸੇ ਵਿੱਚ, ਆਪਸੀ ਲੜਦੇ
ਘਰ ਜਾਣਾ ਕਰ ਕੇ ਹਨੇਰਾ
ਨਹੀਂ ਲੱਗਦਾ, ਨਹੀਂ ਲੱਗਦਾ ਦਿਲ ਹੁਣ ਮੇਰਾ

ਅੰਮੀ ਦੀ ਚੂਰੀ, ਬਾਪੂ ਦੀ ਘੂਰੀ
ਬੜਾ ਚੇਤੇ ਆਵੇ, ਪੈ ਜੇ ਜਦ ਦੂਰੀ
ਗਮ ਪਾ ਲੈਂਦੇ ਨੇ ਘੇਰਾ
ਨਹੀਂ ਲੱਗਦਾ, ਨਹੀਂ ਲੱਗਦਾ ਦਿਲ ਹੁਣ ਮੇਰਾ


Academy of the Punjab in North America - APNA: http://www.apnaorg.com

# ਸਾਡੀ ਪੱਗ ਐ ਪਿਆਰੀ ਵੱਧ ਜਾਨ ਤੋਂ
# ਨਾ ਪਲ ਦਾ ਵਸਾਹ ਕਰਦੇ

ਦੇਈਏ ਅਣਖ ਦੇ ਪਿੱਛੇ ਬੰਦਾ ਮਾਰ
ਸਾਨੂੰ ਕਹਿੰਦੇ ਆ ਨੀ ਤਾਂ ਹੀ ਸਰਦਾਰ
ਸੌਂਕ ਨੇ ਅਵੱਲੇ ਸਾਡੇ ਜੱਗ ਤੋਂ ਨਾ ਭੋਰਾ ਪਰਵਾਹ ਕਰਦੇ
ਸਾਡੀ ਪੱਗ ਐ ਪਿਆਰੀ ਵੱਧ ਜਾਨ ਤੋਂ ਨਾ ਪਲ ਦਾ ਵਸਾਹ ਕਰਦੇ

ਰਹਿ ਹੋਵੇ ਨਾ ਬਗੈਰ ਸਾਥੋਂ ਯਾਰਾਂ ਦੇ
ਅਸੀਂ ਮੁੱਢ ਤੋਂ ਹਾਂ ਸੌਂਕੀ ਹਥਿਆਰਾਂ ਦੇ
ਟੰਗੇ ਡੱਬਾਂ 'ਚ ਰਿਵਾਲਵਰ ਭਰ ਕੇ ਹਾਂ ਪਲ ਵਿੱਚ ਠਾਹ ਕਰਦੇ
ਸਾਡੀ ਪੱਗ ਐ ਪਿਆਰੀ ਵੱਧ ਜਾਨ ਤੋਂ ਨਾ ਪਲ ਦਾ ਵਸਾਹ ਕਰਦੇ

ਸੁਣ ਲਵੋ ਇਤਿਹਾਸ ਮੂੰਹੋਂ ਬੋਲਦਾ
ਗੱਲਾਂ ਸੁਣ ਕੇ ਦੁਬਾਰਾ ਖ਼ੂਨ ਖੌਲਦਾ
ਪੰਜਾ ਸ਼ੇਰਾਂ ਵਾਲਾ ਪੈ ਜਏ ਜਦ ਵੈਰੀ ਦੇ ਨਾ ਮੁੜ ਉਹੋ ਸਾਹ ਭਰਦੇ
ਸਾਡੀ ਪੱਗ ਐ ਪਿਆਰੀ ਵੱਧ ਜਾਨ ਤੋਂ ਨਾ ਪਲ ਦਾ ਵਸਾਹ ਕਰਦੇ

ਸਿੰਘ ਐਵੇਂ ਨੀ ਕਹਾਉਂਦੇ ਕਿੰਗ ਹਾਣੀਓ
ਗੱਲ ਸੱਚ 'ਕੁਲਵਿੰਦਰ' ਦੀ ਜਾਣਿਓ
ਗੀਤ ਸੁਣ ਵੀਰ ਜਿਹੜੇ ਪੱਗ ਬੰਨਦੇ ਨੇ ਦਿਲੋਂ ਵਾਹ ਵਾਹ ਕਰਦੇ
ਸਾਡੀ ਪੱਗ ਐ ਪਿਆਰੀ ਵੱਧ ਜਾਨ ਤੋਂ ਨਾ ਪਲ ਦਾ ਵਸਾਹ ਕਰਦੇ


Academy of the Punjab in North America - APNA: http://www.apnaorg.com

# ਹੋਰ ਵੀ ਐ ਜੱਗ ਉੱਤੇ ਦੁਨੀਆਂ ਜਿਉਂਦੀ,
# ਪਰ ਸਦਕੇ ਪੰਜਾਬੀਆਂ ਦੀ ਸ਼ਾਨ ਦੇ

ਖੁੱਲ੍ਹੇ ਖਾਣ ਪੀਣ ਜਿਵੇਂ ਖੁੱਲ੍ਹੇ ਓਵੇਂ ਦੇ ਨੇ ਜੇਰੇ
ਐਸੀ ਅਣਖ ਕਿਤੇ ਨਾ ਤੇ ਦਿਆਲੂ ਵੀ ਬਥੇਰੇ
ਪੱਲੇ ਰੱਖਦੇ ਨੇ ਸੰਗ, ਮੂਹਰੇ ਸਕੇ ਨਾ ਕੋਈ ਖੰਘ, ਰੀਝ ਨਾਲ ਨੇ ਜਵਾਨੀਆਂ ਮਾਣਦੇ
ਹੋਰ ਵੀ ਐ ਜੱਗ ਉੱਤੇ ਦੁਨੀਆਂ ਜਿਉਂਦੀ, ਪਰ ਸਦਕੇ ਪੰਜਾਬੀਆਂ ਦੀ ਸ਼ਾਨ ਦੇ

ਹੱਸਦਿਆਂ ਦੇਖ ਕੇ ਨੇ ਖਿਲ ਜਾਂਦੇ ਫੁੱਲ, ਸੋਹਣੇ ਚਿਹਰੇ ਨੇ ਗੁਲਾਬਾਂ ਵਾਂਗੂ ਲੱਗਦੇ
ਹਨੇਰੀਆਂ ਰਾਤਾਂ ਦੇ ਵਿੱਚ ਦਿਸਦਾ ਏ ਚੰਨ, ਰੱਬੀ ਨੂਰ ਨਾਲ ਰਹਿਣ ਇੰਝ ਜਗਦੇ
ਦੇਖੀ ਇਹੋ ਜਿਹੀ ਨਾ ਐਸ਼, ਕਦੀ ਕਰਦੇ ਨਾ ਬਹਿਸ, ਫੜ ਹੱਥ 'ਚ ਗੰਡਾਸੀ ਹਿੱਕ ਤਾਣਦੇ
ਹੋਰ ਵੀ ਐ ਜੱਗ ਉੱਤੇ ਦੁਨੀਆਂ ਜਿਉਂਦੀ, ਪਰ ਸਦਕੇ ਪੰਜਾਬੀਆਂ ਦੀ ਸ਼ਾਨ ਦੇ

ਬੁਲਿਟ ਸਫਾਰੀਆਂ ਨੇ ਹਿੱਸੇ ਇਹਨਾਂ ਆਏ, ਗੱਲ ਲੱਭੇ ਨਾ ਕਿਤੇ ਵੀ ਐਸੀ ਪੱਗ ਦੀ
ਕੁੜਤੇ ਤੇ ਚਾਦਰੇ ਨਾ ਤਿੱਲੇ ਵਾਲੀ ਜੁੱਤੀ, ਮੁੱਛਾਂ ਖੜੀਆਂ ਭੁਲਾਉਣ ਹੋਸ਼ ਜੱਗ ਦੀ
ਹੁੰਦਾ ਯਾਰਾਂ ਉੱਤੇ ਮਾਣ, ਜਦੋਂ ਖੜ ਜਾਂਦੇ ਆਣ, ਜੋੜ ਲੈਂਦੇ ਨੇ ਮੋਢੇ ਨਾ ਮੋਢਾ ਹਾਣਦੇ
ਹੋਰ ਵੀ ਐ ਜੱਗ ਉੱਤੇ ਦੁਨੀਆਂ ਜਿਉਂਦੀ, ਪਰ ਸਦਕੇ ਪੰਜਾਬੀਆਂ ਦੀ ਸ਼ਾਨ ਦੇ

ਅਚਾਰ ਰੋਟੀ ਮੱਕੀ ਦੀ ਮੱਖਣ ਅਤੇ ਸਾਗ, ਰੱਖ ਸ਼ੌਂਕ ਨਾ ਸਜ਼ਾਉਂਦੇ ਸੇਜ ਖਾਣੇ ਦੀ
ਗਲਾਂ ਵਿੱਚ ਕੈਠੈਂ ਹੱਥ ਸ਼ੰਮਾਂ ਵਾਲੀ ਡਾਂਗ, ਟੌਹਰ ਵੱਖਰੀ ਆ ਮੇਲਿਆਂ ਤੇ ਜਾਣੇ ਦੀ
ਕੁਲਵਿੰਦਰ ਇਹ ਸੱਚ, ਜਾਂਦੇ ਪਲਾਂ ਵਿੱਚ ਰਚ, ਭਾਂਵੇ ਹੋਣ ਨਾ ਕਿਸੇ ਨੂੰ ਪਹਿਲਾਂ ਜਾਣਦੇ
ਹੋਰ ਵੀ ਐ ਜੱਗ ਉੱਤੇ ਦੁਨੀਆਂ ਜਿਉਂਦੀ, ਪਰ ਸਦਕੇ ਪੰਜਾਬੀਆਂ ਦੀ ਸ਼ਾਨ ਦੇ

ਰਿਕਾਡ ਕੀਤਾ ਗੀਤ – ਆਵਾਜ਼–ਅਨੰਤਪਾਲ ਸਿੰਘ–ਵਾਇਸ ਔਫ ਪੰਜਾਬ3



Academy of the Punjab in North America - APNA: http://www.apnaorg.com

# ਰਜ਼ਾਈ

ਆਪਣੇ ਤੇ ਬੀਤੀ ਮੈਂ ਸੁਣਾਵਾਂ ਇੱਕ ਗੱਲ
ਬਹੁਤੀ ਨਾ ਪੁਰਾਣੀ ਰਾਤ ਬੀਤੀ ਸੀ ਜੋ ਕੱਲ
ਸਾਰੀ ਰਾਤ ਠੰਡ ਵਿੱਚ ਠਰਦੇ ਰਹੇ
ਹਾਏ ਬੀਬੀ ਹਾਏ ਬੀਬੀ ਕਰਦੇ ਰਹੇ
ਸੋਚਦੇ ਰਹੇ ਆਇਆ ਕੌਣ ਜੋ ਲੈ ਗਿਆ
ਜਾਨ ਮੇਰੀ ਮੇਰੇ ਕੋਲੋਂ ਖੋਹ ਲੈ ਗਿਆ
ਅੱਧ ਸੁੱਤੇ ਨੀਂਦੋਂ ਜਦ ਅੱਖਾਂ ਖੁਲ੍ਹੀਆਂ
ਪਾਲੇ ਨਾਲ ਹੋਈਆਂ ਢਿੱਲੀਆਂ ਸੀ ਬੁੱਲ੍ਹੀਆਂ
ਹੌਲੀ ਜਿਹੇ ਨਿਗਾਹ ਕੀ ਫਰਸ਼ ਉੱਤੇ ਗਈ
ਦੇਖਿਆ ਰਜ਼ਾਈ ਤਾਂ ਸੀ ਥੱਲੇ ਮੇਰੀ ਪਈ
ਲੈ ਕੇ ਸੀ ਦੁਬਾਰਾ ਜਦੋਂ ਸਾਉਂਣ ਲੱਗਿਆ
ਆ ਕੇ ਮੈਨੂੰ ਉਦੋਂ ਕੋਈ ਉਠਾਉਣ ਲੱਗਿਆ
ਦੱਸਾਂ ਕੀ ਮੈਂ ਮੇਰੇ ਉੱਤੇ ਢਹਿ ਰਹੀ ਸੀ
ਉੱਠਦਾ ਕਿ ਨਹੀਂ ਮੰਮੀ ਕਹਿ ਰਹੀ ਸੀ
ਅੱਜ ਵੀ ਮੈਂ ਸਾਰਾ ਦਿਨ ਸੋਚਦਾ ਰਿਹਾ
ਦੱਸਾਂ ਕਿ ਨਾ ਦੱਸਾਂ ਇਹੋ ਲੋਚਦਾ ਰਿਹਾ
ਹੱਸੇ ਬਹੁਤ ਸੁਣ ਕੇ ਸੀ ਹਾਣੀ ਮਿੱਤਰੋ
ਕੁਲਵਿੰਦਰ ਦੀ ਰਾਤ ਦੀ ਕਹਾਣੀ ਮਿੱਤਰੋ


Academy of the Punjab in North America - APNA: http://www.apnaorg.com

# ਹੱਸਣਾ ਤਾਂ ਸਾਡੀ ਆਦਤ ਸੀ ਤੁਸੀਂ ਗਲਤ ਅੰਦਾਜ਼ਾ ਲਾ ਬੈਠੇ

ਪਹਿਲਾ ਦਿਨ ਕਾਲਜ਼ ਦਾ ਤੇ ਤੂੰ ਪਾਰਕ ਦੇ ਵਿੱਚ ਦਿਖ ਗਈ ਸੀ
ਹੋਸ਼ ਭੁਲਾ ਤੇ ਮੇਰੇ ਤੇ ਮੇਰੀ ਅੱਖ ਤੇਰੇ ਤੇ ਟਿਕ ਗਈ ਸੀ
ਸਾਰਾ ਸਾਲ ਨਾ ਵੜੇ ਕਲਾਸ 'ਚ ਤੇਰੇ ਪਿੱਛੇ ਘੁੰਮਦੇ ਰਹੇ
ਤੇਰੇ ਪਾੜ ਕੇ ਸੁੱਟੇ ਵਰਕੇ ਵੀ ਅਸੀਂ ਖਤ ਸਮਝ ਕੇ ਚੁੰਮਦੇ ਰਹੇ
ਘਰੋਂ ਵੀ ਗਾਲਾਂ ਖਾਧੀਆਂ ਤੇ ਨਾ ਕੰਮ ਕਾਰ ਕੋਈ ਕਰਿਆ ਸੀ
ਕਿੰਝ ਦੱਸਦੇ ਤੇਰੀ ਖਾਤਰ ਸਾਡੇ ਮਨ ਵਿੱਚ ਕੀ ਕੁਝ ਭਰਿਆ ਸੀ
ਕਿਉਂ ਕਿ ਸਾਡੀ ਸੋਚ ਦੇ ਵਿੱਚ ਤੂੰ ਸਾਡੀ ਸੀ ਕੁੜੀਏ
ਦਿਲ ਸਾਡੇ ਨੂੰ ਚੰਗੀ ਲੱਗ ਗਈ ਡਾਹਡੀ ਸੀ ਕੁੜੀਏ
ਕੁਦਰਤ ਨਾਲ ਸੀ ਮੇਲ ਹੁੰਦਾ ਜਾਂ ਆਣ ਕੇ ਮਿਲਦੀ ਸੀ
ਤੱਕ ਸਾਡੇ ਵੱਲ ਹੱਸਕੇ ਫੁੱਲਾਂ ਵਾਂਗੂ ਖਿਲਦੀ ਸੀ
ਅੰਤ ਹਾਉਂਕਾ ਜਿਹਾ ਭਰ ਕੇ ਮੈਂ ਵੀ ਈਲੂ ਆਖ ਦਿੱਤਾ
ਟੁੱਟ ਪੈਣੀਏਂ ਤੂੰ ਤਾਂ ਕਰ ਪੱਤਾ ਈ ਸਾਫ ਦਿੱਤਾ
ਗ਼ਲਤ ਫਹਿਮੀਂ ਵਿੱਚ ਰਹਿ ਕੇ ਤੈਥੋਂ ਇਹ ਗੱਲ ਸੀ ਅਖਵਾ ਬੈਠੇ
ਹੱਸਣਾ ਤਾਂ ਸਾਡੀ ਆਦਤ ਸੀ ਤੁਸੀਂ ਗਲਤ ਅੰਦਾਜ਼ਾ ਲਾ ਬੈਠੇ



Academy of the Punjab in North America - APNA: http://www.apnaorg.com

# ਅਸੀਂ ਚਾਹੁੰਨੇ ਆਂ ਤੈਨੂੰ, ਤੇਰੇ ਪਿਆਰ ਦੇ ਕਰਕੇ ਨੀ

ਨਾ ਦੌਲਤ ਸ਼ੌਹਰਤ ਚਾਹੀਏ, ਲੋੜ ਨਾ ਫੋਕੀਆਂ ਟੌਹਰਾਂ ਦੀ
ਨਾ ਹੀਰੇ ਮੋਤੀ ਨਾ ਹੀ, ਕਿਸੇ ਤਰਾਂ ਦੀਆਂ ਮੋਹਰਾਂ ਦੀ
ਬਸ ਮੰਗਦੇ ਜਿੰਦਗੀ ਜਿਉਣਾ ਹਾਂ ਤੇਰਾ ਹੱਥ ਫੜ ਕੇ ਨੀ
ਅਸੀਂ ਚਾਹੁੰਨੇ ਆਂ ਤੈਨੂੰ, ਤੇਰੇ ਪਿਆਰ ਦੇ ਕਰਕੇ ਨੀ

ਅਪਣਾ ਭਾਂਵੇ ਠੁਕਰਾ, ਆਪਾਂ ਤੇਰਾ ਹੀ ਨਾਂਅ ਲੈਣਾ
ਖੁਆਬਾਂ ਦੇ ਵਿੱਚ ਪਲ ਵੀ ਤੈਥੋਂ, ਵੱਖ ਨਹੀਂ ਰਹਿਣਾ
ਭਾਂਵੇ ਪਾੜ ਕੇ ਸੁੱਟ ਦੇ ਦਿਲ ਚੋਂ ਤੂੰ ਇਸ਼ਕੇ ਦੇ ਵਰਕੇ ਨੀ
ਅਸੀਂ ਚਾਹੁੰਨੇ ਆਂ ਤੈਨੂੰ, ਤੇਰੇ ਪਿਆਰ ਦੇ ਕਰਕੇ ਨੀ

ਸੱਚਾ ਹੋਵੇ ਜੇ ਪਿਆਰ ਤਾਂ ਰੱਬ ਵੀ ਝੋਲੀ ਪਾਉਂਦਾ ਏ
ਐਵੇਂ ਨਹੀਂ ਜੱਗ ਓਹ ਦੀਆਂ ਮਿਹਰਾਂ ਨੂੰ ਨਿੱਤ ਗਾਉਂਦਾ ਏ
ਇੱਕ ਵਾਰੀ ਤੇਰਾ ਬਣਨਾ ਭਾਂਵੇ ਬਣਾ ਮੈਂ ਮਰ ਕੇ ਨੀ
ਅਸੀਂ ਚਾਹੁੰਨੇ ਆਂ ਤੈਨੂੰ, ਤੇਰੇ ਪਿਆਰ ਦੇ ਕਰਕੇ ਨੀ

ਮਕਸਦ ਇੱਕੋ ਏ ਜਿੰਦਗੀ ਦਾ, ਓਹ ਤੈਨੂੰ ਏ ਪਾਉਣਾ
ਚਾਹ ਨਾ ਭਾਂਵੇ ਸਾਨੂੰ ਤੂੰ, ਅਸੀਂ ਹੋਰ ਨੂੰ ਨਹੀਂ ਚਾਹੁੰਣਾ
"ਕੁਲਵਿੰਦਰ" ਦੇਖੂ ਹਰ ਗਮ ਤੇਰਾ ਦਿਲ ਤੇ ਜਰ ਕੇ ਨੀ
ਅਸੀਂ ਚਾਹੁੰਦੇ ਆਂ ਤੈਨੂੰ, ਤੇਰੇ ਪਿਆਰ ਦੇ ਕਰਕੇ ਨੀ


Academy of the Punjab in North America - APNA: http://www.apnaorg.com

# ਤੈਨੂੰ ਹਾਲ ਸੁਣਾਵਾਂ ਮੈਂ ਦਿਲ ਦਾ

ਅਸੀਂ ਐਨਾ ਤੈਨੂੰ ਚਾਹਿਆ, ਕਿ ਸਾਂ ਰੱਬ ਭੁੱਲ ਗਏ
ਸਾਡੇ ਆਪਣੇ ਪਰਾਏ, ਉਦੋਂ ਸਭ ਭੁੱਲ ਗਏ
ਚਾਹ ਕੇ ਨਾ ਸਭ ਕੁਝ ਮਿਲਦਾ, ਪੈਂਦੇ ਮੰਨਣੇ ਓਹਦੇ ਭਾਣੇ
ਤੈਨੂੰ ਹਾਲ ਸੁਣਾਵਾਂ ਮੈਂ ਦਿਲ ਦਾ, ਕਿਤੇ ਗੱਲ ਇਸ਼ਕ ਦੀ ਜੇ ਜਾਣੇ

ਸਭ ਰੀਝਾਂ ਅਸੀਂ ਰੱਖੀਆਂ ਸੀ, ਦਿਲ 'ਚ ਦਬਾ ਕੇ
ਇੱਕੋ ਸਾਡੀ ਸੀ ਖੁਹਾਇਸ਼, ਜੀਣਾ ਚਾਹੁੰਦੇ ਤੈਨੂੰ ਪਾ ਕੇ
ਹਰ ਟਾਹਣੀ ਤੇ ਨਾ ਫੁੱਲ ਕਦੀ ਖਿਲਦਾ, ਹਰ ਇੱਕ ਨੇ ਨਾ ਸੁੱਖ ਕਦੀ ਮਾਣੇ
ਤੈਨੂੰ ਹਾਲ ਸੁਣਾਵਾਂ ਮੈਂ ਦਿਲ ਦਾ, ਕਿਤੇ ਗੱਲ ਇਸ਼ਕ ਦੀ ਜੇ ਜਾਣੇ

ਹੋ ਕੇ ਓਹਲੇ ਅਸੀਂ ਨੈਣਾ ਚੋਂ, ਵਹਾਉਂਦੇ ਰਹੇ ਪਾਣੀ
ਬੋਲ ਸਕੇ ਨਾ ਤੇ ਬੋਲੀ ਤੁਸੀਂ, ਅੱਖ ਦੀ ਨਾ ਜਾਣੀ
ਸਾਡੇ ਫੱਟ ਜੇ ਤੂੰ ਆਣ ਕਦੀ ਸਿਲਦਾ, ਮੁੱਕ ਜਾਣੇ ਸੀ ਦਰਦ ਪੁਰਾਣੇ
ਤੈਨੂੰ ਹਾਲ ਸੁਣਾਵਾਂ ਮੈਂ ਦਿਲ ਦਾ, ਕਿਤੇ ਗੱਲ ਇਸ਼ਕ ਦੀ ਜੇ ਜਾਣੇ

ਇਹੇ ਅਨੋਖੇ ਨੇ ਵਪਾਰ ਹਰ ਇੱਕ ਦੇ ਨਾ ਵੱਸ
ਹੁੰਦਾ ਕੀ ਦਰਦ "ਕੁਲਵਿੰਦਰਾ" ਵੇ ਦੱਸ
ਤੇਰੇ ਸੀਨੇ 'ਚ ਵੀ ਦਿਲ ਕਦੀ ਹਿਲਦਾ, ਪਤਾ ਲੱਗਦਾ ਜੇ ਹੁੰਦੇ ਹੰਝੂ ਛਾਣੇ
ਤੈਨੂੰ ਹਾਲ ਸੁਣਾਵਾਂ ਮੈਂ ਦਿਲ ਦਾ, ਕਿਤੇ ਗੱਲ ਇਸ਼ਕ ਦੀ ਜੇ ਜਾਣੇ


Academy of the Punjab in North America - APNA: http://www.apnaorg.com

# ਤੂੰ ਕੀ ਜਾਣੇ ਮੇਰੇ ਨਿੱਤ ਸੁਪਨੇ ਵਿੱਚ ਆਉਂਨੀ ਏਂ ਕੁੜੀਏ

ਤੈਨੂੰ ਕੀ ਦੱਸਾਂ ਤੇਰੇ ਵਾਜੋਂ ਨਾ ਕੋਈ ਹੋਰ ਪਿਆਰਾ ਨੀ
ਨਾ ਐਨਾ ਤੂੰ ਤੜਫਾ ਹੋਣਾ ਤੇਰੇ ਬਿਨਾ ਗੁਜ਼ਾਰਾ ਨੀ
ਅੱਖਾਂ ਨਾਲ ਪਾ ਕੇ ਬਾਤਾਂ, ਕਿਉਂ ਸ਼ਰਮਾਉਂਨੀ ਏਂ ਕੁੜੀਏ
ਤੂੰ ਕੀ ਜਾਣੇ ਮੇਰੇ ਨਿੱਤ ਸੁਪਨੇ ਵਿੱਚ ਆਉਂਨੀ ਏਂ ਕੁੜੀਏ

ਦਿਨ ਦੇ ਵਿੱਚ ਵੀ ਲੈ ਖੁਆਬਾਂ ਦੇ, ਬਸ ਤੈਨੂੰ ਸੋਚੀ ਜਾਵਾਂ
ਜੋ ਦਿਲ ਦੇ ਵਿੱਚ ਨੇ ਮੇਰੇ ਤੈਨੂੰ, ਕਿੱਦਾਂ ਆਖ ਸੁਣਾਵਾਂ
ਜਦ ਫੋਨ ਕਰਾਂ ਬਸ ਕਾਲਰ ਟੋਨ ਸੁਣਾਉਂਨੀ ਏਂ ਕੁੜੀਏ
ਤੂੰ ਕੀ ਜਾਣੇ ਮੇਰੇ ਨਿੱਤ ਸੁਪਨੇ ਵਿੱਚ ਆਉਂਨੀ ਏਂ ਕੁੜੀਏ

ਸੁਣ ਲੈਨੀ ਏਂ ਗੱਲ, ਨਾ ਆਪਣੇ ਆਪ ਬੁਲਾਵੇਂ ਨੀ
ਵਿੱਚੇ ਐ ਲਟਕਾਈ, ਨਾ ਗੱਲ ਪਾਸੇ ਲਾਵੇਂ ਨੀ
ਬੜੀ ਕਾਹਲੀ ਦੇ ਵਿੱਚ ਹਰ ਥਾਂ ਫੇਰਾ ਪਾਉਂਨੀ ਏਂ ਕੁੜੀਏ
ਤੂੰ ਕੀ ਜਾਣੇ ਮੇਰੇ ਨਿੱਤ ਸੁਪਨੇ ਵਿੱਚ ਆਉਂਨੀ ਏਂ ਕੁੜੀਏ

ਕਰ ਤਰਸ ਜਰਾ ਮੇਰੇ ਤੇ ਹਾਂ, ਤੇਰਾ ਹੋ ਰਹਿ ਗਿਆ ਨੀ
ਤੇਰੇ ਵਰਗੀ ਨਾ ਕੋਈ ਹੋਰ ਏ ਸੱਚ, "ਕੁਲਵਿੰਦਰ" ਕਹਿ ਗਿਆ ਨੀ
ਮੈਂ ਤਾਂ ਹਾਂ ਤੈਨੂੰ ਚਾਹੁੰਦਾ, ਤੂੰ ਕੀਹਨੂੰ ਚਾਹੁੰਨੀ ਏਂ ਕੁੜੀਏ
ਤੂੰ ਕੀ ਜਾਣੇ ਮੇਰੇ ਨਿੱਤ ਸੁਪਨੇ ਵਿੱਚ ਆਉਂਨੀ ਏਂ ਕੁੜੀਏ


Academy of the Punjab in North America - APNA: http://www.apnaorg.com

# ਰੱਬ ਸੱਚ ਕਰੇ ਤੇਰੇ ਲਈ ਜਿਹੜੇ ਨੇ, ਸੁਪਨੇ ਪਾਲੇ ਮੈਂ

ਫੁੱਲਾਂ ਵਰਗਾ ਪਿਆਰ ਤੇਰਾ ਤੇ, ਮਹਿਕ ਜਿਹੀ ਏਂ ਤੂੰ
ਸੱਜਰੇ ਤੜਕੇ ਚਿੜੀਆਂ ਵਾਲੀ, ਚਹਿਕ ਜਿਹੀ ਏਂ ਤੂੰ
ਭਾਂਵੇ ਖੁਆਬਾਂ ਵਿੱਚ ਹੀ ਤੱਕਿਆ, ਨਾ ਮਿਲਿਆ ਹਾਂ ਹਾਲੇ ਮੈਂ
ਰੱਬ ਸੱਚ ਕਰੇ ਤੇਰੇ ਲਈ ਜਿਹੜੇ ਨੇ, ਸੁਪਨੇ ਪਾਲੇ ਮੈਂ

ਫੋਨ ਤੇ ਹੀ ਏ ਆਵਾਜ ਸੁਣੀ, ਵਿੱਚ ਕੰਨਾਂ ਦੇ ਓਹ ਗੂੰਜੇ
ਮਿੱਠੇ ਮਿਸ਼ਰੀ ਬੋਲ ਸੁਣਾ ਕੇ, ਯਾਰ ਲਗਾ ਤੇ ਖੂੰਜੇ
ਹੁਣ ਹੋਰ ਨਾ ਕੁਝ ਵੀ ਦਿਸਦਾ, ਐਸੇ ਸੱਜਣ ਭਾਲੇ ਮੈਂ
ਰੱਬ ਸੱਚ ਕਰੇ ਤੇਰੇ ਲਈ ਜਿਹੜੇ ਨੇ, ਸੁਪਨੇ ਪਾਲੇ ਮੈਂ

ਪਾਰਕ ਦੇ ਵਿੱਚ ਪੱਟ ਤੇਰੇ ਤੇ ਸਿਰ ਰੱਖ ਕੇ ਮੈਂ ਪੈਜਾਂ
ਜਿਹੜੇ ਰਾਹੋਂ ਲੰਘੇ ਤੂੰ, ਓਹਨਾਂ ਰਾਹਾਂ ਦੇ ਵਿੱਚ ਬਹਿਜਾਂ
ਕੀ ਦੱਸਾਂ ਤੇਰੀ ਖਾਤਰ, ਕਿੰਨੇ ਸਾਲ ਨੇ ਗਾਲੇ ਮੈਂ
ਰੱਬ ਸੱਚ ਕਰੇ ਤੇਰੇ ਲਈ ਜਿਹੜੇ ਨੇ, ਸੁਪਨੇ ਪਾਲੇ ਮੈਂ

ਜੇ ਕਿਸਮਤ ਵਿੱਚ ਨਹੀਂ ਲਿਖਿਆ, ਹੱਥ ਰੱਬ ਕੋਲੋਂ ਤੇਰਾ ਮੰਗਾਂ
ਵਿਆਹ ਕਰਵਾ "ਕੁਲਵਿੰਦਰ" ਨੂੰ, ਵਿੱਚ ਰੰਗ ਲੈ ਆਪਣੇ ਰੰਗਾਂ
ਤੈਨੂੰ ਜ਼ਿੰਦਗੀ ਵਿੱਚ ਲਿਆਉਣ ਲਈ, ਕਈ ਰਿਸ਼ਤੇ ਟਾਲੇ ਮੈਂ
ਰੱਬ ਸੱਚ ਕਰੇ ਤੇਰੇ ਲਈ ਜਿਹੜੇ ਨੇ, ਸੁਪਨੇ ਪਾਲੇ ਮੈਂ



Academy of the Punjab in North America - APNA: http://www.apnaorg.com

# ਮੁੰਡਾ ਲੁਧਿਆਣੇ ਦਾ ਮੈਂ, ਮੋਗੇ ਦੀਏ ਕੁੜੀਏ ਨੀ

ਬਰੈਂਡਿਡ ਹਾਂ ਪਾਉਂਦੇ ਜੀਨਾਂ, ਬੰਨਦੇ ਹਾਂ ਪੱਗ ਕੁੜੇ
ਦਿਲ ਤੋਂ ਹਾਂ ਪਿਉਰ ਪੰਜਾਬੀ, ਮੰਨਦਾ ਏ ਜੱਗ ਕੁੜੇ
ਗੇੜੀ ਜਦ ਬੁਲਿਟ ਤੇ ਲਾਈਏ, ਪਿੱਛੇ ਨਾ ਮੁੜੀਏ ਨੀ
ਮੁੰਡਾ ਲੁਧਿਆਣੇ ਦਾ ਮੈਂ, ਮੋਗੇ ਦੀਏ ਕੁੜੀਏ ਨੀ

ਪਹਿਲਾਂ ਸੀ ਮੁੱਲਾਂਪੁਰ ਤੱਕ, ਹੁਣ ਤਾਂ ਟੱਪ ਗਏ ਜਗਰਾਵਾਂ
ਲਗਦਾ ਸਿਰੇ ਤੱਕ ਲਿਜਾਣਾ, ਤੇਰੇ ਇਹਨਾਂ ਇਸ਼ਕੀ ਰਾਹਵਾਂ
ਕਾਲਜ਼ ਤੋਂ ਜਾਂਦੇ ਕਰਤਾ, ਜਾਦੂ ਦੀਏ ਪੁੜੀਏ ਨੀ
ਮੁੰਡਾ ਲੁਧਿਆਣੇ ਦਾ ਮੈਂ, ਮੋਗੇ ਦੀਏ ਕੁੜੀਏ ਨੀ

ਜਾਨਣ ਸਭ ਲੱਗ ਪਏ ਰਾਹੀ, ਸਭ ਨੂੰ ਏ ਸੱਕ ਹੋਈ
ਪਹਿਲੇ ਦਿਨੋਂ ਤੇਰੇ ਉੱਤੇ, ਟਿਕੀ ਸਾਡੀ ਅੱਖ ਹੋਈ
ਸੋਚਾਂ ਦੀ ਛੱਡ ਕੇ ਦੁਨੀਆਂ, ਜਿੰਦਗੀ ਵਿੱਚ ਜੁੜੀਏ ਨੀ
ਮੁੰਡਾ ਲੁਧਿਆਣੇ ਦਾ ਮੈਂ, ਮੋਗੇ ਦੀਏ ਕੁੜੀਏ ਨੀ

ਬੱਸ ਦੇ ਪਿਛਲੇ ਸ਼ੀਸ਼ੇ ਚੋਂ, ਤੂੰ ਵੀ ਤਾਂ ਤੱਕਦੀ ਜਾਂਵੇ
ਦਿਲ ਨਾ ਰਹੇ ਸੀਨੇ ਦੇ ਵਿੱਚ, ਮਿੱਠਾ ਜਦ ਹੱਸਦੀ ਜਾਂਵੇ
ਹਾਮੀ "ਕੁਲਵਿੰਦਰ" ਚਾਹੁੰਦਾ, ਇਸ਼ਕੇ ਵਿੱਚ ਰੁੜ੍ਹੀਏ ਨੀ
ਮੁੰਡਾ ਲੁਧਿਆਣੇ ਦਾ ਮੈਂ, ਮੋਗੇ ਦੀਏ ਕੁੜੀਏ ਨੀ


Academy of the Punjab in North America - APNA: http://www.apnaorg.com

# ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ, ਪਿੱਛੇ ਲਾਉਂਦੀ ਆ

ਸਿਰੋਂ ਉੱਡਦੀ ਚੁੰਨਰੀ ਲਾਲ ਨੀ ਸਾਨੂੰ ਪਿੱਛੇ ਲਾਉਂਦੀ ਆ
ਤੇਰੇ ਵਿੱਚ ਖਿਆਲਾਂ ਹਾਣਦੀਏ ਨਾ ਨੀਂਦਰ ਆਉਂਦੀ ਆ
ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ ਪਿੱਛੇ ਲਾਉਂਦੀ ਆ

ਮਟਕ ਮਟਕ ਪੱਬ ਧਰਨਾ, ਪਿੱਛੇ ਤੱਕਣਾ ਇੱਕ ਦਮ ਖੜ੍ਹਨਾ
ਵਾਲ ਬਣਾਉਂਣੇ ਉਂਗਲੀ ਛੱਲਾ, ਭੋਲਾ ਸਾਡਾ ਚਿਹਰਾ ਪੜ੍ਹਨਾ
ਮੁਸਕੁਰਾਹਟ ਫਿਰ ਤੇਰੀ ਦਿਲ ਤੇ, ਜਾਦੂ ਪਾਉਂਦੀ ਆ
ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ, ਪਿੱਛੇ ਲਾਉਂਦੀ ਆ

ਕੋਕਾ ਲਿਸ਼ਕਾਂ ਮਾਰੇ ਨੱਕ ਚੋਂ, ਗਜ਼ਰੇ ਬਾਂਹੀ ਚਮਕਣ ਨੀ
ਧਰਦੀ ਏਂ ਪੱਬ ਪੋਲੇ ਪੋਲੇ, ਝਾਂਜਰਾਂ ਫਿਰ ਵੀ ਛਣਕਣ ਨੀ
ਛਣ ਛਣ ਵਾਲੀ ਆਵਾਜ਼ ਰੂਹ ਮੇਰੀ, ਸੁਣਨਾ ਚਾਹੁੰਦੀ ਆ
ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ, ਪਿੱਛੇ ਲਾਉਂਦੀ ਆ

ਖਿੱਚ ਤੇਰੀ ਇਸ ਪਿਆਰ ਦੀ ਕੀਤਾ, ਕੈਸਾ ਜਾਦੂ ਨੀ
ਕੱਲ ਤੱਕ ਚੰਗਾ ਭਲਾ ਹੋ ਗਿਆ ਅੱਜ, ਬੇਕਾਬੂ ਨੀ
ਜਾਨੇ ਆਂ ਅਸੀਂ ਹੋਰ ਕਿਤੇ, ਪਿੱਛੇ ਖਿੱਚ ਲਿਆਉਂਦੀ ਆ
ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ, ਪਿੱਛੇ ਲਾਉਂਦੀ ਆ

ਹੈ "ਕੁਲਵਿੰਦਰ" ਤੇਰਾ ਮੰਨ ਕੇ ਬੈਠਾ ਏ ਖੁਦ ਨੂੰ
ਨਾ ਖੁਸ਼ੀ ਦਾ ਕੋਈ ਟਿਕਾਣਾ, ਖੋ ਲਿਆ ਉਸਨੇ ਏ ਸੁਧ ਨੂੰ
ਯਾਦ ਤੇਰੀ ਤੇਰੇ ਪਿੱਛੋਂ ਆ ਕੇ, ਬੜਾ ਸਤਾਉਂਦੀ ਆ
ਤੇਰੀ ਹਿਰਨੀ ਵਰਗੀ ਚਾਲ ਨੀ ਸਾਨੂੰ, ਪਿੱਛੇ ਲਾਉਂਦੀ ਆ


Academy of the Punjab in North America - APNA: http://www.apnaorg.com

# ਨੂੰਹ ਮੰਮੀ ਦੀ ਬਣਾ ਦੇ ਰੱਬ ਤੈਨੂੰ,
# ਤੈਨੂੰ ਵੀ ਚੰਗੀ ਸੱਸ ਮਿਲਜੇ

ਦਿਲ ਕਰਦਾ ਨਾ ਹੋਣ ਕੋਈ ਰੁਕਾਵਟਾਂ
ਸਿਰੇ ਚੜ੍ਹ ਜਾਣ ਸਾਡੀਆਂ ਇਹ ਚਾਹਤਾਂ
ਇੱਕ ਦੂਜੇ ਦੇ ਹੋ ਜਾਈਏ ਪਰਵਾਨਗੀ ਘਰੋਂ ਵੀ ਹੱਸ ਹੱਸ ਮਿਲਜੇ
ਨੂੰਹ ਮੰਮੀ ਦੀ ਬਣਾ ਦੇ ਰੱਬ ਤੈਨੂੰ, ਤੈਨੂੰ ਵੀ ਚੰਗੀ ਸੱਸ ਮਿਲਜੇ

ਸਾਰਾ ਦਿਨ ਆਖਦੀ ਬਣਾ ਕੇ ਧੀ ਮੈਂ ਰੱਖੂੰਗੀ
ਆਪੇ ਸਮਝਾਲੂੰ ਗੱਲ ਤੈਨੂੰ ਨਾ ਮੈਂ ਦੱਸੂੰਗੀ
ਕਹਿੰਦੀ ਸੀਨੇਂ ਨਾਲ ਰੱਖ ਲਉਂਗੀ ਲਾ ਕੇ, ਉਹ ਇੱਕ ਵਾਰੀ ਬਸ ਮਿਲਜੇ
ਨੂੰਹ ਮੰਮੀ ਦੀ ਬਣਾ ਦੇ ਰੱਬ ਤੈਨੂੰ, ਤੈਨੂੰ ਵੀ ਚੰਗੀ ਸੱਸ ਮਿਲਜੇ

ਕਰਦੀ ਏ ਯਾਦ ਤੈਨੂੰ ਚੁੱਲ੍ਹਾ ਚੌਂਕਾ ਸਾਂਭਦੀ
ਪਿਆਰ ਨਾਲ ਕੱਢੇ ਗਾਲ਼ਾਂ ਕਾਹਤੋਂ ਨਹੀਓ ਆਂਵਦੀ
ਨੂੰਹਾਂ ਹੱਥੋਂ ਏਂ ਕਰਾਉਂਣੀ ਸੇਵਾ ਹੁੰਦੀ, ਨੇ ਪੁੱਤ ਭਾਂਵੇ ਲੱਖ ਮਿਲਦੇ
ਨੂੰਹ ਮੰਮੀ ਦੀ ਬਣਾ ਦੇ ਰੱਬ ਤੈਨੂੰ, ਤੈਨੂੰ ਵੀ ਚੰਗੀ ਸੱਸ ਮਿਲਜੇ

ਰੱਬਾ ਮੇਰਿਆ ਲੈ ਸੁਣ "ਕੁਲਵਿੰਦਰ" ਦੀ ਗੱਲ
ਨਿਗਾਹ ਆਪਣੀ ਘੁੰਮਾ ਦੇ ਜਰਾ ਤੂੰ ਵੀ ਸਾਡੇ ਵੱਲ
ਰੀਝ ਮਾਤਾ ਜੀ ਦੀ ਕਰ ਦੇ ਤੂੰ ਪੂਰੀ ਤੇ ਵਹੁਟੀ ਸਾਨੂੰ ਵੱਖ ਮਿਲਜੇ
ਨੂੰਹ ਮੰਮੀ ਦੀ ਬਣਾ ਦੇ ਰੱਬ ਤੈਨੂੰ, ਤੈਨੂੰ ਵੀ ਚੰਗੀ ਸੱਸ ਮਿਲਜੇ


Academy of the Punjab in North America - APNA: http://www.apnaorg.com

## ਤੇਰਾ ਨਾਂਅ, ਮੈਨੂੰ ਏ ਬੜਾ ਸੋਹਣਾ ਲੱਗਦਾ...

ਜੱਚਦੀ ਏਂ ਬੜਾ ਜਦੋਂ ਹੱਸਦੀ ਏਂ ਤੂੰ
ਸ਼ੀਸ਼ਾ ਵੀ ਹੈਰਾਨ ਹੋ ਜਏ ਤੱਕ ਤੇਰਾ ਮੂੰਹ
ਰੰਗ ਸੂਟ ਦਾ ਹਰੇਕ ਤੇਰੇ ਉੱਤੇ ਫੱਬਦਾ
ਨੀ ਤੇਰਾ ਨਾਂਅ, ਮੈਨੂੰ ਏ ਬੜਾ ਸੋਹਣਾ ਲੱਗਦਾ

ਕਾਲੀਆਂ ਘਟਾਵਾਂ ਜਿਹੇ ਵਾਲ ਕੁੜੇ ਤੇਰੇ
ਮੁੱਖ ਤ੍ਰੇਲ ਭਿੱਜਾ ਫੁੱਲ ਤੱਕੀਏ ਸਵੇਰੇ
ਰਾਤੀਂ ਲੱਗਦਾ ਏ ਚੰਨ ਅੰਬਰਾਂ ਤੇ ਜਗਦਾ
ਨੀ ਤੇਰਾ ਨਾਂਅ, ਮੈਨੂੰ ਏ ਬੜਾ ਸੋਹਣਾ ਲੱਗਦਾ

ਦੇਖਿਆ ਜਦੋਂ ਦਾ ਤੈਨੂੰ ਦਿਲ ਬੈਠੇ ਹਾਰ
ਤੇਰੇ ਨਾਲ ਲੱਗਦਾ ਏ ਹੋ ਗਿਆ ਪਿਆਰ
ਇਸ਼ਕੇ ਦਾ ਹੜ ਤੇਰੇ ਨੈਣੋਂ ਵਗਦਾ ਨੀ
ਨੀ ਤੇਰਾ ਨਾਂਅ, ਮੈਨੂੰ ਏ ਬੜਾ ਸੋਹਣਾ ਲੱਗਦਾ

ਮੈਂ ਹਾਂ ਤੇਰਾ ਮੀਤ ਤੂੰ ਏਂ ਮੇਰੀ ਮਨਪ੍ਰੀਤ
ਤੇਰੇ ਲਈ ਨੇ ਲਿਖੇ ਕੁਲਵਿੰਦਰ ਨੇ ਗੀਤ
ਮਿੱਠਾ ਬੋਲਣੇ ਦਾ ਢੰਗ ਮੇਰਾ ਦਿਲ ਠੱਗਦਾ
ਨੀ ਤੇਰਾ ਨਾਂਅ, ਮੈਨੂੰ ਏ ਬੜਾ ਸੋਹਣਾ ਲੱਗਦਾ



Academy of the Punjab in North America - APNA: http://www.apnaorg.com

# ਕੰਡਾ

ਮੌਸਮ ਰੰਗੀਨ ਸੀ ਤੇ ਵਾੱਦੀਆਂ ਹਸੀਨ ਸੀ
ਹੂਰ ਤੇਰੀ ਚੰਨਾ ਤੇਰੇ ਪਿਆਰ ਵਿੱਚ ਲੀਨ ਸੀ
ਅਚਾਨਕ ਸੀ ਤੁਰਦੀ ਨੂੰ ਪਤਾ ਨਹੀਂ ਕੀ ਹੋਇਆ,
ਟੁੱਟ ਗਿਆ ਸੀ ਧਿਆਨ ਮੇਰਾ ਸਾਰਾ
ਲੈ ਬੋਚ ਮੈਨੂੰ ਬਾਂਹੋ ਫੜਕੇ, ਕੰਡਾ ਪੈਰ 'ਚ ਵੱਜਾ ਵੇ ਸਰਦਾਰਾ

ਸਾਰੇ ਤੈਨੂੰ ਦੇਖ ਕੇ ਨਜ਼ਾਰੇ ਅਸੀਂ ਭੁੱਲ ਗਏ
ਸੋਹਣੀਏਂ ਨੀ ਤੇਰੀਆਂ ਅਦਾਵਾਂ ਉੱਤੇ ਡੁੱਲ੍ਹ ਗਏ
ਤੇਰੀ ਤਕਲੀਫ ਮੇਰੇ ਦਿਲ ਤੱਕ ਹੋਈ, ਹੋਇਆ ਦੁੱਖ ਸੀ ਬੜਾ ਸਰਕਾਰੇ
ਨੀ ਮੋਢੇ ਉੱਤੇ ਹੱਥ ਧਰ ਲੈ, ਕੰਡਾ ਕੱਢ ਦੇਊਂ ਮੈਂ ਆਪੇ ਮੁਟਿਆਰੇ

ਕਰਦੀ ਪਿਆਰ ਤੈਨੂੰ ਮੈਂ ਵੀ ਵੱਧ ਜਾਨ ਤੋਂ
ਤੇਰੇ ਬਿਨਾਂ ਚਾਹੀਦਾ ਨਹੀਂ ਕੁਝ ਵੀ ਜਹਾਨ ਤੋਂ
ਸੱਤ ਜਨਮਾ ਲਈ ਤੇਰਾ ਮੰਗਦੀ ਹਾਂ ਸਾਥ, ਹੋਣਾ ਤੇਰੇ ਬਿਨਾ ਮੇਰਾ ਨਹੀਂ ਗੁਜ਼ਾਰਾ
ਲੈ ਬੋਚ ਮੈਨੂੰ ਬਾਂਹੋ ਫੜਕੇ, ਕੰਡਾ ਪੈਰ 'ਚ ਵੱਜਾ ਵੇ ਸਰਦਾਰਾ

ਛੱਡਦਾ ਨੀ ਹੱਥ ਬਿੱਲੋ ਜੱਟ ਤੇਰਾ ਫੜਕੇ
ਖੜ੍ਹ ਜਾਵਾਂ ਜਿੱਥੇ ਨੀ ਦਿਖਾਵੇ ਕੋਈ ਖੜ੍ਹਕੇ
ਤੇਰੇ ਪਿੱਛੇ ਦੁਨੀਆਂ ਕੀ ਰੱਬ ਨਾਲ ਖਹਿਜੂੰ, ਰੱਖ ਯਾਰ ਤੇ ਭਰੋਸਾ ਨੀ ਤੂੰ ਨਾਰੇ
ਨੀ ਮੋਢੇ ਉੱਤੇ ਹੱਥ ਧਰ ਲੈ, ਕੰਡਾ ਕੱਢ ਦੇਊਂ ਮੈ ਆਪੇ ਮੁਟਿਆਰੇ


Academy of the Punjab in North America - APNA: http://www.apnaorg.com

# ਸੋਹਣੀਏ ਹੋ ਜਾਵੇ, ਮੌਸਮ ਬੇਈਮਾਨ

ਬੱਦਲਵਾਈ ਹੋਵੇ ਸਿਰ ਤੇ, ਸੁੰਨੀ ਕੋਈ ਥਾਂ ਹੋਵੇ
ਮੈਂ ਹੋਵਾਂ ਇੱਕ ਤੂੰ ਹੋਵੇਂ ਤੇ, ਤੀਜਾ ਕੋਈ ਨਾ ਹੋਵੇ
ਹੱਥ ਤੇਰਾ ਮੇਰੀ ਹਿੱਕ ਤੇ, ਤੇਰੇ ਸਿਰ ਥੱਲੇ ਮੇਰੀ ਬਾਂਹ
ਸੋਹਣੀਏ ਹੋ ਜਾਵੇ ਮੌਸਮ ਬੇਈਮਾਨ

ਮੋਰ ਪਾਉਂਦੇ ਹੋਣ ਬਾਗੀਂ ਪੈਲ੍ਹਾਂ, ਖਿੜ੍ਹ ਹੱਸਦੇ ਹੋਵਣ ਫੁੱਲ ਬਿੱਲੋ
ਸਾਥ ਜੇ ਦੇ ਦਏ ਕੁਦਰਤ ਪੈਂਦਾ, ਪਿਆਰ ਦਾ ਅਸਲੀ ਮੁੱਲ ਬਿੱਲੋ
ਫਿਰ ਸੱਜਣ ਦੀ ਹਰ ਇੱਕ ਗੱਲ ਲਈ, ਨਿਕਲੇ ਮੂੰਹ ਚੋਂ ਹਾਂ
ਸੋਹਣੀਏ ਹੋ ਜਾਵੇ ਮੌਸਮ ਬੇਈਮਾਨ

ਲੱਗ ਜਾਏ ਫਿਰ ਰੰਗ ਜੇ ਹੋਵੇ, ਇੱਕ ਨਜ਼ਾਰਾ ਹੋਰ ਕੁੜੇ
ਨਿੱਕੀ ਨਿੱਕੀ ਕਣੀ ਦੇ ਮੀਂਹ ਨਾਲ, ਹਵਾ ਦਾ ਹੋਵੇ ਜੋਰ ਕੁੜੇ
ਡਰ ਕੜਕਦੀ ਬਿਜਲੀ ਤੋਂ, ਸੀਨੇ ਨਾ ਲੱਗਜੇਂ ਆਣ
ਸੋਹਣੀਏ ਹੋ ਜਾਵੇ ਮੌਸਮ ਬੇਈਮਾਨ

ਅੱਖਾਂ ਨੂੰ ਅੱਖਾਂ ਵਿੱਚ ਪਾ ਕੇ, ਇੱਕ ਦੂਜੇ ਵਿੱਚ ਖੋ ਜਾਈਏ
ਚਾਹੁੰਦਾ ਏ "ਕੁਲਵਿੰਦਰ" ਮਾਲਾ ਇੱਕ ਦੇ ਵਿੱਚ ਪਰੋ ਜਾਈਏ
ਰੱਬ ਬਣਾ ਦਏ ਸਾਥ ਉਮਰ ਦਾ, ਭੁੱਲਾਂ ਨਾ ਅਹਿਸਾਨ
ਸੋਹਣੀਏ ਹੋ ਜਾਵੇ ਮੌਸਮ ਬੇਈਮਾਨ



Academy of the Punjab in North America - APNA: http://www.apnaorg.com

# ਹੋਲੀ ਦਾ ਨਜ਼ਾਰਾ

ਰੰਗ ਪਾਇਆ ਮੇਰੇ ਉੱਤੇ, ਪਹਿਲੀ ਵਾਰ ਇੰਨਾ ਹੱਸੀ
ਤੇਰੇ ਹਾਸੇ ਵਿੱਚ ਕੁੜੇ, ਮੇਰੀ ਦੁਨੀਆਂ ਸੀ ਵਸੀ
ਰੰਗ ਪਾਉਣ ਦੇ ਬਹਾਨੇ ਨੇੜੇ ਆ ਗਈ, ਓਦਾਂ ਦੂਰ ਦੂਰ ਹੋ ਕੇ ਸਾਥੋਂ ਲੰਘਜੇਂ
ਆ ਜੇ ਹੋਲੀ ਦਾ ਨਜ਼ਾਰਾ ਮੈਨੂੰ ਸੋਹਣੀਏਂ, ਤੇਰੇ ਪਿਆਰ ਵਾਲੇ ਰੰਗ 'ਚ ਜੇ ਰੰਗਜੇਂ

ਪੀਲੇ ਰੰਗ ਵਾਲਾ ਹੱਥ ਕੀ ਸੀ, ਮੂੰਹ ਤੇ ਮੇਰੇ ਲਾਇਆ
ਕਿੰਝ ਦੱਸਾਂ ਉਹੋ ਪਲ ਕਿੰਨਾ, ਦਿਲ ਨੂੰ ਸੀ ਭਾਇਆ
ਹਰ ਰੰਗ ਤੇਰੇ ਮੁੱਖ ਤੇ ਸੀ ਲੱਗਿਆ, ਜਦੋਂ ਮੇਰੀ ਵਾਰੀ ਆਈ ਉਦੋਂ ਸੰਗਜੇਂ
ਆ ਜੇ ਹੋਲੀ ਦਾ ਨਜ਼ਾਰਾ ਮੈਨੂੰ ਸੋਹਣੀਏਂ, ਤੇਰੇ ਪਿਆਰ ਵਾਲੇ ਰੰਗ 'ਚ ਜੇ ਰੰਗਜੇਂ

ਕਿੰਨਾ ਸੋਹਣਾ ਏ ਤਿਉਹਾਰ, ਹੁੰਦਾ ਖੁਸ਼ੀ ਦਾ ਮਹੌਲ
ਹੁਣ ਤੱਕ ਨਾ ਸੀ ਕੀਤਾ ਤੈਨੂੰ, ਕਦੀ ਵੀ ਮਖੌਲ
ਅੱਜ ਖੇਡੇ ਅਸੀਂ ਸਾਰੇ ਭੱਜ ਭੱਜ ਕੇ, ਪਹਿਲਾਂ ਲੁਕਜੇਂ ਤੇ ਫੇਰ ਮਿੱਠਾ ਖੰਘਜੇਂ
ਆ ਜੇ ਹੋਲੀ ਦਾ ਨਜ਼ਾਰਾ ਮੈਨੂੰ ਸੋਹਣੀਏਂ, ਤੇਰੇ ਪਿਆਰ ਵਾਲੇ ਰੰਗ 'ਚ ਜੇ ਰੰਗਜੇਂ

ਇੱਕ ਬੱਚਾ ਪਿਚਕਾਰੀ ਲੈ ਕੇ, ਪਿੱਛੇ ਤੇਰੇ ਆਇਆ
ਤੈਨੂੰ ਬਾਹਾਂ ਵਿੱਚ ਲੈ ਕੇ ਨੀ ਮੈਂ, ਮਸਾਂ ਸੀ ਬਚਾਇਆ
ਪਾਣੀ ਵਾਲਾ ਤੂੰ ਗੁਬਾਰਾ ਹੱਥ ਫੜ੍ਹਕੇ, ਜਿੰਦ ਸੂਲੀ "ਕੁਲਵਿੰਦਰ" ਦੀ ਟੰਗਜੇਂ
ਆ ਜੇ ਹੋਲੀ ਦਾ ਨਜ਼ਾਰਾ ਮੈਨੂੰ ਸੋਹਣੀਏਂ, ਤੇਰੇ ਪਿਆਰ ਵਾਲੇ ਰੰਗ 'ਚ ਜੇ ਰੰਗਜੇਂ


Academy of the Punjab in North America - APNA: http://www.apnaorg.com

# ਡਾਇਰੀ ਸਰਤਾਜ਼ ਦੀ

ਕਿੰਝ ਕਰਾਂ ਐਂਪਰੈਸ, ਕੁੜੇ ਜੋਰ ਬੜਾ ਲਾਇਆ
ਜਾਵਾਂ ਤੈਨੂੰ ਨੀ ਮੈਂ ਜਚ, ਹਰ ਢੰਗ ਅਪਣਾਇਆ
ਪਤਾ ਲੱਗਿਆ ਏ ਅੱਜ, ਸ਼ੇਅਰ ਸੁਣਦੀ ਤੂੰ ਵੱਧ,
ਬੱਤੀ ਮੇਰੇ ਵੀ ਦਿਮਾਗ ਵਾਲੀ ਜਗ ਗਈ
ਤੂੰ ਵੀ ਕਰੇਂਗੀ ਪਸੰਦ ਮੈਨੂੰ ਸੋਹਣੀਏਂ, ਹੱਥ ਡਾਇਰੀ ਸਰਤਾਜ ਦੀ ਜੇ ਲੱਗ ਗਈ

ਲੈ ਕੇ ਸਾਂਈ ਜੀ ਦਾ ਨਾਮ, ਸੱਚੇ ਰੱਬ ਨੂੰ ਧਿਆਉਂਣਾ
ਪੱਕੀ ਦਿਲ ਦੀ ਐ ਰੀਝ, ਕਦੀ ਦਗਾ ਨਾ ਕਮਾਉਂਣਾ
ਫੜ ਇੱਕ ਵਾਰੀ ਹੱਥ, ਜਾਨ ਤਲੀ ਦੇਣੀ ਰੱਖ,
ਤੇਰੇ ਪਿਆਰ ਵਾਲੀ ਲੱਗ ਸੀਨੇ ਅੱਗ ਗਈ
ਤੂੰ ਵੀ ਕਰੇਂਗੀ ਪਸੰਦ ਮੈਨੂੰ ਸੋਹਣੀਏਂ, ਹੱਥ ਡਾਇਰੀ ਸਰਤਾਜ ਦੀ ਜੇ ਲੱਗ ਗਈ

ਤੇਰੇ ਸੁਪਨੇ 'ਚ ਆ ਕੇ ਨਿੱਤ, ਸੌਅ ਨੇ ਨਵੇਂ ਲਾਉਣੇ
ਤੇਰੀ ਜਿੰਦਗੀ ਨਾ ਮੇਲ ਖਾਂਦੇ ਗੀਤ ਨੇ ਸਣਾਉਂਣੇ
ਫੇਰ ਕਹਿਣਾ ਤੈਨੂੰ ਨੱਚ, ਕਿੱਦਾਂ ਜਾਂਵੇਗੀ ਤੂੰ ਬਚ,
ਜਦੋਂ ਕੱਲੀ ਕੱਲੀ ਗੱਲ ਤੈਨੂੰ ਫੱਬ ਗਈ
ਤੂੰ ਵੀ ਕਰੇਂਗੀ ਪਸੰਦ ਮੈਨੂੰ ਸੋਹਣੀਏਂ, ਹੱਥ ਡਾਇਰੀ ਸਰਤਾਜ ਦੀ ਜੇ ਲੱਗ ਗਈ

ਅਸੀਂ ਲਾ ਕੇ ਪੂਰਾ ਜੋਰ ਤੈਨੂੰ ਆਪਣੀ ਬਣਾਉਂਣਾ
ਭਾਂਵੇ ਆਉਂਦਾ "ਕੁਲਵਿੰਦਰ" ਨੂੰ ਰਤਾ ਵੀ ਨਾ ਗਾਉਂਣਾ
ਹਾੜਾ ਕਰ ਦੇ ਤੂੰ ਹਾਂ, ਹੋਜੂ ਸਾਡਾ ਵੀ ਤਾਂ ਨਾਂਅ
ਗੱਲ ਤੇਰੇ ਮੇਰੇ ਪਿਆਰ ਦੀ ਜੇ ਮਘ ਗਈ
ਤੂੰ ਵੀ ਕਰੇਂਗੀ ਪਸੰਦ ਮੈਨੂੰ ਸੋਹਣੀਏਂ, ਹੱਥ ਡਾਇਰੀ ਸਰਤਾਜ ਦੀ ਜੇ ਲੱਗ ਗਈ


Academy of the Punjab in North America - APNA: http://www.apnaorg.com

# ਚਾਂਈ ਚਾਂਈ ਨੱਚ ਮਿੱਤਰਾਂ ਦੇ ਨਾਲ ਨੀ

ਹੋ ਗਿਆ ਗੁਲਾਬੀ ਗੋਰਾ ਰੰਗ ਬੱਲੀਏ
ਖਿੜ ਖਿੜ ਹੱਸ ਪਏ ਸੀ ਦੰਦ ਬੱਲੀਏ
ਹੱਥਾਂ ਨੂੰ ਘੁੰਮਾਇਆ ਬੰਨ੍ਹ ਕੇ ਰੁਮਾਲ ਨੀ
ਚਾਂਈ ਚਾਂਈ ਨੱਚ ਮਿੱਤਰਾਂ ਦੇ ਨਾਲ ਨੀ

ਕਾਲੀਆਂ ਘਟਾਵਾਂ ਜਿਹੇ ਵਾਲ ਖੁੱਲ ਗਏ
ਕੂਲੇ ਕੂਲੇ ਅੰਗ ਸੰਗਣਾ ਵੀ ਭੁੱਲ ਗਏ
ਹੋ ਗਿਆ ਸ਼ਰਾਬੀਆਂ ਦੇ ਵਾਲਾ ਹਾਲ ਨੀ
ਚਾਂਈ ਚਾਂਈ ਨੱਚ ਮਿੱਤਰਾਂ ਦੇ ਨਾਲ ਨੀ

ਨੈਣਾ ਵਿੱਚ ਸੁਰਮੇ ਦੇ ਨਾਗ਼ ਬਣ ਗਏ
ਮਨ ਵਿੱਚ ਸੋਹਣੇ ਸੋਹਣੇ ਖੁਆਬ ਬਣ ਗਏ
ਤਾਲ ਨਾਲ ਦੋਵਾਂ ਨੇ ਮਿਲਾਈ ਤਾਲ ਨੀ
ਚਾਂਈ ਚਾਂਈ ਨੱਚ ਮਿੱਤਰਾਂ ਦੇ ਨਾਲ ਨੀ

ਗੋਰੇ ਗੋਰੇ ਹੱਥ ਮਹਿੰਦੀ ਨਾਲ ਸਜ ਗਏ
ਲਿਖ 'ਕੁਲਵਿੰਦਰ' ਦਾ ਨਾਮ ਫਬ ਗਏ
ਚੂੜਾ ਬਾਂਹੀ ਜਚੇ ਤੇਰੇ ਪਾਇਆ ਲਾਲ ਨੀ
ਚਾਂਈ ਚਾਂਈ ਨੱਚ ਮਿੱਤਰਾਂ ਦੇ ਨਾਲ ਨੀ


Academy of the Punjab in North America - APNA: http://www.apnaorg.com

# ਬੁੱਲ੍ਹੀਆਂ ਦੇ ਨਿੰਮੇ ਨਿੰਮੇ ਹਾਸੇ ਨੇ

ਫਿਰੇ ਲੱਭਦਾ ਬਹਾਨੇ, ਚਾਹੁੰਦਾ ਤੱਕਣਾ ਰਕਾਨੇ
ਪਾ ਗਏ ਕੀਲ ਕੇ ਪਟਾਰੀ, ਤੇਰੇ ਨੈਣਾ ਦੇ ਨਿਸ਼ਾਨੇ
ਉੱਤੋਂ ਲੁੱਟ ਲਿਆ ਦੰਦਾਂ ਦੇ ਦੰਦਾਸੇ ਨੇ ਨੀ, ਮੁੰਡਾ ਪੱਟਤਾ
ਬੁੱਲ੍ਹੀਆਂ ਦੇ ਨਿੰਮੇ ਨਿੰਮੇ ਹਾਸੇ ਨੇ ਨੀ, ਮੁੰਡਾ ਪੱਟਤਾ

ਘਰ ਕਰ ਕੇ ਹੰਗਾਮਾ, ਇੱਕ ਲੈ ਲਿਆ ਏ ਪਾਹਮਾ
ਲਾਵੇ ਗੇੜੀਆਂ ਤੇ ਦੇਖੇ, ਨਿੱਤ ਤੇਰਿਆਂ ਹੀ ਰਾਹਵਾਂ
ਐਸਾ ਕਰਤਾ ਅਸਰ ਤੇਰੇ ਝਾਕੇ ਨੇ ਨੀ, ਮੁੰਡਾ ਪੱਟਤਾ
ਬੁੱਲ੍ਹੀਆਂ ਦੇ ਨਿੰਮੇ ਨਿੰਮੇ ਹਾਸੇ ਨੇ ਨੀ, ਮੁੰਡਾ ਪੱਟਤਾ

ਖੜ੍ਹੇ ਵਾਲ ਜੇ ਕਰਾ ਲਏ, ਨਾਲੇ ਕਾਲਰ ਚੜ੍ਹਾ ਲਏ
ਐਡਾ ਹੋ ਗਿਆ ਸ਼ੌਕੀਨ, ਦੋਵੇਂ ਕੰਨ ਵੀ ਬਨ੍ਹਾਂ ਲਏ
ਰੱਖੀ ਪਿੰਡ ‘ਚ ਚੜ੍ਹਾਈ ਆ ਤੇਰੇ ਰਾਖੇ ਨੇ ਨੀ, ਮੁੰਡਾ ਪੱਟਤਾ
ਬੁੱਲ੍ਹੀਆਂ ਦੇ ਨਿੰਮੇ ਨਿੰਮੇ ਹਾਸੇ ਨੇ ਨੀ, ਮੁੰਡਾ ਪੱਟਤਾ

ਹੱਥ ਰੱਖਦਾ ਮੋਬਾਇਲ, ਚੇਂਜ਼ ਹੋ ਗਿਆ ਸਟਾਈਲ
ਕਦੇ ਕਰ “ਕੁਲਵਿੰਦਰ” ਦਾ ਨੰਬਰ ਤੂੰ ਡਾਇਲ
ਵਾਲਪੇਪਰ ਬਣਾ ਲਈ ਫੋਟੋ ਕਾਕੇ ਨੇ ਨੀ, ਮੁੰਡਾ ਪੱਟਤਾ
ਬੁੱਲ੍ਹੀਆਂ ਦੇ ਨਿੰਮੇ ਨਿੰਮੇ ਹਾਸੇ ਨੇ ਨੀ, ਮੁੰਡਾ ਪੱਟਤਾ

ਰਿਕਾਡ ਕੀਤਾ ਗੀਤ – ਆਵਾਜ਼ – ਸੰਨੀ ਭੰਗੂ– ਆਸਟ੍ਰੇਲੀਆ


Academy of the Punjab in North America - APNA: http://www.apnaorg.com

ਆਹ ਤਾਂ ਤੇਰੀ ਗੱਲ ਗਈ ਆ ਮਿਤਰਾਂ ਨੂੰ ਜਚ ਨੀ
ਨਹੀਂਓ ਪੀਂਦਾ "ਕੁਲਵਿੰਦਰ" ਸੌਂਹ ਖਾ ਲਈ ਸੱਚੋ ਸੱਚ ਨੀ
ਛੱਡ ਦਿੱਤਾ ਏ ਮੈਂ ਅੱਜ ਤੋਂ ਇਹ ਜ਼ਹਿਰ ਅੜ੍ਹੀਏ ਨੀ, ਮੇਰੀ ਜ਼ਿੰਦਗੀ 'ਚ ਆ ਕੇ
ਮੇਰੀ ਜਿੰਦਗੀ ਨੂੰ ਦੇ ਤੀ ਨਵੀਂ ਲਹਿਰ ਅੜ੍ਹੀਏ ਨੀ, ਮੇਰੀ ਜ਼ਿੰਦਗੀ 'ਚ ਆ ਕੇ


Academy of the Punjab in North America - APNA: http://www.apnaorg.com

# ਰੋਟੀਆਂ ਪਕਾਂਵਾ ਨਾਲੇ ਭਾਂਡੇ ਟੀਂਡੇ ਮਾਂਜਦੀ

ਰੋਟੀਆਂ ਪਕਾਂਵਾ ਨਾਲੇ ਭਾਂਡੇ ਟੀਂਡੇ ਮਾਂਜਦੀ
ਕੱਪੜੇ ਵੀ ਧੋਵਾਂ ਤੇ ਨਿਆਣੇ ਵੀ ਹਾਂ ਸਾਂਭਦੀ
ਨਾ ਏ ਤੇਰੇ ਨਾਲ ਰਹਿਣ ਦਾ ਸਵਾਦ ਢੋਲਣਾ ਵੇ, ਐਵੇਂ ਆਕੜਿਆ ਰਹਿੰਨਾ
ਦੱਸ ਕੀ ਕਰਾਂ ਮੈਂ ਤੇਰਾ ਇਲਾਜ ਢੋਲਣਾ ਵੇ, ਐਂਵੇ ਆਕੜਿਆ ਰਹਿੰਨਾ

ਚੰਗਾ ਭਲਾ ਜੀਂਦਾ ਸੀ ਨਜ਼ਾਰੇ ਪੂਰੇ ਲੁੱਟਦਾ
ਦੇਰ ਰਾਤ ਸੌਂ ਕੇ ਸੁਭਾ 10 ਵਜੇ ਉੱਠਦਾ
ਕੈਸਾ ਲਿਆ ਪੰਗਾ ਲੱਗਦੀ ਨਾ ਖੈਰ ਅੜੀਏ ਨੀ, ਮੇਰੀ ਜ਼ਿੰਦਗੀ 'ਚ ਆ ਕੇ
ਕਿਹੜੇ ਜਨਮ ਦਾ ਕੱਢਿਆ ਤੈਂ ਵੈਰ ਅੜੀਏ ਨੀ, ਮੇਰੀ ਜ਼ਿੰਦਗੀ 'ਚ ਆ ਕੇ

ਵੇਹਲਿਆਂ ਦਾ ਟੱਬਰ ਸੀ ਹਿੱਸੇ ਮੇਰੇ ਧਰਿਆ
ਮੈਂ ਤਾਂ ਕੀ ਜਵਾਕਾਂ ਵੀ ਕੋਈ ਚਾਅ ਨਾ ਪੂਰਾ ਕਰਿਆ
ਤੇਰੇ ਘਰ ਆ ਕੇ ਫੁੱਟ ਗਏ ਨੇ ਭਾਗ ਢੋਲਣਾ ਵੇ, ਐਵੇਂ ਆਕੜਿਆ ਰਹਿੰਨਾ
ਦੱਸ ਕੀ ਕਰਾਂ ਮੈਂ ਤੇਰਾ ਇਲਾਜ ਢੋਲਣਾ ਵੇ, ਐਂਵੇ ਆਕੜਿਆ ਰਹਿੰਨਾ

ਕਦੀ ਮੇਰੇ ਕੀਤੇ ਦੀ ਨਾ ਸਿਫਤ ਤੂੰ ਕਰਦੀ
ਜਦੋਂ ਦੇਖੋ ਰਹਿੰਨੀ ਏ ਤੂੰ ਨਾਲ ਮੇਰੇ ਲੜਦੀ
ਜਿੰਦ ਨਰਕ ਬਣਾਤੀ ਕੀਤਾ ਕਹਿਰ ਅੜੀਏ ਨੀ, ਮੇਰੀ ਜ਼ਿੰਦਗੀ 'ਚ ਆ ਕੇ
ਕਿਹੜੇ ਜਨਮ ਦਾ ਕੱਢਿਆ ਤੈਂ ਵੈਰ ਅੜੀਏ ਨੀ, ਮੇਰੀ ਜ਼ਿੰਦਗੀ 'ਚ ਆ ਕੇ

ਟੁੱਟ ਪੈਣਾ "ਸਾਬ੍ਹੀ" ਮਾਰ ਗੱਪਾਂ ਭਰਮਾ ਗਿਆ
ਨਿਰੀ ਗਊ ਕਹਿਕੇ ਇਹ ਸ਼ਰਾਬੀ ਗਲ ਪਾ ਗਿਆ
ਜੇ ਨਾ ਪੀਵੇਂ ਮੈਂ ਵੀ ਰਹਾਂ ਬਾਗੋ ਬਾਗ ਢੋਲਣਾ ਵੇ, ਐਵੇਂ ਆਕੜਿਆ ਰਹਿੰਨਾ
ਦੱਸ ਕੀ ਕਰਾਂ ਮੈਂ ਤੇਰਾ ਇਲਾਜ ਢੋਲਣਾ ਵੇ, ਐਂਵੇ ਆਕੜਿਆ ਰਹਿੰਨਾ



Academy of the Punjab in North America - APNA: http://www.apnaorg.com

ਕਾਮੇ ਪੁੱਤ ਅਸੀਂ ਮਾਂ ਬਾਪ ਦੇ,
ਟਾਈਮ ਨਹੀਂਓ ਸਾਨੂੰ ਗੇੜੇ ਲਾਉਣ ਦਾ
ਵੇਹਲਿਆਂ ਲੋਕਾਂ ਦੀ ਕਾਹਦੀ ਜਿੰਦਗੀ,
ਕੰਮ ਜਰੀਆ ਨੇ ਜਿੰਦਗੀ ਲੰਘਾਉਣ ਦਾ
ਐਨੀ ਐ ਨੀ ਸਾਡੇ ਉੱਤੇ ਮਿਹਰ ਰੱਬ ਦੀ,
ਕੰਮ ਆ ਜੇ ਭਾਂਵੇ ਕੋਈ ਹੱਥ ਪਾਉਣਾ ਸਿੱਖੇ ਆਂ
ਜਿੱਦੀ ਹਾਂ ਪੰਜਾਬ ਦੇ ਪੰਜਾਬਣੇ,
ਚੀਜ ਆ ਜੇ ਜੋ ਪਸੰਦ ਉਹਨੂੰ ਪਾਉਣਾ ਸਿੱਖੇ ਆਂ

ਮੰਨ ਲੈ ਮੈਂ ਤੇਰੇ ਨਾਲ ਲਾ ਲਈਆਂ,
ਹੁਣ ਕਿੱਦਾਂ ਕਰੂੰ ਸੋਹਣਿਆਂ ਦੀਦਾਰ ਵੇ
ਆਖਦਾ ਏਂ ਮੇਰੇ ਕੋਲ ਟਾਈਮ ਨੀ,
ਫਿਰ ਕੀਤਾ ਕਿਉਂ ਤੂੰ ਸੋਹਣਿਆਂ ਪਿਆਰ ਵੇ
ਸੋਚੀ ਨਾ ਸੀ ਬਾਰੇ "ਕੁਲਵਿੰਦਰ" ਦੇ ਮੈਂ,
ਖੌਰੇ ਕਿੱਥੋਂ ਦਿਲ ਵਿੱਚ ਥਾਂ ਹੋ ਗਈ
ਜਦੋਂ ਮੇਰੀ ਸੋਹਣਿਆਂ ਵੇ ਬਾਂਹ ਫੜ ਲਈ,
ਨਾਂਹ ਨਾਂਹ ਕਰਦੀ ਦੀ ਹਾਂ ਹੋ ਗਈ


Academy of the Punjab in North America - APNA: http://www.apnaorg.com

# ਜਦੋਂ ਮੇਰੀ ਸੋਹਣਿਆਂ ਵੇ ਬਾਂਹ ਫੜ ਲਈ

ਕੱਲ੍ਹ ਕੱਲੀ ਕੈਰੀ ਜਦੋਂ ਖੇਤ ਨੂੰ ਸੀ ਚੱਲੀ
ਲੱਗਿਆ ਨਾ ਪਤਾ ਕਦੋਂ ਵੱਟ ਮੇਰੀ ਮੱਲੀ
ਖਾਲੋਂ ਜਾਂਦੇ ਪਾਣੀ ਵਿੱਚ ਖੋ ਗਈ ਮਿੱਤਰਾ,
ਮੁੱਖ ਤੱਕਣੇ ਨੂੰ ਧੋਣ ਕੀ ਉਤਾਂਹ ਹੋ ਗਈ
ਜਦੋਂ ਮੇਰੀ ਸੋਹਣਿਆਂ ਵੇ ਬਾਂਹ ਫੜ ਲਈ,
ਨਾਂਹ ਨਾਂਹ ਕਰਦੀ ਦੀ ਹਾਂ ਹੋ ਗਈ

ਨੀ ਤੈਂ ਪਿੱਛੇ ਅਸੀਂ ਲਾਏ, ਬੜੇ ਗੇੜੇ ਸੀ ਘੜਾਏ
ਕੱਲੀ ਮਿਲਣੇ ਦਾ ਮੌਕਾ ਲੱਭਦੇ ਸਾਂ ਕਦੋਂ ਆਏ
ਚੇਤੇ ਰੱਖੀਂ ਸਦਾ ਨੀ ਤੂੰ ਬੋਲ ਜੱਟ ਦੇ,
ਹੱਥ ਅੱਗੇ ਨੂੰ ਵਧਾ ਕੇ ਨਾ ਹਟਾਉਣਾ ਸਿੱਖੇ ਆਂ
ਜਿੱਦੀ ਹਾਂ ਪੰਜਾਬ ਦੇ ਪੰਜਾਬਣੇ,
ਚੀਜ ਆ ਜੇ ਜੋ ਪਸੰਦ ਉਹਨੂੰ ਪਾਉਣਾ ਸਿੱਖੇ ਆਂ

ਅੱਲ੍ਹੜ ਜਵਾਨੀ ਮੇਰੀ ਸੋਹਣਿਆਂ,
ਦੇਖ ਤੈਨੂੰ ਸੁੱਧ ਬੁੱਧ ਭੁੱਲ ਗਈ
ਕਿੱਥੇ ਗਿਆ ਭੱਤਾ ਮੇਰੇ ਬਾਪ ਦਾ,
ਛੱਡ ਕੇ ਖਿਆਲਾਂ ਵਿੱਚ ਰੁਲ ਗਈ
ਤੱਪਦੀ ਤੰਦੂਰ ਜਿਹੀ ਧੁੱਪ ਚੋਬਰਾ,
ਮਿਲ ਕੇ ਸੀ ਤੈਨੂੰ ਠੰਡੀ ਛਾਂ ਹੋ ਗਈ
ਜਦੋਂ ਮੇਰੀ ਸੋਹਣਿਆਂ ਵੇ ਬਾਂਹ ਫੜ ਲਈ,
ਨਾਂਹ ਨਾਂਹ ਕਰਦੀ ਦੀ ਹਾਂ ਹੋ ਗਈ



Academy of the Punjab in North America - APNA: http://www.apnaorg.com

ਮੈਂ ਵੀ ਹਾਂ ਉਡੀਕਦਾ ਓਹ ਘੜੀ ਕਦ ਆਵੇ,
ਬੇਬੇ ਕਰਦੀ ਸੀ ਮਾਮੇ ਨਾ ਸਲਾਹ ਨੀ
ਆਖਦੀ ਸੀ ਚੰਗੀ ਜਿਹੀ ਕੁੜੀ ਕੋਈ ਦੇਖ,
ਹੁਣ ਕਾਕੇ ਦਾ ਵੀ ਕਰ ਦੇਈਏ ਵਿਆਹ ਨੀ
ਝੱਟ ਫੋਟੋ ਤੇਰੀ ਅੱਖਾਂ ਅੱਗੇ ਆਈ
ਤੂੰ ਕਾਹਤੋਂ ਘਬਰਾਵੇਂ ਸੋਹਣੀਏਂ, ਕਦੇ ਟੁੱਟੂ ਨਾ ਤੇਰੇ ਨਾ ਜਿਹੜੀ ਲਾਈ


Academy of the Punjab in North America - APNA: http://www.apnaorg.com

# ਐਡਾ ਕੀ ਕਰੇਂ ਕੰਮ ਸੋਹਣਿਆਂ

ਲੱਗੀ ਤੋਂ ਸੀ ਪਹਿਲਾਂ ਪਿੱਛੇ ਗੇੜੇ ਬੜੇ ਮਾਰਦਾ
ਪਲ ਵੀ ਨਾ ਸੋਹਣਿਆ ਸੀ ਬਿਨਾ ਮੇਰੇ ਸਾਰ ਦਾ
ਹੁਣ ਦੱਸ ਕਾਹਤੋਂ ਨੱਕ ਜਿਹਾ ਚੜ੍ਹਾਵੇਂ
ਐਡਾ ਕੀ ਕਰੇਂ ਕੰਮ ਸੋਹਣਿਆਂ, ਕਹਿਕੇ ਬਿਜ਼ੀ ਮੈਨੂੰ ਰੋਅਬ ਜਿਹਾ ਬਣਾਵੇਂ

ਕੁੜੀਆਂ ਨੂੰ ਸ਼ੱਕਾਂ ਬਿਨਾਂ ਕੁਝ ਵੀ ਨਾ ਸੁੱਝਦਾ
ਇਹਨਾ ਦੇ ਦਿਮਾਗ ਦੀ ਤਾਂ ਰੱਬ ਵੀ ਨਾ ਬੁੱਝਦਾ
ਹਰ ਵੇਲੇ ਮੁੱਲ ਭਾਲਣ ਲੜਾਈ
ਤੂੰ ਕਾਹਤੋਂ ਘਬਰਾਵੇਂ ਸੋਹਣੀਏਂ, ਕਦੇ ਟੁੱਟੂ ਨਾ ਤੇਰੇ ਨਾ ਜਿਹੜੀ ਲਾਈ

ਨਾ ਤੂੰ ਸਿਨਮਾ ਦਿਖਾਇਆ ਨਾ ਹੀ ਸੌਪਿੰਗ ਕਰਾਈ
ਨਾ ਹੀ ਪਾਰਕ ‘ਚ ਬੈਠਾ ਕਦੇ ਪਲ ਵੇ
ਕਾਲਜ਼ ਤੋਂ ਘਰ ਤੱਕ ਬੱਸ ਉੱਤੇ ਆਵਾਂ, ਖਾਲੀ ਬੁਲਿਟ ਤੂੰ ਜਾਨੈ ਲੈ ਕੇ ਚੱਲ ਵੇ
ਲਾ ਕੇ ਲਾਰਾ ਕਦੀ ਮਿਲਣ ਨਾ ਆਵੇਂ
ਐਡਾ ਕੀ ਕਰੇਂ ਕੰਮ ਸੋਹਣਿਆਂ, ਕਹਿਕੇ ਬਿਜ਼ੀ ਮੈਨੂੰ ਰੋਅਬ ਜਿਹਾ ਬਣਾਵੇਂ

ਲਈ ਏ ਟਰਾਲੀ, ਛੋਟਾ ਭਾਈ ਬਾਹਰ ਤੋਰਿਆ,
ਦੱਸ ਬਾਪੂ ਕੱਲਾ ਕੀ ਕੀ ਕਰ ਲਏ
ਰੱਬ ਦੀ ਕਰੋਪੀ, ਉੱਤੋਂ ਕਹਿਰ ਸਰਕਾਰਾਂ ਵਾਲੇ,
ਕਿੰਨਾ ਚਿਰ ਦੱਸ ਬੰਦਾ ਜਰ ਲਏ
ਲੱਕ ਤੋੜਦੀ ਪਈ ਏ ਮਹਿੰਗਾਈ
ਤੂੰ ਕਾਹਤੋਂ ਘਬਰਾਵੇਂ ਸੋਹਣੀਏਂ, ਕਦੇ ਟੁੱਟੂ ਨਾ ਤੇਰੇ ਨਾ ਜਿਹੜੀ ਲਾਈ

ਉਂਝ ਤਾਂ ਭਰੋਸਾ ਰੱਬ ਜਿੰਨਾ ਤੇਰੇ ਉੱਤੇ, ਕਦੀ ਕਰੇਂਗਾ ਨੀ ਮੇਰੇ ਨਾਲ ਛੱਲ ਵੇ
ਦੇਖ ਕੇ ਜਮਾਨੇ ਵੱਲ ਡਰਦਾ ਏ ਦਿਲ ਮੇਰਾ, ਚੱਲਦਾ ਜੋ ਇਥੇ ਅੱਜ ਕੱਲ ਵੇ
ਭਾਂਵੇ ਬੜਾ “ਕੁਲਵਿੰਦਰਾ” ਤੂੰ ਚਾਹਵੇਂ
ਐਡਾ ਕੀ ਕਰੇਂ ਕੰਮ ਸੋਹਣਿਆਂ, ਕਹਿਕੇ ਬਿਜ਼ੀ ਮੈਨੂੰ ਰੋਅਬ ਜਿਹਾ ਬਣਾਵੇਂ


Academy of the Punjab in North America - APNA: http://www.apnaorg.com

# ਚੰਨ ਚਾਨਣੀ ਰਾਤ ‘ਚ ਯਾਰ ਗਵਾ ਬੈਠੇ

ਕਾਹਲੀ ਦੇ ਖਾਧੇ ਦਾ ਸੁਆਦ ਨਾ ਭੁੱਲਣਾ ਏਂ
ਇਹ ਗਮਾਂ ਦੀ ਪੀੜ ਦਾ ਝੰਡਾ ਸਦਾ ਹੀ ਝੁੱਲਣਾ ਏਂ
ਵਿੱਚ ਅੱਲ੍ਹੜਪੁਣੇ ਦੇ ਹੱਸਦੇ ਹੱਸਦੇ ਲਾ ਬੈਠੈ
ਚੰਨ ਚਾਨਣੀ ਰਾਤ ‘ਚ ਯਾਰ ਗਵਾ ਬੈਠੇ

ਇਹ ਸਵਰਗ ਜਿਹਾ ਸੀ ਇਸ਼ਕ ਜੋ ਸਾਨੂੰ ਡੋਬ ਗਿਆ
ਇਲਾਜ਼ ਨਹੀਂ ਸੀ ਜਿਸਦਾ ਓਹ ਲੱਗ ਰੋਗ ਗਿਆ
ਜਿੱਤਦੇ ਜਿੱਤਦੇ ਹਾਰ ਝੋਲੀ ਵਿੱਚ ਪਾ ਬੈਠੇ
ਚੰਨ ਚਾਨਣੀ ਰਾਤ ‘ਚ ਯਾਰ ਗਵਾ ਬੈਠੇ

ਸਿਖਰ ਉਮਰ ਦਾ, ਚੜੀ ਹੋਈ ਵਿੱਚ ਜਵਾਨੀ ਦੇ
ਸਦਕੇ ਯਾਰੀ ਤੋੜਨ ਵਾਲੀ ਭਾਨੀ ਦੇ
ਕੱਚੇ ਸੀ ਓਹ ਯਾਰ ਜੋ ਦਿਲ ਤੇ ਲਾ ਬੈਠੇ
ਚੰਨ ਚਾਨਣੀ ਰਾਤ ‘ਚ ਯਾਰ ਗਵਾ ਬੈਠੇ

ਇਹ ਰਾਤ ਗਮਾ ਦੀ ਪੱਲੇ ਸਾਡੇ ਪੈ ਗਈ ਏ
ਮੈਂ ਤੇਰੀ ਨਹੀਂ “ਕੁਲਵਿੰਦਰਾ” ਮੈਨੂੰ ਕਹਿ ਗਈ ਏ
ਅਸੀਂ ਕੰਬਦੇ ਬੁੱਲ੍ਹਾਂ ਨਾਲ ਗੀਤ ਇਹ ਗਾ ਬੈਠੇ
ਚੰਨ ਚਾਨਣੀ ਰਾਤ ‘ਚ ਯਾਰ ਗਵਾ ਬੈਠੇ


Academy of the Punjab in North America - APNA: http://www.apnaorg.com

# ਕਰਮਾ ਵਾਲਾ ਹੋਊ ਦਿਲ ਜਿਹੜਾ, ਕਦੀ ਵੀ ਰੋਇਆ ਨਾ

ਵਿੱਚ ਇਸ਼ਕ ਦੇ ਜਿੱਤ ਤਾਂ ਕਰਮਾਂ ਵਾਲੇ ਹੀ ਹੱਥ ਆਵੇ
ਕਈ ਬਣ ਜਾਂਦੇ ਰਾਜੇ ਤੇ ਕਈਆਂ ਨੂੰ ਮੰਗਣ ਲਾਵੇ
ਮਾਣ ਕਰੋ ਨਾ ਹੁਸਨ ਤੇ ਪੈਸਾ, ਕਿਸੇ ਦਾ ਹੋਇਆ ਨਾ
ਕਰਮਾ ਵਾਲਾ ਹੋਊ ਦਿਲ ਜਿਹੜਾ ਕਦੀ ਵੀ ਰੋਇਆ ਨਾ

ਹੋਣੇ ਬਹੁਤੇ ਘੱਟ ਕਿ ਜਿਸ ਨੂੰ, ਧੋਖਾ ਨਹੀਂ ਮਿਲਿਆ
ਕੀ ਜਾਣੇ ਕਿੰਨਾ ਦੁੱਖੀ, ਫੁੱਲਾਂ ਦੇ ਵਾਂਗੂ ਜੋ ਖਿਲਿਆ
ਜਾਨੋ ਪਿਆਰਾ ਰੂਹ ਆਪਣੀ ਤੋਂ ਜਿਸਨੇ ਖੋਇਆ ਨਾ
ਕਰਮਾ ਵਾਲਾ ਹੋਊ ਦਿਲ ਜਿਹੜਾ, ਕਦੀ ਵੀ ਰੋਇਆ ਨਾ

ਰੋਣ ਦਾ ਕਾਰਨ ਬਣਦੇ ਓਹ, ਜੋ ਖੁਸੀਆਂ ਨੇ ਦਿੰਦੇ
ਪਲ ਨਾ ਕੱਲਿਆਂ ਛੱਡਣ ਵਾਲੇ, ਉੱਡ ਜਾਂਦੇ ਵਾਂਗ ਪਰਿੰਦੇ
ਓਹਨਾ ਬਿਨ ਕੋਈ ਹੋਰ ਕਿਉਂ ਸਾਡੇ ਮਨ ਨੂੰ ਮੋਹਿਆ ਨਾ
ਕਰਮਾ ਵਾਲਾ ਹੋਊ ਦਿਲ ਜਿਹੜਾ, ਕਦੀ ਵੀ ਰੋਇਆ ਨਾ

ਨੈਣੀਂ ਹੰਝੂ ਮਨ ਤਨਹਾਈ, ਤੇ ਸਾਹੀਂ ਹਾਉਂਕੇ ਨੇ
ਦੀਦ ਬਿਨਾ ਨਾ ਰਹਿਣ ਵਾਲੇ, ਨਾ ਤੱਕਦੇ ਭਾਉਂਕੇ ਨੇ
ਚਾਹ ਕੇ ਵੀ “ਕੁਲਵਿੰਦਰ” ਕਿਉਂ ਕੋਈ ਕਿਸੇ ਦਾ ਹੋਇਆ ਨਾ
ਕਰਮਾ ਵਾਲਾ ਹੋਊ ਦਿਲ ਜਿਹੜਾ, ਕਦੀ ਵੀ ਰੋਇਆ ਨਾ


Academy of the Punjab in North America - APNA: http://www.apnaorg.com

# ਜਿਵੇਂ ਫੁੱਲ ਮਿੱਧਿਆ ਏ ਹਾਣਦੀਏ,
# ਸਾਡਾ ਦਿਲ ਵੀ ਮਿੱਧ ਦੇ ਪੈਰਾਂ ਨਾਲ

ਇਸ਼ਕ ਮਹੁੱਬਤ ਪਿਆਰ ਦੀ ਗੱਲ, ਅੱਜ ਕੱਲ ਐ ਅਜ਼ਬ ਤਮਾਸ਼ਾ
ਸੱਚ ਦੇ ਰਾਹ ਤੇ ਚੱਲਦਾ ਜੋ, ਬਣਦਾ ਦੁਨੀਆਂ ਦਾ ਹਾਸਾ
ਜੀਣ ਦੀ ਆਸ ਨੂੰ ਰੱਖੀਏ ਕਿੱਦਾਂ, ਨਾਤਾ ਜੋੜ ਕੇ ਜ਼ਹਿਰਾਂ ਨਾਲ
ਜਿਵੇਂ ਫੁੱਲ ਮਿੱਧਿਆ ਏ ਹਾਣਦੀਏ, ਸਾਡਾ ਦਿਲ ਵੀ ਮਿੱਧ ਦੇ ਪੈਰਾਂ ਨਾਲ

ਜਦ ਮਿਲਣ ਤੋਂ ਪਹਿਲਾਂ ਵੱਖ ਹੋ ਗਏ, ਕੀ ਕਰਨਾ ਏਸ ਜਵਾਨੀ ਦਾ
ਹੋਣੀ ਵਿੱਚ ਪਿਆਰ ਦੇ ਕਮੀ ਸਾਡੇ, ਜੋ ਨਹੀਂ ਜਿੱਤਿਆ ਦਿਲ ਜਾਨੀ ਦਾ
ਹੁਣ ਨਹਿਰ ਦੇ ਕੰਢੇ ਬਹਿ ਲਾਂ ਗੇ, ਅਸੀਂ ਯਾਰੀ ਲਾ ਕੇ ਲਹਿਰਾਂ ਨਾਲ
ਜਿਵੇਂ ਫੁੱਲ ਮਿੱਧਿਆ ਏ ਹਾਣਦੀਏ, ਸਾਡਾ ਦਿਲ ਵੀ ਮਿੱਧ ਦੇ ਪੈਰਾਂ ਨਾਲ

ਮੇਰੇ ਕੱਲੇ ਨਾਲ ਹੋਇਆ ਇੰਝ, ਐਸੇ ਹੋਰ ਵੀ ਹੋਣੇ ਯਾਰ ਬੜੇ
ਜਿਹੜੇ ਚਾਹ ਕੇ ਵੀ ਪਾ ਸਕਦੇ ਨਾ, ਉਂਝ ਗੂਹੜੇ ਭਾਂਵੇ ਪਿਆਰ ਬੜੇ
ਪਰ ਦੁਨੀਆ ਸਾਂਵੇ ਹੱਸਦੇ ਨੇ, ਵਿੱਚੋਂ ਛੱਲੀ ਹੋ ਕੇ ਕਹਿਰਾਂ ਨਾਲ
ਜਿਵੇਂ ਫੁੱਲ ਮਿੱਧਿਆ ਏ ਹਾਣਦੀਏ, ਸਾਡਾ ਦਿਲ ਵੀ ਮਿੱਧ ਦੇ ਪੈਰਾਂ ਨਾਲ

ਚਾਅ ਸਧਰਾਂ ਤੇ ਸੁਪਨੇ ਵਿਖਰ ਕੇ, ਹੋ ਗਏ ਸਾਡੇ ਚੂਰ ਕੁੜੇ
ਬਾਹਾਂ ਕੋਲੋਂ ਤਾਂ ਕਰ ਗਈ ਏਂ, ਅੱਖੀਓਂ ਵੀ ਕਰ ਜਾ ਦੂਰ ਕੁੜੇ
"ਕੁਲਵਿੰਦਰ" ਪਿੰਡ ਨੂੰ ਮੁੜ ਜਾਂ ਗੇ, ਨਾਤਾ ਤੋੜ ਕੇ ਤੇਰੇ ਸ਼ਹਿਰਾਂ ਨਾਲ
ਜਿਵੇਂ ਫੁੱਲ ਮਿੱਧਿਆ ਏ ਹਾਣਦੀਏ, ਸਾਡਾ ਦਿਲ ਵੀ ਮਿੱਧ ਦੇ ਪੈਰਾਂ ਨਾਲ


Academy of the Punjab in North America - APNA: http://www.apnaorg.com

# ਤੇਰੇ ਰਾਹਾਂ ਤੇ ਬੈਠੇ ਹਾਂ, ਭਾਂਵੇ ਤੂੰ ਸਾਨੂੰ ਛੱਡ ਗਈ ਏਂ

ਤੇਰੇ ਰਾਹਾਂ ਤੇ ਬੈਠੇ ਹਾਂ, ਭਾਂਵੇ ਤੂੰ ਸਾਨੂੰ ਛੱਡਗੀ ਏਂ
ਖੁਸ਼ੀਆਂ ਨੇ ਮੋੜ ਲਿਆ ਮੁੱਖ ਸਾਥੋਂ, ਕਾਹਦਾ ਤੂੰ ਦਿਲ ਚੋਂ ਕੱਢ ਗਈ ਏਂ
ਤੇਰੇ ਰਾਹਾਂ ਤੇ ਬੈਠੇ ਹਾਂ, ਭਾਂਵੇ ਤੂੰ ਸਾਨੂੰ ਛੱਡ ਗਈ ਏਂ

ਮੈਂ ਚਾਹੁੰਦਾ ਸੀ ਮੁੱਢ ਤੋਂ ਆਪਣਾ, ਨਾਮ ਤੇਰੇ ਨਾਲ ਜੋੜ ਲਵਾਂ
ਤੇਰਾ ਹੋ ਜਾਂ, ਜਾਂ ਜਾਨ ਆਪਣੀ, ਦੇਹ ਆਪਣੀ ਤੋਂ ਤੋੜ ਲਵਾਂ
ਜਿਉਂਦੇ ਰਹਿ ਕੇ ਕੀ ਕਰਨਾ ਏਂ, ਜਦ ਤੀਰ ਹਿਜ਼ਰ ਦਾ ਗੱਡ ਗਈ ਏਂ
ਤੇਰੇ ਰਾਹਾਂ ਤੇ ਬੈਠੇ ਹਾਂ, ਭਾਂਵੇ ਤੂੰ ਸਾਨੂੰ ਛੱਡ ਗਈ ਏ

ਦੀਦ ਸੀ ਤੇਰੀ ਰੱਬ ਵਰਗੀ, ਬਸ ਤੇਰਾ ਨਾਮ ਧਿਆਉਂਦੇ ਸਾਂ
ਕੋਈ ਹੋਰ ਨਾ ਰਹਿੰਦੀ ਖੁਹਾਇਸ਼ ਸੀ, ਜਦ ਦਰਸ਼ਨ ਤੇਰੇ ਪਾਉਂਦੇ ਸਾਂ
ਤੇਰੇ ਲਈ ਸਹਿੰਦੇ ਹਰ ਦੁੱਖੜਾ, ਕਿਉਂ ਉਮੀਦ ਦਾ ਬੂਟਾ ਵੱਢ ਗਈ ਏਂ
ਤੇਰੇ ਰਾਹਾਂ ਤੇ ਬੈਠੇ ਹਾਂ, ਭਾਂਵੇ ਤੂੰ ਸਾਨੂੰ ਛੱਡ ਗਈ ਏ

ਸਾਰੀ ਹੀ ਜਿੰਦ ਹੁਣ ਤੜਫਾਂਗੇ, ਨਾ ਸਾਡਾ ਪਾਰ ਉਤਾਰਾ ਏ
ਬੁੱਲ੍ਹਾਂ ਚੋਂ ਨਿੱਕਲੇ ਨਾਂਅ ਤੇਰਾ, ਜਦ ਪੁੱਛੇ ਕੋਈ ਕੌਣ ਪਿਆਰਾ ਏ
ਅੱਜ ਵੀ "ਕੁਲਵਿੰਦਰ" ਤੇਰਾ ਏ, ਭਾਂਵੇ ਤੂੰ ਉਸ ਨੂੰ ਠੱਗ ਗਈ ਏਂ
ਤੇਰੇ ਰਾਹਾਂ ਤੇ ਬੈਠੇ ਹਾਂ, ਭਾਂਵੇ ਤੂੰ ਸਾਨੂੰ ਛੱਡ ਗਈ ਏ


Academy of the Punjab in North America - APNA: http://www.apnaorg.com

# ਹੰਝੂ ਸਾਡੇ ਰੁੱਕਦੇ ਨੀ ਮੁੱਕ ਗਿਆ ਪਾਣੀ

ਹੰਝੂ ਸਾਡੇ ਰੁਕਦੇ ਨੀ ਮੁੱਕ ਗਿਆ ਪਾਣੀ,
ਕਿਵੇਂ ਭੁੱਲ ਜਾਈਏ ਸਾਡੇ ਪਿਆਰ ਦੀ ਕਹਾਣੀ
ਰੋਕੇ ਬੜਾ ਪਰ ਇਹੇ ਵਹਿਣ ਲੱਗ ਪਏ,
ਅੱਖੋਂ ਬਾਹਰ ਆ ਕੇ ਕੁਝ ਕਹਿਣ ਲੱਗ ਪਏ
ਗੈਰਾਂ ਦੇ ਮਹਿਲ ਤੁਰ ਗਈ ਏ ਸਾਡੀ ਰਾਣੀ,
ਹੰਝੂ ਸਾਡੇ ਰੁਕਦੇ ਨੀ ਮੁੱਕ ਗਿਆ ਪਾਣੀ,

ਹਾਸੇ ਹਾਸੇ ਵਿੱਚ ਤੈਥੋਂ ਧੋਖਾ ਖਾ ਲਿਆ,
ਲਾਉਣਾ ਨਹੀਂ ਜਿੰਨਾ ਓਨਾ ਦਿਲ ਲਾ ਲਿਆ
ਸਮਝ ਨੀ ਆਉਂਦੀ ਕੀਹਦਾ ਦੋਸ਼ ਕੱਢੀਏ,
ਆਪਣੀ ਬਣਾ ਕੇ ਤੈਨੂੰ ਕਿੰਝ ਛੱਡੀਏ
ਭੁੱਲ ਵੀ ਨਾ ਹੋਵੇ ਗੱਲ ਪਿਆਰ ਦੀ ਪੁਰਾਣੀ,
ਹੰਝੂ ਸਾਡੇ ਰੁਕਦੇ ਨੀ ਮੁੱਕ ਗਿਆ ਪਾਣੀ,

ਕਰੋੜਾਂ ਦੀ ਅਬਾਦੀ 'ਚ ਹਾਂ ਕੱਲੇ ਹੋ ਗਏ,
ਲੱਗਦਾ ਏ ਏਦਾਂ ਜਿੱਦਾਂ ਝੱਲੇ ਹੋ ਗਏ
ਉਦਾਸੀ ਛਾ ਗਈ ਸਾਡੇ ਹੱਸ ਮੁੱਖ ਚਿਹਰੇ ਤੇ,
ਦੱਸਾਂ ਕੀ ਮੈਂ ਬੀਤ ਰਹੀ ਐ ਅੱਜ ਮੇਰੇ ਤੇ
'ਕੁਲਵਿੰਦਰ' ਮਖੌਲ ਕਰੇ ਮੁੰਡਿਆਂ ਦੀ ਢਾਣੀ,
ਹੰਝੂ ਸਾਡੇ ਰੁਕਦੇ ਨੀ ਮੁੱਕ ਗਿਆ ਪਾਣੀ


Academy of the Punjab in North America - APNA: http://www.apnaorg.com

# ਮਤਲਬਖੋਰਾਂ ਦੀ ਨਾ ਜੱਗ ਉਤੇ ਥੋੜ ਐ

ਫੁੱਲਾਂ ਤੋਂ ਸੋਹਲ ਚੰਨਾ ਸਾਡੇ ਜਜ਼ਬਾਤ ਨੇ
ਪਹਿਲਾਂ ਹੀ ਖੁਆਏ ਠੇਡੇ ਦੁੱਖਾਂ ਵਾਲੀ ਰਾਤ ਨੇ
ਤੂੰ ਹੀ ਸਾਡਾ ਚੰਨ ਤੇਰੀ ਚਾਨਣੀ ਦੀ ਲੋੜ ਐ
ਮਤਲਬਖੋਰਾਂ ਦੀ ਨਾ ਜੱਗ ਉਤੇ ਥੋੜ ਐ

ਮੱਥੇ ਉਤੇ ਲਿਖਿਆ ਨਾ ਕਿਸੇ ਦੇ ਸੁਭਾਅ ਏ
ਪਤਾ ਉਦੋਂ ਚੱਲੇ ਜਦੋਂ ਪੈਂਦਾ ਕਿਤੇ ਵਾਹ ਏ
ਔਖੇ ਸਮੇਂ ਵਾਲਾ ਜਦੋਂ ਆਉਂਦਾ ਕਦੀ ਮੋੜ ਐ
ਮਤਲਬਖੋਰਾਂ ਦੀ ਨਾ ਜੱਗ ਉਤੇ ਥੋੜ ਐ

ਲੱਗਦਾ ਏ ਡਰ ਅੱਜ ਕੱਲ ਦੇ ਪਿਆਰਾਂ ਤੋਂ
ਝੂਠਿਆਂ ਉਠਾਤਾ ਵਿਸ਼ਵਾਸ਼ ਸੱਚੇ ਯਾਰਾਂ ਤੋਂ
ਤੋੜ ਕੇ ਪਲਾਂ 'ਚ ਲੈਂਦੇ ਗੈਰਾਂ ਨਾਲ ਜੋੜ ਐ
ਮਤਲਬਖੋਰਾਂ ਦੀ ਨਾ ਜੱਗ ਉਤੇ ਥੋੜ ਐ

ਇੰਨੇ ਕੰਡੇ ਮਿਲੇ ਵਿੱਚ ਜ਼ਿੰਦਗੀ ਦੇ ਰਾਹਾਂ ਦੇ
ਵੈਰੀ ਕਿਉਂ ਨੇ ਲੋਕੀ ਕੁਲਵਿੰਦਰ ਦੇ ਸਾਹਾਂ ਦੇ
ਪਿਆਰ ਪਾ ਕੇ ਹੰਝੂਆਂ 'ਚ ਦਿੱਤਾ ਜਿਨ੍ਹਾਂ ਰੋੜ੍ਹ ਐ
ਮਤਲਬਖੋਰਾਂ ਦੀ ਨਾ ਜੱਗ ਉਤੇ ਥੋੜ ਐ


Academy of the Punjab in North America - APNA: http://www.apnaorg.com

# ਜ਼ਿੰਦਗੀ ਦੀ ਆਸ ਛੱਡਤੀ,
# ਕੱਲੇ ਰਹਿਕੇ ਅਸੀਂ ਤੇਰੇ ਤੋਂ ਬਗੈਰ ਨੀ

ਸਾਡਾ ਨਾ ਕੋਈ ਹੋਰ, ਨਾ ਹੀ ਕਿਸੇ ਦੇ ਹਾਂ ਅਸੀਂ
ਜੀਣ ਦਾ ਸੀ ਢੰਗ, ਤੇਰੇ ਤੋਂ ਸਿੱਖੇ ਮਸੀਂ
ਅੱਜ ਕਰਗੀ ਬੇਗਾਨੇ, ਸਾਡੇ ਤੋੜ ਕੇ ਯਾਰਾਨੇ,
ਅੱਗੇ ਬਣੂਗਾ ਕੀ ਸਾਡੀ ਕੋਈ ਖੈਰ ਨੀ
ਜ਼ਿੰਦਗੀ ਦੀ ਆਸ ਛੱਡਤੀ, ਕੱਲੇ ਰਹਿਕੇ ਅਸੀਂ ਤੇਰੇ ਤੋਂ ਬਗੈਰ ਨੀ

ਦਿਨ ਵੀ ਨੇ ਬਦਲੇ ਤੇ, ਬਦਲੀਆਂ ਰਾਤਾਂ ਨੇ
ਚੁੱਪ ਚਾਪ ਕੱਲੇ ਬਹਿਣ ਲਾ ਤਾ, ਬਦਲੇ ਹਾਲਾਤਾਂ ਨੇ
ਭੁੱਲ ਗਏ ਪੀਣਾ ਖਾਣਾ, ਮੁੱਕ ਗਿਆ ਅਉਂਣਾ ਜਾਣਾ,
ਰਹੀ ਦੋਸਤੀ ਨਾ ਕਿਸੇ ਨਾਲ ਵੈਰ ਨੀ
ਜ਼ਿੰਦਗੀ ਦੀ ਆਸ ਛੱਡਤੀ, ਕੱਲੇ ਰਹਿਕੇ ਅਸੀਂ ਤੇਰੇ ਤੋਂ ਬਗੈਰ ਨੀ

ਮੁੱਕ ਗਿਆ ਡਰ ਮੌਤ ਵਾਲਾ, ਭਾਂਵੇ ਆ ਜੇ ਅੱਜ
ਬੈਠੇ ਹਾਂ ਤਿਆਰ ਲਾੜੀ ਬਣ ਕੇ, ਵਿਆਹਜੇ ਅੱਜ
ਉਡੀਕਾਂ ਖੜਾ ਵਿੱਚ ਰਾਹਾਂ, ਉਹਨੂੰ ਤੱਕਣਾ ਮੈਂ ਚਾਹਵਾਂ,
ਜੀਹਦੇ ਜਾਣ ਨਾਲ ਹੋਇਆ ਐਡਾ ਕਹਿਰ ਨੀ
ਜ਼ਿੰਦਗੀ ਦੀ ਆਸ ਛੱਡਤੀ, ਕੱਲੇ ਰਹਿਕੇ ਅਸੀਂ ਤੇਰੇ ਤੋਂ ਬਗੈਰ ਨੀ

ਮਿੱਥ ਲਿਆ "ਕੁਲਵਿੰਦਰ" ਨੇ, ਹੋਰ ਨਾ ਏ ਜੀਣਾ
ਮਰ ਮਰ ਕੇ ਨਾ ਜ਼ਹਿਰ ਗਮਾਂ ਵਾਲਾ ਅਸੀਂ ਪੀਣਾ
ਬਹੁਤ ਮਾਣ ਲਏ ਨੇ ਸੁੱਖ, ਹੁਣ ਪੈ ਗਏ ਪੱਲੇ ਦੁੱਖ,
ਤੈਨੂੰ ਛੱਡਜਾਂ ਗੇ ਖੁਸ਼ੀਆਂ ਦਾ ਸ਼ਹਿਰ ਨੀ
ਜ਼ਿੰਦਗੀ ਦੀ ਆਸ ਛੱਡਤੀ, ਕੱਲੇ ਰਹਿਕੇ ਅਸੀਂ ਤੇਰੇ ਤੋਂ ਬਗੈਰ ਨੀ


Academy of the Punjab in North America - APNA: http://www.apnaorg.com

# ਤੇਰੇ ਜਾਣ ਦਾ ਤਾਂ ਗਮ ਇੱਕ ਪਾਸੇ
# ਨੀ ਦੂਜਾ ਸਹੀਏ ਤਾਂਹਨੇ ਜੱਗ ਦੇ

ਐਨਾ ਕਰਦੇ ਸੀ ਪਿਆਰ ਤੈਨੂੰ ਸੋਹਣੀਏ ਕਿ ਭੁੱਲੇ ਸਭ ਸੰਸਾਰ ਸੀ
ਤੇਰੇ ਪੀੜ ਵੀ ਵਿਛੋੜਿਆਂ ਦੀ ਜਰਨੀ, ਇਹ ਵੀ ਹਿੱਸੇ ਲਿਖੀ ਹਾਰ ਸੀ
ਹੋ ਗਏ ਅੰਦਰੋਂ ਹਾਂ ਇੰਝ ਅਸੀਂ ਸੜ ਕੇ, ਜਿਉਂ ਫੁੱਲ ਵਿੱਚ ਹੋਣ ਅੱਗ ਦੇ
ਤੇਰੇ ਜਾਣ ਦਾ ਤਾਂ ਗਮ ਇੱਕ ਪਾਸੇ, ਨੀ ਦੂਜਾ ਸਹੀਏ ਤਾਂਹਨੇ ਜੱਗ ਦੇ

ਪਿਆਰ ਸੱਚਾ ਤੂੰ ਕਿਸੇ ਨੂੰ ਦੇਖੀਂ ਕਰਕੇ, ਜੇ ਤੈਨੂੰ ਤੇਰਾ ਓਹ ਭੁੱਲਜੇ
ਹੋਜੂ ਜੀਣ ਤੋਂ ਤੌਬਾ ਜੇ ਤੈਨੂੰ ਛੱਡ ਕੇ, ਕਿਸੇ ਉੱਤੇ ਓਹ ਡੁੱਲਜੇ
ਆਵੇ ਮੌਤ ਵੀ ਨਾ ਇਹੋ ਜਿਹੇ ਹਾਲਾਤ ਵਿੱਚ, ਰਹਿਣੇ ਨੈਣੋਂ ਹੰਝੂ ਵਗਦੇ
ਤੇਰੇ ਜਾਣ ਦਾ ਤਾਂ ਗਮ ਇੱਕ ਪਾਸੇ, ਨੀ ਦੂਜਾ ਸਹੀਏ ਤਾਂਹਨੇ ਜੱਗ ਦੇ

ਖੇਡ ਵੱਖਰੀ ਕਿਸੇ ਨੇ ਨਹੀਂਓ ਸਮਝੀ, ਲੱਗੇ ਜੀਹਨੂੰ ਓਹੀਓ ਜਾਣਦਾ
ਕਿੰਝ ਪਲਾਂ 'ਚ ਵਿਛੋੜੇ ਨੂੰ ਸਹਾਰਜੂ, ਜੋ ਸਾਥ ਰਿਹਾ ਹੋਵੇ ਮਾਣਦਾ
ਹੁਣ ਚੇਤੇ ਕਰ ਵਖਤ ਲੰਘਾ ਲਈਏ, ਵਸੀ ਏਂ ਵਿੱਚ ਰਗ ਰਗ ਦੇ
ਤੇਰੇ ਜਾਣ ਦਾ ਤਾਂ ਗਮ ਇੱਕ ਪਾਸੇ ਨੀ ਦੂਜਾ ਸਹੀਏ ਤਾਂਹਨੇ ਜੱਗ ਦੇ

ਸੋਚ ਰੱਖੀ ਨਾ ਸੀ ਕਦੀ 'ਕੁਲਵਿੰਦਰ' ਨੇ, ਧੋਖਾ ਓਹਦੇ ਨਾਲ ਹੋਵੇਗਾ
ਵਿੱਚ ਦੁੱਖਾਂ ਦੇ ਵੀ ਰਿਹਾ ਜਿਹੜਾ ਹੱਸਦਾ, ਪਤਾ ਕੀ ਸੀ ਓਹ ਵੀ ਰੋਵੇਗਾ
ਕਾਹਤੋਂ ਰੋਂਦਿਆਂ ਨੂੰ ਚਾਹਵੇ ਜੱਗ ਤੱਕਣਾ, ਕਿਉਂ ਹੱਸਦੇ ਨਾ ਚੰਗੇ ਲੱਗਦੇ
ਤੇਰੇ ਜਾਣ ਦਾ ਤਾਂ ਗਮ ਇੱਕ ਪਾਸੇ, ਨੀ ਦੂਜਾ ਸਹੀਏ ਤਾਂਹਨੇ ਜੱਗ ਦੇ


Academy of the Punjab in North America - APNA: http://www.apnaorg.com

# ਰਹਿ ਜਾਂਦੇ ਓਹ ਕੱਲੇ ਸੱਚਾ ਪਿਆਰ ਜੋ ਕਰਦੇ ਨੇ

ਹੁਸਨ ਕਿਸੇ ਦਾ ਹੋਇਆ ਨਾ, ਨਾ ਮਾਣ ਕਰੀਂ ਇਸ ਤੇ
ਦੁਨੀਆਂ ਤੇ ਵਿਸ਼ਵਾਸ ਨਾ, ਪਲ ਵਿੱਚ ਤੋੜਦੀ ਏ ਰਿਸ਼ਤੇ
ਭਿੱਜੀਆਂ ਅੱਖਾਂ ਦੇ ਹੰਝੂ ਇਸ ਦੀ ਹਾਂਮੀ ਭਰਦੇ ਨੇ
ਰਹਿ ਜਾਂਦੇ ਓਹ ਕੱਲੇ ਸੱਚਾ ਪਿਆਰ ਜੋ ਕਰਦੇ ਨੇ

ਕਰਨਾ ਧੋਖਾ ਝੂਠਿਆਂ ਦੀ ਫ਼ਿਤਰਤ ਦੇ ਵਿੱਚ ਲਿਖਿਆ
ਅੱਧ 'ਚ ਜਾ ਕੇ ਛੱਡਣਾ ਹੁੰਦਾ ਉਹਨਾਂ ਨੇ ਸਿੱਖਿਆ
ਲੋਕ ਇਹ ਐਸੇ ਦੂਜਿਆਂ ਨੂੰ ਹੱਸਦੇ ਨਾ ਜਰਦੇ ਨੇ
ਰਹਿ ਜਾਂਦੇ ਓਹ ਕੱਲੇ ਸੱਚਾ ਪਿਆਰ ਜੋ ਕਰਦੇ ਨੇ

ਦੋ ਦੋ ਚਿਹਰਿਆਂ ਵਾਲੇ ਕਦੀ ਪਛਾਣੇ ਨਹੀਂ ਜਾਂਦੇ
ਡੰਗ ਖਾਣ ਤੋਂ ਪਹਿਲਾਂ ਕਦੇ ਓਹ ਜਾਣੇ ਨਹੀਂ ਜਾਂਦੇ
ਤਾਂਹੀਓ ਲੋਕੀ ਇਸ਼ਕ ਦੇ ਨਾ ਤੋਂ ਇੰਨਾ ਡਰਦੇ ਨੇ
ਰਹਿ ਜਾਂਦੇ ਓਹ ਕੱਲੇ ਸੱਚਾ ਪਿਆਰ ਜੋ ਕਰਦੇ ਨੇ

ਦੋਸ਼ ਕੀ ਸੀ "ਕੁਲਵਿੰਦਰ" ਦਾ ਜੋ ਭੋਗੇ ਇਹ ਸਜ਼ਾਵਾਂ
ਵਿੱਚ ਭੁਲੇਖੇ ਰਿਹਾ ਨਿਭਾਉਂਦਾ ਸੱਚੇ ਦਿਲੋਂ ਵਫ਼ਾਵਾਂ
ਮੇਰੇ ਜਿਹੇ ਅਜਿਹੇ ਗਮਾਂ ਨਾਲ ਲੱਖਾਂ ਮਰਦੇ ਨੇ
ਰਹਿ ਜਾਂਦੇ ਓਹ ਕੱਲੇ ਸੱਚਾ ਪਿਆਰ ਜੋ ਕਰਦੇ ਨੇ


Academy of the Punjab in North America - APNA: http://www.apnaorg.com

# ਕਿੱਦਾਂ ਮੈਨੂੰ ਕਰ ਗਈਂ ਏਂ ਵੱਖ ਨੀ

ਹੋ ਕੇ ਮਜਬੂਰ ਸਾਡੇ ਕੋਲੋਂ ਹੋ ਗਈ ਦੂਰ
ਗੱਲ ਪੁੱਛਾਂ ਮੈਂ ਤੂੰ ਦੱਸੀਂ ਸੱਚੋ ਸੱਚ ਨੀਂ
ਵਿੱਚ ਤੂੰ ਸਮੋ ਕੇ ਮੇਰੀ ਰੂਹ ਦੇ ਮੇਰੀ ਹਾਨਣੇ ਨੀ,
ਕਿੱਦਾਂ ਮੈਨੂੰ ਕਰ ਗਈਂ ਏਂ ਵੱਖ ਨੀ

ਜਾਣ ਪਿੱਛੋਂ ਤੇਰੇ, ਤੇਰੀ ਯਾਦ ਕਿੰਨਾ ਆਵੇ
ਹੱਸੀਏ ਨਾ ਰਤਾ, ਪਲ ਪਲ ਇਹ ਰੁਵਾਵੇ
ਨੀਂਦ ਆਵੇ ਨਾ ਯਤਨ ਕਰਾਂ ਲੱਖ ਨੀ
ਵਿੱਚ ਤੂੰ ਸਮੋ ਕੇ ਮੇਰੀ ਰੂਹ ਦੇ ਮੇਰੀ ਹਾਨਣੇ ਨੀ,
ਕਿੱਦਾਂ ਮੈਨੂੰ ਕਰ ਗਈਂ ਏਂ ਵੱਖ ਨੀ

ਸੌਖਾ ਦਿਲ 'ਚ ਵਸਾਇਆ, ਔਖਾ ਹੁੰਦਾ ਬੜਾ ਕੱਢਣਾ
ਕਿਉਂ ਸੀ ਅਪਣਾਇਆ ਜੇ ਸੀ, ਇੰਝ ਕੱਲੇ ਛੱਡਣਾ
ਹੁਣ ਤੇਰੇ ਤੇ ਰਿਹਾ ਨਾ ਮੇਰਾ ਹੱਕ ਨੀ
ਵਿੱਚ ਤੂੰ ਸਮੋ ਕੇ ਮੇਰੀ ਰੂਹ ਦੇ ਮੇਰੀ ਹਾਨਣੇ ਨੀ,
ਕਿੱਦਾਂ ਮੈਨੂੰ ਕਰ ਗਈਂ ਏਂ ਵੱਖ ਨੀ

ਹੋਇਆ ਇੱਦਾਂ ਕਿਉਂ ਹਮੇਸ਼ਾਂ 'ਕੁਲਵਿੰਦਰ' ਦੇ ਨਾਲ
ਸੱਚਾ ਮਿਲੂ ਕਦ ਸਾਥੀ, ਮੁੱਕੂ ਕਦ ਸਾਡੀ ਭਾਲ
ਦੇਣੀ ਕਦਮਾਂ 'ਚ ਜਾਨ ਓਹਦੇ ਰੱਖ ਨੀ
ਵਿੱਚ ਤੂੰ ਸਮੋ ਕੇ ਮੇਰੀ ਰੂਹ ਦੇ ਮੇਰੀ ਹਾਨਣੇ ਨੀ,
ਕਿੱਦਾਂ ਮੈਨੂੰ ਕਰ ਗਈਂ ਏਂ ਵੱਖ ਨੀ


Academy of the Punjab in North America - APNA: http://www.apnaorg.com

# ਰਹਿ ਗਏ ਸਾਰੇ ਸੁਪਨੇ ਦਿਲ ਦੀ, ਕੰਧ ਤੇ ਸਜਕੇ ਨੀ

ਕੰਮ ਹਾਂ ਭੁੱਲ ਗਏ ਸਾਰੇ, ਡੁੱਬ ਕੇ ਯਾਦਾਂ ਵਿੱਚ ਅੜੀਏ
ਖੇਤ 'ਚ ਖੜ੍ਹਾ ਟਰੈਕਟਰ, ਨਾ ਹੀ ਕਾਲਜ਼ ਵਿੱਚ ਵੜੀਏ
ਜਿੰਮ ਤੋਂ ਹੱਟ ਗਏ ਯਾਰ, ਸ਼ਰਾਬਾਂ ਦੇ ਲੜ ਲੱਗ ਕੇ ਨੀ
ਰਹਿ ਗਏ ਸਾਰੇ ਸੁਪਨੇ ਦਿਲ ਦੀ, ਕੰਧ ਤੇ ਸਜਕੇ ਨੀ

ਨਾ ਟੌਹਰ ਸ਼ੌਹਰ ਦਾ ਸੌਂਕ ਰਿਹਾ, ਨਾ ਗੇੜੀ ਲਾਉਂਨੇ ਆਂ
ਨਾ ਚੈਨ ਏ ਦਿਨ ਨੂੰ ਆਉਂਦਾ, ਨਾ ਹੀ ਰਾਤੀਂ ਸਾਉਂਨੇ ਆਂ
ਗਿਣ ਸਕਦੇ ਨਾ ਹੰਝੂ, ਤੁਰ ਗਏ ਅੱਖੀਓਂ ਵਗ ਕੇ ਨੀ
ਰਹਿ ਗਏ ਸਾਰੇ ਸੁਪਨੇ ਦਿਲ ਦੀ, ਕੰਧ ਤੇ ਸਜਕੇ ਨੀ

ਮਾਂ ਬਾਪ ਦੀਆਂ ਰੀਝਾਂ ਉੱਤੇ, ਪਾਣੀ ਫੇਰ ਦਿੱਤਾ
ਭੈਣ ਭਰਾਵਾਂ ਵਾਲੇ ਪਿਆਰ ਨੂੰ, ਕਰ ਏ ਢੇਰ ਦਿੱਤਾ
ਚੜ੍ਹੀ ਜਵਾਨੀ ਵਿੱਚ ਹੀ ਤੁਰ ਗਈ, ਸਾਨੂੰ ਠੱਗ ਕੇ ਨੀ
ਰਹਿ ਗਏ ਸਾਰੇ ਸੁਪਨੇ ਦਿਲ ਦੀ, ਕੰਧ ਤੇ ਸਜਕੇ ਨੀ

ਨਾ ਖੜ੍ਹਦਾ ਸੀ "ਕੁਲਵਿੰਦਰ" ਲੱਗ ਕੇ ਨਾਲ ਦਰੱਖਤਾਂ ਦੇ
ਉਹ ਰਹਿਣ ਲੱਗ ਪਿਆ ਕੱਲਾ ਕਰਕੇ ਮਾੜੇ ਵਖਤਾਂ ਦੇ
ਦੀਵੇ ਬੁਝ ਗਏ ਖੁਸ਼ੀਆਂ ਦੇ ਇੱਕ ਵਾਰੀ ਜਗ ਕੇ ਨੀ
ਰਹਿ ਗਏ ਸਾਰੇ ਸੁਪਨੇ ਦਿਲ ਦੀ, ਕੰਧ ਤੇ ਸਜਕੇ ਨੀ


Academy of the Punjab in North America - APNA: http://www.apnaorg.com

# ਨਾ ਪਲ ਵੀ ਓਹਦੇ ਤੋਂ ਹੋ ਕੇ ਮੈਂ ਦੂਰ ਜਿਉਂਦਾ ਸਾਂ

ਅਹਿਸਾਸ ਮੇਰਾ ਜੋ ਇੱਕ ਦਿਨ ਸੀ, ਵਿਸ਼ਵਾਸ਼ ਨੂੰ ਤੋੜ ਗਈ
ਸਭ ਤੋਂ ਵੱਡੀ ਖੁਸ਼ੀ ਮੇਰੀ, ਹੰਝੂਆਂ ਵਿੱਚ ਰੋੜ੍ਹ ਗਈ
ਬਿਨਾਂ ਜੀਹਦੇ ਨਹੀਂ ਸੀ ਸਰਦਾ, ਵੱਧ ਜਿੰਦਗੀ ਤੋਂ ਚਾਹੁੰਦਾ ਸਾਂ
ਨਾ ਪਲ ਵੀ ਓਹਦੇ ਤੋਂ ਹੋ ਕੇ, ਮੈਂ ਦੂਰ ਜਿਉਂਦਾ ਸਾਂ

ਵੱਧ ਮਾਣ ਸੀ ਮੈਨੂੰ ਮੇਰੇ ਤੋਂ, ਬਸ ਸੋਚਾਂ ਵਿੱਚ ਸੀ ਓਹ ਮੇਰੇ
ਸੁਣ, ਸਕਿਆ ਨਾ ਕਦੀ ਗੱਲ ਖੁਦ ਦੀ, ਰੂਹ ਤੋਂ ਵੱਧ ਸੀ ਓਹ ਨੇੜੇ
ਉਹ ਅੱਜ ਵਿਚਾਲੇ ਛੱਡ ਗਈ, ਜਿਸ ਦਾ ਨਾਮ ਧਿਆਉਂਦਾ ਸਾਂ
ਨਾ ਪਲ ਵੀ ਓਹਦੇ ਤੋਂ ਹੋ ਕੇ ਮੈਂ, ਦੂਰ ਜਿਉਂਦਾ ਸਾਂ

ਹਰ ਰਸਤਾ ਜੋ ਮੇਰੀ ਮੰਜਿਲ ਦਾ, ਆ ਸੀ ਮੁਕਦਾ ਓਹਦੇ ਤੇ
ਧੜਕਣ ਤੋਂ ਚੱਲਿਆ ਹਰ ਸਾਹ ਵੀ, ਆ ਸੀ ਰੁਕਦਾ ਓਹਦੇ ਤੇ
ਓਹ ਬਣ ਗਈ ਜਿੰਦਗੀ ਹੋਰ ਦੀ, ਜਿਸ ਤੋਂ ਜਾਨ ਕਹਾਉਂਦਾ ਸਾਂ
ਨਾ ਪਲ ਵੀ ਓਹਦੇ ਤੋਂ ਹੋ ਕੇ ਮੈਂ, ਦੂਰ ਜਿਉਂਦਾ ਸਾਂ

ਬਣ ਨਰਕ ਗਈ ਜਿੰਦ ਜਿਹੜੀ ਸੀ, ਕਦੇ ਫੁੱਲਾਂ ਤੋਂ ਵੱਧ ਸੋਹਣੀ
ਨਾ ਸੀ ਖ਼ਬਰ "ਕੁਲਵਿੰਦਰ" ਨੂੰ, ਇਹ ਨਾਲ ਓਹਦੇ ਇੰਝ ਹੋਣੀ
ਤੱਕ ਓਹਨੂੰ ਦਿਨ ਖਿਲਦਾ ਸੀ, ਓਹਦੇ ਨਾਂਅ ਨਾਲ ਸੌਂਦਾ ਸਾਂ
ਨਾ ਪਲ ਵੀ ਓਹਦੇ ਤੋਂ ਹੋ ਕੇ ਮੈਂ, ਦੂਰ ਜਿਉਂਦਾ ਸਾਂ



Academy of the Punjab in North America - APNA: http://www.apnaorg.com

# ਹਰ ਥਾਂ ਨੂੰ ਯਾਦਾਂ ਦੇ ਨਾਲ ਜੋੜ ਗਈ,
# ਨੀ ਕਿੱਥੇ ਕਿੱਥੇ ਬਹਿਕੇ ਰੋ ਲਈਏ

ਮੈਨੂੰ ਦਿਸਦੀ ਕਿਤਾਬਾਂ ਵਿੱਚ ਫੋਟੋ ਤੇਰੀ, ਤੱਕਦੀ ਸੀ ਜਿਵੇਂ ਹੱਸ ਕੇ
ਭਾਂਵੇ ਥੋੜਾ ਚਿਰ ਰਹੀ ਸਾਡੇ ਨਾਲ ਪਰ, ਦਿਲ ਵਿੱਚ ਬਹਿਗੀ ਵਸ ਕੇ
ਭੈੜੇ ਰੋਗਾਂ ਦੇ ਦਾਗਾਂ ਨੂੰ ਕਿੰਝ ਜਿੰਦਗੀ ਚੋਂ, ਹੰਝੂਆਂ ਦੇ ਨਾਲ ਧੋ ਲਈਏ
ਹਰ ਥਾਂ ਨੂੰ ਯਾਦਾਂ ਦੇ ਨਾਲ ਜੋੜ ਗਈ, ਨੀ ਕਿੱਥੇ ਕਿੱਥੇ ਬਹਿਕੇ ਰੋ ਲਈਏ

ਉਹੋ ਬਾਗ ਤੇ ਬਗੀਚੇ ਹੋਣੇ ਯਾਦ ਤੈਨੂੰ ਜਿੱਥੇ ਅਸੀਂ ਮੌਜਾਂ ਮਾਣੀਆਂ
ਦੱਸ ਮੋਟਰ ਤੇ ਜਾਵਾਂ ਕਿਹੜੇ ਹੌਂਸਲੇ ਜਿੱਥੇ ਨਾਲ ਖੇਡੇ ਪਾਣੀਆਂ
ਨਾਲ ਕਾਲਜ਼ ਦੇ ਬੜਾ ਕੁਝ ਜੁੜਿਆ, ਕੀਹਦੇ ਕੋਲੋਂ ਕੀ ਲਕੋ ਲਈਏ
ਹਰ ਥਾਂ ਨੂੰ ਯਾਦਾਂ ਦੇ ਨਾਲ ਜੋੜ ਗਈ, ਨੀ ਕਿੱਥੇ ਕਿੱਥੇ ਬਹਿਕੇ ਰੋ ਲਈਏ

ਮੈਨੂੰ ਪੈਂਦੇ ਨੇ ਬਜ਼ਾਰਾਂ ਚੋਂ ਭੁਲੇਖੇ, ਦੋਵੇਂ ਇੱਕਠੇ ਰਹੇ ਘੁੰਮਦੇ
ਤੇਰੇ ਜਾਣ ਪਿੱਛੋਂ ਕਦੀ ਵੀ ਨਾ ਤੋੜ ਕੇ, ਫੁੱਲ ਬੁੱਲ੍ਹਾਂ ਨਾਲ ਚੁੰਮਦੇ
ਫਿਰ ਲਗਦੀ ਨਾ ਚੰਗੀ ਖੁਸ਼ਬੋਈ, ਜੇ ਪਿਆਰ ਦਾ ਗੁਲਾਬ ਖੋ ਲਈਏ
ਹਰ ਥਾਂ ਨੂੰ ਯਾਦਾਂ ਦੇ ਨਾਲ ਜੋੜ ਗਈ, ਨੀ ਕਿੱਥੇ ਕਿੱਥੇ ਬਹਿਕੇ ਰੋ ਲਈਏ

ਹੋਰ ਕਿੰਨੇ ਧੋਖੇ ਖਾਣੇ "ਕੁਲਵਿੰਦਰ" ਨੇ, ਹਰ ਇੱਕ ਕੋਲੋਂ ਖਾ ਲਿਆ
ਓਹੀ ਟੋਟੇ ਟੋਟੇ ਰੱਖ ਗਿਆ ਕਰਕੇ, ਜੀਹਦੇ ਨਾਲ ਦਿਲ ਲਾ ਲਿਆ
ਕਾਹਤੋਂ ਲੱਗਦੇ ਨੇ ਔਖੇ ਇੰਨੇ ਭੁੱਲਣੇ, ਦਿਲੋਂ ਅਸੀਂ ਜੀਹਨੂੰ ਮੋਹ ਲਈਏ
ਹਰ ਥਾਂ ਨੂੰ ਯਾਦਾਂ ਦੇ ਨਾਲ ਜੋੜ ਗਈ, ਨੀ ਕਿੱਥੇ ਕਿੱਥੇ ਬਹਿਕੇ ਰੋ ਲਈਏ


Academy of the Punjab in North America - APNA: http://www.apnaorg.com

# ਜਦੋਂ ਵਾਂਗ ਤੂੰ ਬੇਗਾਨਿਆਂ ਦੇ ਕੋਲੋ ਲੰਘ ਗਈ

ਕਦੇ ਤੇਰੇ ਹੁੰਦੇ ਅਸੀਂ, ਸਾਰਿਆਂ ਤੋਂ ਖਾਸ ਸੀ
ਇੱਦਾਂ ਵੀ ਕਰੇਗੀਂ ਸਾਨੂੰ, ਤੇਰੇ ਤੋਂ ਨਾ ਆਸ ਸੀ
ਸਾੜ ਕਰਗੀ ਤੂੰ ਰਾਖ, ਤੇਰੀ ਚੁੱਪ ਡੰਗ ਗਈ ਨੀ
ਜਦੋਂ ਵਾਂਗ ਤੂੰ ਬੇਗਾਨਿਆਂ ਦੇ ਕੋਲੋਂ ਲੰਘ ਗਈ

ਕਿੰਝ ਭੁੱਲ ਜਾਈਏ ਪਲ, ਬੀਤੇ ਤੇਰੇ ਨਾਲ ਜੋ
ਜਿੰਦਗੀ ਦਾ ਬਣ ਗਏ ਨੇ ਹਿੱਸਾ, ਸੀ ਓਹ ਸਾਲ ਜੋ
ਖੁਸ਼ੀ ਦਿੱਤੀ ਜੋ ਉਧਾਰੀ, ਸੀ ਤੂੰ ਮੁੜ ਮੰਗ ਗਈ ਨੀ
ਜਦੋਂ ਵਾਂਗ ਤੂੰ ਬੇਗਾਨਿਆਂ ਦੇ, ਕੋਲੋਂ ਲੰਘ ਗਈ

ਜੀਣ ਦਾ ਨਾ ਹੱਜ, ਨਾ ਹੀ ਮਰ ਅਸੀਂ ਸਕੀਏ
ਦਿਲ ਤੇ ਕੀ ਸਹੀਏ ਦੁੱਖ, ਕੀ ਕੀ ਤੈਨੂੰ ਦੱਸੀਏ
ਜਿਹੜੇ ਜਾਣੇ ਨਾ ਹੰਢਾਏ, ਐਸੇ ਦੇ ਤੂੰ ਰੰਗ ਗਈ ਨੀ
ਜਦੋਂ ਵਾਂਗ ਤੂੰ ਬੇਗਾਨਿਆਂ ਦੇ, ਕੋਲੋਂ ਲੰਘ ਗਈ

ਇਹਦੇ ਨਾਲੋਂ ਚੰਗਾ ਸੀ ਤੂੰ, ਦਿੰਦੀ ਸਾਨੂੰ ਮਾਰ ਨੀ
ਕਰਮਾ ਦੇ ਵਿੱਚ ਨਹੀਂ ਸੀ, ਸਾਡੇ ਤੇਰਾ ਪਿਆਰ ਨੀ
ਕਾਹਤੋਂ ਜਿੰਦ "ਕੁਲਵਿੰਦਰ" ਦੀ ਸੂਲੀ ਟੰਗ ਗਈ ਨੀ
ਜਦੋਂ ਵਾਂਗ ਤੂੰ ਬੇਗਾਨਿਆਂ ਦੇ, ਕੋਲੋਂ ਲੰਘ ਗਈ


Academy of the Punjab in North America - APNA: http://www.apnaorg.com

# ਅੱਖਾਂ ਭਰ ਲਈਆਂ ਯਾਰਾਂ ਨੇ, ਤੈਨੂੰ ਕਰਕੇ ਯਾਦ ਕੁੜੇ

ਦਿਲ ਤੇ ਛੁਰੀਆਂ ਚੱਲੀਆਂ ਦਾ ਨਾ ਦਰਦ ਪਛਾਣੇ ਤੂੰ
ਹੁੰਦੀ ਪੀੜ ਵਿਛੋੜੇ ਦੀ ਕੀ, ਰਤਾ ਨਾ ਜਾਣੇ ਤੂੰ
ਯਾਰੀ ਤੋੜ ਕੇ ਸਾਨੂੰ ਤੈਂ, ਕਰਤਾ ਬਰਬਾਦ ਕੁੜੇ
ਅੱਖਾਂ ਭਰ ਲਈਆਂ ਯਾਰਾਂ ਨੇ, ਤੈਨੂੰ ਕਰਕੇ ਯਾਦ ਕੁੜੇ

ਨੈਣਾਂ ਚੋਂ ਹੰਝੂ ਵਹਿਣ ਕਿਸੇ ਦਾ, ਦਿਲ ਤਾਂ ਕਰਦਾ ਨਹੀਂ
ਜੋ ਠੋਕਰ ਖਾਵੇ ਜਾਣੇ ਓਹ, ਉਂਝ ਗਲਾ ਇਹ ਭਰਦਾ ਨਹੀਂ
ਇੱਕ ਦਿਨ ਸਾਡੀ ਬਣ ਆਉਣ ਦੇ ਸਾਰੇ, ਰਹਿ ਗਏ ਖੁਆਬ ਕੁੜੇ
ਅੱਖਾਂ ਭਰ ਲਈਆਂ ਯਾਰਾਂ ਨੇ, ਤੈਨੂੰ ਕਰਕੇ ਯਾਦ ਕੁੜੇ

ਝੂਠੇ ਵਾਅਦਿਆਂ ਦੇ ਨਾਲ ਤੈਂ, ਸਾਨੂੰ ਭਰਮਾ ਲਿਆ ਨੀ
ਇੱਕ ਵੀ ਨਾ ਕੀਤਾ ਪੂਰਾ ਕਿ, ਦਿਲ ਹੋਰ ਨਾ ਲਾ ਲਿਆ ਨੀ
ਵਿਸ਼ਵਾਸ਼ 'ਚ ਰਹਿ ਗਏ ਸੁੱਤੇ, ਨਾ ਆਈ ਸੀ ਜਾਗ ਕੁੜੇ
ਅੱਖਾਂ ਭਰ ਲਈਆਂ ਯਾਰਾਂ ਨੇ, ਤੈਨੂੰ ਕਰਕੇ ਯਾਦ ਕੁੜੇ

ਆਪਣੇ ਅਤੇ ਪਰਾਏ ਦੇ ਵਿੱਚ, ਫਰਕ ਕੀ ਰਹਿ ਗਿਆ ਏ
ਜਦ ਆਪਣਾ ਹੀ ਕੋਈ ਬਣ ਕੇ ਸਾਨੂੰ, ਲੁੱਟ ਕੇ ਲੈ ਗਿਆ ਏ
ਇਹ ਜਖਮ ਅੱਲ੍ਹੇ "ਕੁਲਵਿੰਦਰ" ਦੇ ਨਾ, ਆਉਣੇ ਤਾਬ ਕੁੜੇ
ਅੱਖਾਂ ਭਰ ਲਈਆਂ ਯਾਰਾਂ ਨੇ, ਤੈਨੂੰ ਕਰਕੇ ਯਾਦ ਕੁੜੇ


Academy of the Punjab in North America - APNA: http://www.apnaorg.com

# ਮੇਰੇ ਦਿਲ ਦੀ ਧੜਕਣ ਵਿੱਚ ਦਿਲ ਦੇ ਤੈਨੂੰ ਰੱਖਣਾਂ ਚਾਹੁੰਦੀ ਆ

ਭਾਂਵੇ ਤੂੰ ਕਰ ਗਈ ਧੋਖਾ ਆਪਣੇ ਯਾਰ ਬਣਾ ਕੇ ਨੀ
ਹੱਥ, ਹੱਥ ਨਾ ਛੱਡਣਾ ਚਾਹੁੰਦੇ ਆਪਣੇ ਨਾਲ ਮਿਲਾ ਕੇ ਨੀ
ਅੱਖ ਨਾ ਚਾਹੁੰਦੇ ਵੀ ਹਾਣਦੀਏ ਤੈਨੂੰ ਤੱਕਣਾ ਚਾਹੁੰਦੀ ਆ
ਮੇਰੇ ਦਿਲ ਦੀ ਧੜਕਣ ਵਿੱਚ ਦਿਲ ਦੇ ਤੈਨੂੰ ਰੱਖਣਾ ਚਾਹੁੰਦੀ ਆ

ਤੈਨੂੰ ਵੱਖ ਨਾ ਕਰਨ ਖਿਆਲ ਮੇਰੇ, ਕਿੰਝ ਸੁਪਨੇ ਵਿੱਚੋਂ ਕੱਢਾਂ
ਮੈਂ ਭੁੱਲ ਚੁੱਕਿਆ ਹਾਂ ਉਸਨੂੰ, ਇਹ ਗੱਲ ਯਾਰਾਂ ਨੂੰ ਕਹਿ ਛੱਡਾਂ
ਪਰ ਜੀਭ ਮੇਰੀ ਹਰ ਸਮੇਂ ਨਾਂਅ ਤੇਰਾ ਚੱਖਣਾ ਚਾਹੁੰਦੀ ਆ
ਮੇਰੇ ਦਿਲ ਦੀ ਧੜਕਣ ਵਿੱਚ ਦਿਲ ਦੇ ਤੈਨੂੰ ਰੱਖਣਾ ਚਾਹੁੰਦੀ ਆ

ਵਿੱਚ ਕਣ ਕਣ ਦੇ ਮਹਿਸੂਸ ਕਰਾਂ, ਇੱਕ ਪਲ ਵੀ ਦੂਰ ਨਾ ਸਮਝਾਂ
ਜਾਣ ਸਕੂੰ ਨਾ ਸਾਰੀ ਉਮਰ ਮੈਂ, ਇਸ਼ਕ ਤੇਰੇ ਦੀਆਂ ਰਮਜ਼ਾਂ
ਰੂਹ ਪਿਆਰ ਤੇਰੇ ਦੀ ਅੱਗ ਦੇ ਵਿੱਚ ਹੀ ਭਖਣਾ ਚਾਹੁੰਦੀ ਆ
ਮੇਰੇ ਦਿਲ ਦੀ ਧੜਕਣ ਵਿੱਚ ਦਿਲ ਦੇ ਤੈਨੂੰ ਰੱਖਣਾ ਚਾਹੁੰਦੀ ਆ

ਦੱਸ ਜਾਂਦੀ "ਕੁਲਵਿੰਦਰ" ਨੂੰ, ਵੱਖ ਹੋ ਕੇ ਕਿੱਦਾਂ ਜੀਣਾ
ਜ਼ਹਿਰ ਜੁਦਾਈਆਂ ਵਾਲਾ, ਕਿਹੜੇ ਨਾਲ ਹੌਂਸਲੇ ਪੀਣਾ
ਜਿੰਦ ਮੇਰੀ ਤੇਰੀ ਯਾਦ ਦੇ ਰਾਹ ਵਿੱਚ ਖੱਪਣਾ ਚਾਹੁੰਦੀ ਆ
ਮੇਰੇ ਦਿਲ ਦੀ ਧੜਕਣ ਵਿੱਚ ਦਿਲ ਦੇ ਤੈਨੂੰ ਰੱਖਣਾ ਚਾਹੁੰਦੀ ਆ


Academy of the Punjab in North America - APNA: http://www.apnaorg.com

## ਰਾਤ ਚਾਨਣੀ ਪੋਹ ਦੀ ਨੇ ਮੇਰਾ ਫੱਟ ਦੁਖਾਤਾ ਨੀ
## ਓਹ ਲੰਘਿਆ ਵੇਲਾ ਖੁਸ਼ੀਆਂ ਦਾ ਮੈਨੂੰ ਯਾਦ ਕਰਾਤਾ ਨੀ

ਭਰਦਾ ਨਾ ਸੀ ਦਿਲ ਸਾਡਾ, ਹੋ ਜਾਂਦੇ ਤੜਕੇ ਸੀ
ਆਉਂਦੀ ਮੈਨੂੰ ਮਿਲਣ ਜਾਨ ਨੂੰ, ਤਲੀ ਤੇ ਧਰਕੇ ਸੀ
ਹੱਥ ਤੇਰੇ ਦੀ ਚੂਰੀ ਦਾ ਓਹ, ਸੁਆਦ ਦੁਆਤਾ ਨੀ
ਓਹ ਲੰਘਿਆ ਵੇਲਾ ਖੁਸ਼ੀਆਂ ਦਾ, ਮੈਨੂੰ ਯਾਦ ਕਰਾਤਾ ਨੀ
ਰਾਤ ਚਾਨਣੀ ਪੋਹ ਦੀ ਨੇ..........

ਹਾਉਂਕੇ ਭਰਕੇ ਫੇਰ ਦਿਲਾਸੇ, ਦਿਲ ਨੂੰ ਦੇ ਲਈਏ
ਪੀ ਕੇ ਦਾਰੂ ਨਾਲ ਹੱਥਾਂ ਦੇ, ਜਖ਼ਮ ਇਹ ਫੇਹ ਲਈਏ
ਹੁਣ ਤੱਕ ਨਾ ਹੰਝੂ ਆਏ, ਪਰ ਤੈਂ ਅੱਜ ਰੁਆਤਾ ਨੀ
ਓਹ ਲੰਘਿਆ ਵੇਲਾ ਖੁਸ਼ੀਆਂ ਦਾ, ਮੈਨੂੰ ਯਾਦ ਕਰਾਤਾ ਨੀ
ਰਾਤ ਚਾਨਣੀ ਪੋਹ ਦੀ ਨੇ ...........

ਜਿੰਦਗੀ ਵਿੱਚ ਹਾਂ ਲੋਕਾਂ ਲਈ, ਪਰ ਅੰਦਰੋਂ ਮਰ ਗਏ ਹਾਂ
ਕੀ ਕੀ ਦੱਸੀਏ ਕਿਸੇ ਨੂੰ ਦੁੱਖ ਜੋ, ਦਿਲ ਤੇ ਜਰ ਗਏ ਹਾਂ
ਇੱਕ ਦਮ, ਸੁੱਖਾਂ ਚੋਂ ਕੱਢ ਕੇ, ਦੁੱਖਾਂ ਪੱਲੇ ਪਾ ਤਾ ਨੀ
ਓਹ ਲੰਘਿਆ ਵੇਲਾ ਖੁਸ਼ੀਆਂ ਦਾ ਮੈਨੂੰ ਯਾਦ ਕਰਾਤਾ ਨੀ
ਰਾਤ ਚਾਨਣੀ ਪੋਹ ਦੀ ਨੇ ...........

ਇਸ਼ਕ ਦੇ ਨਾਂਅ ਤੋਂ ਸਾਡਾ ਤਾਂ, ਵਿਸ਼ਵਾਸ਼ ਹੀ ਚਲਾ ਗਿਆ
ਜਜ਼ਬਾਤ ਸਾਡੇ ਦਿਲ ਵਾਲੇ, ਹੰਝੂਆਂ ਦੇ ਨਾਲ ਰਲਾ ਗਿਆ
ਤਾਂ ਹੀ ਤਾਂ "ਕੁਲਵਿੰਦਰ" ਨੂੰ, ਸ਼ਾਇਰੀ ਲੜ੍ਹ ਲਾ ਤਾ ਨੀ
ਓਹ ਲੰਘਿਆ ਵੇਲਾ ਖੁਸ਼ੀਆਂ ਦਾ, ਮੈਨੂੰ ਯਾਦ ਕਰਾਤਾ ਨੀ
ਰਾਤ ਚਾਨਣੀ ਪੋਹ ਦੀ ਨੇ ...........


Academy of the Punjab in North America - APNA: http://www.apnaorg.com

# ਅੱਖਾਂ ਪੂੰਝਦੇ ਨੇ ਹੱਥ ਇੱਕ ਤੇਰੇ ਕਰਕੇ

ਇੰਨਾਂ ਕਿਉਂ ਸੀ ਤੂੰ ਹਸਾਇਆ, ਜੇ ਸੀ ਮੁੜ ਕੇ ਰਵਾਉਣਾ
ਸਭ ਖੋ ਕੇ ਮੇਰਾ ਦਿਲ, ਰਿਹਾ ਚਾਹੁੰਦਾ ਤੈਨੂੰ ਪਾਉਣਾ
ਹੋ ਗਏ ਗਲੀਆਂ ਦੇ ਕੱਖ, ਇੱਕ ਤੇਰੇ ਕਰਕੇ
ਅੱਖਾਂ ਪੂੰਝਦੇ ਨੇ ਹੱਥ, ਇੱਕ ਤੇਰੇ ਕਰਕੇ

ਬਾਹਵਾਂ ਜਾਂਦੀਆਂ ਨੇ ਉੱਠ, ਸ਼ੀਨੇ ਨਾਲ ਲਾਉਣ ਲਈ
ਬਣੇ ਸੁਪਨਾ ਨੈਣਾ ਨੂੰ ਬੰਦ, ਕਰਾਂ ਸੌਣ ਲਈ
ਤਾਂ ਵੀ ਲਗਦੀ ਨਾ ਅੱਖ, ਇੱਕ ਤੇਰੇ ਕਰਕੇ
ਅੱਖਾਂ ਪੂੰਝਦੇ ਨੇ ਹੱਥ, ਇੱਕ ਤੇਰੇ ਕਰਕੇ

ਚਾਅ ਤੇ ਸੱਧਰਾਂ ਵੀ ਭੁੱਜ ਗਏ ਨੇ, ਹਿਜ਼ਰਾਂ ਦੀ ਭੱਠੀ
ਪਿਆਰ ਪਾ ਕੇ ਪੀੜ ਹਾਂਉਕਿਆਂ ਦੀ, ਕੀਤੀ ਅਸੀਂ ਕੱਠੀ
ਸਾਡਾ ਲਵੇ ਨਾ ਕੋਈ ਪੱਖ, ਇੱਕ ਤੇਰੇ ਕਰਕੇ
ਅੱਖਾਂ ਪੂੰਝਦੇ ਨੇ ਹੱਥ, ਇੱਕ ਤੇਰੇ ਕਰਕੇ

ਕੰਢੇ ਮੌਤ ਦੇ ਹਾਂ ਮੋਏ ਨਾ ਹੀ, ਜਿਉਂਦਿਆਂ ਦੇ ਵਿੱਚ
ਜਰ ਹੋਈ ਨਾ ਗੈਰਾਂ ਤੋਂ, 'ਕੁਲਵਿੰਦਰ' ਦੀ ਜਿੱਤ
ਹੋ ਗਏ ਆਪਣੇ ਵੀ ਵੱਖ, ਇੱਕ ਤੇਰੇ ਕਰਕੇ
ਅੱਖਾਂ ਪੂੰਝਦੇ ਨੇ ਹੱਥ, ਇੱਕ ਤੇਰੇ ਕਰਕੇ


Academy of the Punjab in North America - APNA: http://www.apnaorg.com

# ਸੌਖਾ ਪਰਵਾਨੇ ਨੂੰ ਏਂ ਸੜ ਜਾਣਾ ਅੱਗ ਤੇ

ਦੁਖੀ ਜਿੰਨਾ ਦੂਰ ਹੋ ਕੇ ਤੈਥੋਂ ਅਸੀਂ ਰੋਏ ਹਾਂ
ਲੱਭਿਆ ਕੀ ਤੈਨੂੰ, ਹੰਝੂਆਂ 'ਚ ਅਸੀਂ ਖੋਏ ਹਾਂ
ਔਖਾ ਏ ਜਿਉਂਣਾ ਕੱਲਿਆਂ ਨੂੰ ਏਸ ਜੱਗ ਤੇ
ਸੌਖਾ ਪਰਵਾਨੇ ਨੂੰ ਏਂ ਸੜ ਜਾਣਾ ਅੱਗ ਤੇ

ਜੀਣਾ ਪੈਂਦਾ ਰੋਕ ਕੇ, ਨਬਜ਼ ਅਤੇ ਸਾਹਾਂ ਨੂੰ
ਪੈਂਦਾ ਏ ਦਬਾਉਣਾ ਸੁਣ ਲਵੇ ਨਾ ਕੋਈ ਆਹਾਂ ਨੂੰ
ਦਿਖਦੇ ਹਾਂ ਸੌਖੇ ਪੰਡ ਦੁੱਖਾਂ ਦੀ ਨੂੰ ਲੱਦ ਕੇ
ਸੌਖਾ ਪਰਵਾਨੇ ਨੂੰ ਏਂ ਸੜ ਜਾਣਾ ਅੱਗ ਤੇ

ਪਿਆਰ ਜਿਹੀ ਨਾ ਚੀਜ ਕੋਈ ਰੱਬ ਨੇ ਬਣਾਈ ਏ
ਚੇਤੇ ਰੱਖ ਉਹਨੂੰ ਹੋਸ਼ ਖੁਦ ਦੀ ਭੁਲਾਈ ਏ
ਦਿਸੇ ਨਾ ਕੋਈ ਹੋਰ ਵਿੱਚ ਦਿਲ ਦੇ ਤੋਂ ਵੱਧ ਕੇ
ਸੌਖਾ ਪਰਵਾਨੇ ਨੂੰ ਏਂ ਸੜ ਜਾਣਾ ਅੱਗ ਤੇ

ਅੱਖਾਂ ਹਰ ਵੇਲੇ ਰਾਹਾਂ ਤੱਕਦੀਆਂ ਓਹਦੀਆਂ
ਕਦੋਂ ਗਲ ਲਾਵੇ ਆਸਾਂ ਰੱਖਦੀ ਹਾਂ ਓਹਦੀਆਂ
ਕਿੱਦਾਂ ਦੁੱਖ ਝੱਲੇ "ਕੁਲਵਿੰਦਰ" ਤੋਂ ਸਦਕੇ
ਸੌਖਾ ਪਰਵਾਨੇ ਨੂੰ ਏਂ ਸੜ ਜਾਣਾ ਅੱਗ ਤੇ


Academy of the Punjab in North America - APNA: http://www.apnaorg.com

# ਉਹ ਹੋ ਗਈ ਭਾਂਵੇ ਦੂਰ,
# ਬੜਾ ਮੈਨੂੰ ਚੇਤੇ ਆਉਂਦੀ ਆ

ਯਾਰੀਆਂ ਨਿਭਾਉਂਣੀਆਂ ਜੋ ਸਾਨੂੰ ਸੀ ਸਿਖਾਉਂਦੇ
ਅੱਜ ਆਪੇ ਸਾਡੀ ਅੱਖੀਆਂ ਤੋਂ ਦੂਰ ਹੋ ਗਏ
ਕਸਮਾਂ ਖੁਆ ਕੇ ਸਭ ਭੁੱਲ ਗਏ ਨੇ ਆਪੇ
ਚਾਅ ਤੇ ਸਧਰਾਂ ਵੀ ਸਾਡੇ ਸਭ ਚੂਰ ਹੋ ਗਏ
ਨਹੀਂ ਸੀ ਨਿਭਾਉਂਣੀਆਂ ਜੇ ਜਾਣਦੇ ਉਹ ਯਾਰ ਸਾਡੇ
ਜੱਗ ਅੱਗੇ ਕਾਹਤੋਂ ਮਸ਼ਹੂਰ ਹੋ ਗਏ
ਛੱਡ ਸਾਨੂੰ ਖੁਸ਼ੀਆਂ ਮਨਾਂਵਦੇ ਨੇ ਗੈਰਾਂ ਨਾਲ
ਉੱਚਿਆਂ ਦੀ ਯਾਰੀ ਦੇ ਗਰੂਰ ਹੋ ਗਏ

ਰੋਂਦੇ ਦਿਲ ਨੂੰ ਚੁੱਪ ਕਰਾਵਾਂ, ਜਾਂ ਮੈਂ ਸਾਭਾਂ ਖੁਦ ਨੂੰ
ਸੀਨੇ ਤੇ ਰੱਖ ਸਾੜ ਦਿਆਂ ਕਿੰਝ ਖ਼ਤਾਂ ਵਾਲੇ ਉਸ ਰੁੱਗ ਨੂੰ
ਯਾਦ ਉਹਦੀ ਫਿਰ ਆ ਕੇ ਹੰਝੂ ਮੋੜ ਲਿਆਉਂਦੀ ਆ
ਉਹ ਹੋ ਗਈ ਭਾਂਵੇ ਦੂਰ, ਬੜਾ ਮੈਨੂੰ ਚੇਤੇ ਆਉਂਦੀ ਆ

ਬੇਸਮਝੀ ਸੀ ਅੱਲ੍ਹੜ ਦੀ, ਜਾਂ ਜਾਣ ਕੇ ਕਰ ਗਈ ਓਹ
ਪਰ ਮੇਰੀ ਜ਼ਿੰਦਗੀ ਵਿੱਚ ਤਾਂ ਦੁੱਖ, ਲੱਖਾਂ ਹੀ ਭਰ ਗਈ ਓਹ
ਲੱਖ ਭੁਲਾਵਾਂ ਭੁੱਲੇ ਨਾ, ਮੈਨੂੰ ਤੜਫਾਉਂਦੀ ਆ
ਉਹ ਹੋ ਗਈ ਭਾਂਵੇ ਦੂਰ, ਬੜਾ ਮੈਨੂੰ ਚੇਤੇ ਆਉਂਦੀ ਆ

ਹੋਸ਼ ਰਹੀ ਨਾ ਖੁਦ ਦੀ ਸਭ ਮੇਰੇ ਤੋਂ ਖੋ ਗਿਆ ਏ
ਖੋਣ ਪਿੱਛੋਂ ਉਸ ਨੂੰ "ਕੁਲਵਿੰਦਰ" ਝੱਲਾ ਹੋ ਗਿਆ ਏ
ਹੋ ਸਕਦੇ ਨੀ ਜੀਹਤੋਂ ਕੁਦਰਤ ਵੱਖ ਕਰਾਉਂਦੀ ਆ
ਉਹ ਹੋ ਗਈ ਭਾਂਵੇ ਦੂਰ, ਬੜਾ ਮੈਨੂੰ ਚੇਤੇ ਆਉਂਦੀ ਆ


Academy of the Punjab in North America - APNA: http://www.apnaorg.com

# ਸਰੋਂ ਬੀਜੀ ਆ ਬਣਾ ਕੇ
# ਦਿਲ ਵੇਖ ਲਈਂ ਪਿਆਰ ਵਾਲੇ ਫੁੱਲ ਖਿਲਦੇ

ਸਾਨੂੰ ਛੱਡ ਕੇ ਤੂੰ ਕੱਲੇ ਗਈ ਕਰਨ ਪੜ੍ਹਾਈ
ਤੇਰੀ ਯਾਦ ਨੂੰ ਮੈਂ ਫਿਰਾਂ ਵਿੱਚ ਸੀਨੇ ਦੇ ਮੜ੍ਹਾਈ
ਉਹਨਾ ਖੇਤਾਂ ਵਿੱਚ ਫਿਰਾਂ ਤੈਨੂੰ ਸੋਚਦਾ ਨੀ ਜਿੱਥੇ ਅਸੀਂ ਰਹੇ ਮਿਲਦੇ
ਸਰੋਂ ਬੀਜੀ ਆ ਬਣਾ ਕੇ ਦਿਲ ਵੇਖ ਲਈਂ ਪਿਆਰ ਵਾਲੇ ਫੁੱਲ ਖਿਲਦੇ

ਟੋਹਲਾਂ ਜੁਲਫਾਂ ਮੈਂ ਵੇਖ ਵੇਖ ਛੱਲੀਆਂ
ਵੱਟਾਂ ਓਵੇਂ ਨੇ ਕਮਾਦ ਦੀਆਂ ਮੱਲੀਆਂ
ਪੈਂਦੇ ਸੂਰਜਮੁਖੀ ਦੇ ਕਾਲੇ ਰੰਗ ਚੋਂ ਭੁਲੇਖੇ ਠੋਡੀ ਵਾਲੇ ਤਿਲ ਦੇ
ਸਰੋਂ ਬੀਜੀ ਆ ਬਣਾ ਕੇ ਦਿਲ ਵੇਖ ਲਈਂ ਪਿਆਰ ਵਾਲੇ ਫੁੱਲ ਖਿਲਦੇ

ਲੈ ਲੀ ਜਗਾ ਤੇਰੀ ਸੋਹਣੀਏਂ ਸ਼ਰਾਬ ਨੇ
ਜੱਟ ਮਾਰ ਦਿੱਤਾ ਤੇਰੇ ਨੀ ਸ਼ਬਾਬ ਨੇ
ਹੋਣੇ ਗਿਣ ਨਹੀਓਂ ਤੈਥੋਂ ਮਰਜਾਣੀਏਂ ਨੀ ਟੋਟੇ ਕਿੰਨੇ ਹੋ ਗਏ ਦਿਲ ਦੇ
ਸਰੋਂ ਬੀਜੀ ਆ ਬਣਾ ਕੇ ਦਿਲ ਵੇਖ ਲਈਂ ਪਿਆਰ ਵਾਲੇ ਫੁੱਲ ਖਿਲਦੇ

ਰੱਬਾ ਐਸਾ ਕੀ ਏ ਵਿੱਚ ਪਰਦੇਸ ਦੇ
ਜੀਹਦੇ ਪਿੱਛੇ ਲੋਕੀ ਸਾਰਾ ਕੁਝ ਵੇਚਦੇ
ਤੁਰ ਗਏ "ਕੁਲਵਿੰਦਰ" ਨੂੰ ਛੱਡ ਕੇ ਜੋ ਕੋਲੋਂ ਨਹੀਂ ਸੀ ਹੁੰਦੇ ਹਿੱਲਦੇ
ਸਰੋਂ ਬੀਜੀ ਆ ਬਣਾ ਕੇ ਦਿਲ ਵੇਖ ਲਈਂ ਪਿਆਰ ਵਾਲੇ ਫੁੱਲ ਖਿਲਦੇ


Academy of the Punjab in North America - APNA: http://www.apnaorg.com

# ਕਿਵੇਂ ਭੁਲਾ ਦੇਉਂ ਨਿੱਘ ਤੇਰਿਆਂ ਸਾਹਾਂ ਦਾ

ਹੱਥ ਇੱਕ ਦੂਜੇ ਦਾ ਫੜ ਕੇ ਦੋਵੇਂ ਚੱਲੇ ਸਾਂ
ਕੀ ਕਰੀਏ ਧੋਖਾ ਦੇ ਗਏ ਉਹਨਾਂ ਰਾਹਵਾਂ ਦਾ
ਵਾਂਗ ਨਸ਼ੇ ਦੇ ਰਗ ਰਗ ਮੇਰੇ ਵਸ ਗਈ ਏਂ
ਕਿਵੇਂ ਭੁਲਾ ਦੇਉਂ ਨਿੱਘ ਤੇਰਿਆਂ ਸਾਹਾਂ ਦਾ

ਮੇਲ ਹੋਇਆ ਸੀ ਸਾਡਾ ਯਾਦਾਂ ਦੇਵਣ ਲਈ
ਦੇਵੇ ਕੌਣ ਜਵਾਬ ਇਹ ਟੁੱਟ ਗਏ ਚਾਅਵਾਂ ਦਾ
ਤੇਰੀਆਂ ਮੇਰੀਆਂ ਮੁਲਾਕਾਤਾਂ ਮੈਨੂੰ ਦਿਸਦੀਆਂ ਨੇ
ਰੋਂਦਾ ਦਿਲ ਬੜਾ ਚੇਤੇ ਕਰਕੇ ਥਾਂਵਾਂ ਦਾ

ਉੱਖੜ ਗਿਆ ਏ ਮਨ ਵੀ ਜੀਣਾ ਚਾਹੁੰਦਾ ਨਹੀਂ
ਓੱਤੋਂ ਪੈ ਗਿਆ ਬੋਝ ਏ ਝੂਠੀਆਂ ਕਈ ਅਫਵਾਵਾਂ ਦਾ
ਆਉਣਾ ਕਿਸੇ ਨਹੀਂ ਐਵੇਂ ਸੁਣਨ ਬਨੇਰੇ ਤੋਂ
ਦਿਮਾਗ ਖਰਾਬ ਹੀ ਹੋ ਗਿਆ ਲਗਦਾ ਕਾਂਵਾਂ ਦਾ

ਭੁੱਲਣਾ ਤੈਨੂੰ ਕਦੀ ਨਹੀਂ “ਕੁਲਵਿੰਦਰ” ਨੇ
ਛੁੱਟਣਾ ਨਹੀਂ ਹੁਣ ਖਹਿੜਾ ਹਾਉਂਕੇ ਹਾਵਾਂ ਦਾ
ਜਿੰਨਾ ਕਰਕੇ ਦੋ ਘਰ ਵਸਦੇ ਉੱਜੜ ਗਏ
ਕਰੀਏ ਕੀ ਇਹਨਾ ਭੈੜੀਆਂ ਦੱਸ ਬਲਾਵਾਂ ਦਾ



Academy of the Punjab in North America - APNA: http://www.apnaorg.com

## ਲਫਜ਼ ਹੀ ਮੁੱਕ ਗਏ ਕੋਲ ਮੇਰੇ, ਜਦ ਆਪਣੀ ਵਾਰੀ ਆਈ

ਪਤਾ ਨਹੀਂ ਕਿੰਨੇ ਖਿਆਲ ਕਲਮ ਨਾਲ ਗੀਤਾਂ ਵਿੱਚ ਪਰੋਏ
ਲੱਖ ਤਕਲੀਫਾਂ ਲਿਖੀਆਂ ਕਿੰਨੇ ਸੀਨੇ ਦਰਦ ਸਮੋਏ
ਕਿੰਨੀ ਸੌਖੀ ਹੁੰਦੀ ਲਿਖਣੀ ਯਾਰੋ ਪੀੜ ਪਰਾਈ
ਲਫਜ਼ ਹੀ ਮੁੱਕ ਗਏ ਕੋਲ ਮੇਰੇ, ਜਦ ਆਪਣੀ ਵਾਰੀ ਆਈ

ਖ਼ੂਬਸੂਰਤੀ ਕੁਦਰਤ ਦੀ ਕਦੀ ਸੋਹਣਾਪਣ ਕੁੜੀਆਂ ਦਾ
ਕਦੇ ਪੰਜਾਬ ਦੀ ਗੱਲ, ਤ੍ਰਿੰਝਣਾ ਕਿੱਧਰੇ ਜੁੜੀਆਂ ਦਾ
ਸਿਫਤਾਂ ਕਰੀਆਂ ਐਦਾਂ ਕਿ ਮੂਰਤ ਵੀ ਬੋਲਣ ਲਾਈ
ਲਫਜ਼ ਹੀ ਮੁੱਕ ਗਏ ਕੋਲ ਮੇਰੇ, ਜਦ ਆਪਣੀ ਵਾਰੀ ਆਈ

ਸ਼ਾਇਰੋ ਸ਼ਾਇਰੀ ਦੀ ਰਚਨਾ ਨਾਲ ਸਭ ਨੂੰ ਝੂੰਮਣ ਲਾ ਤਾ
ਕਾਲਪਨਿਕ ਦੁਨੀਆਂ 'ਚ ਲਿਜਾ ਕੇ ਸੋਚਾਂ ਦੇ ਵਿੱਚ ਪਾ ਤਾ
ਨੱਚਣ ਟੱਪਣ ਵਾਲਾ ਲਿਖ ਕੇ, ਸਾਰੀ ਧਰਤ ਹਿਲਾਈ
ਲਫਜ਼ ਹੀ ਮੁੱਕ ਗਏ ਕੋਲ ਮੇਰੇ, ਜਦ ਆਪਣੀ ਵਾਰੀ ਆਈ

ਐਵੈਂ ਤਾਂ ਕੋਈ ਬੰਦਾ ਲੋਕੋ ਸ਼ਾਇਰ ਬਣਦਾ ਨਹੀਂ
ਇੱਕ ਇੱਕ ਹੰਝੂ ਜਦ ਤੱਕ ਦਿਲ ਦੇ ਵਿੱਚੋਂ ਛਣਦਾ ਨਹੀਂ
"ਕੁਲਵਿੰਦਰ" ਰਹਿਮਤ ਰੱਬ ਦੀ ਜਿਸ ਨੇ, ਡਾਇਰੀ ਆਣ ਮਿਲਾਈ
ਲਫਜ਼ ਹੀ ਮੁੱਕ ਗਏ ਕੋਲ ਮੇਰੇ, ਜਦ ਆਪਣੀ ਵਾਰੀ ਆਈ


Academy of the Punjab in North America - APNA: http://www.apnaorg.com

# ਸੱਜਣਾ ਨਾਲ ਬੀਤੇ ਪਲ ਮੁੜ ਕੇ, ਫਿਰ ਕਿੱਥੇ ਲੱਭਦੇ ਨੇ

ਤੇਰੇ ਸਾਹਮਣੇ ਤਾਂ ਸੀ ਹੱਸਿਆ, ਪਿੱਛੋਂ ਇੰਨਾ ਕਿਉਂ ਰੋਇਆ
ਜਿੰਨਾ ਮਿਲਣ ਦਾ ਚਾਅ ਸੀ ਤੈਨੂੰ, ਵੱਖ ਹੋ ਓਨਾ ਦੁੱਖ ਹੋਇਆ
ਵਿਛੜਨ ਵਾਲੇ ਪਲ ਕਿਉਂ ਇੰਨੇ ਔਖੇ ਲੱਗਦੇ ਨੇ
ਸੱਜਣਾ ਨਾਲ ਬੀਤੇ ਪਲ ਮੁੜ ਕੇ, ਫਿਰ ਕਿੱਥੇ ਲੱਭਦੇ ਨੇ

ਕਿੰਨਾ ਚੰਗਾ ਸੀ ਜੇ ਜ਼ਿੰਦਗੀ ਵੀ ਪਿੱਛੇ ਮੁੜ ਸਕਦੀ
ਕਿਤੇ ਕੜੀ ਟੁੱਟੇ ਸਾਡੇ ਪਿਆਰ ਦੀ ਵੀ ਜੇ ਜੁੜ ਸਕਦੀ
ਬਿਨਾਂ ਪੱਤਿਓਂ ਰੁੱਖ ਹਾਂ ਹੋ ਗਏ, ਜਦ ਦੇ ਯਾਰ ਓਹ ਛੱਡਗੇ ਨੇ
ਸੱਜਣਾ ਨਾਲ ਬੀਤੇ ਪਲ ਮੁੜ ਕੇ, ਫਿਰ ਕਿੱਥੇ ਲੱਭਦੇ ਨੇ

ਦਿਨ ਰਾਤ ਸਤਾਉਂਦੀਆਂ ਯਾਦਾਂ ਗੁਜ਼ਰੇ ਵਕ਼ਤ ਦੀਆਂ
ਸਭ ਨੂੰ ਨਹੀਂ ਨਸੀਬ ਮੌਜਾਂ ਉਸ ਤਖਤ ਦੀਆਂ
ਇਸ਼ਕ ਦੇ ਰੋਗ ਅੱਵਲੇ, ਰਹਿੰਦੇ ਦਿਲ ਵਿੱਚ ਦਗਦੇ ਨੇ
ਸੱਜਣਾ ਨਾਲ ਬੀਤੇ ਪਲ ਮੁੜ ਕੇ, ਫਿਰ ਕਿੱਥੇ ਲੱਭਦੇ ਨੇ

ਹੁਣ ਗੱਲ ਚਲੀ ਗਈ ਅੜੀਏ ਅਗਲੇ ਜਨਮਾਂ ਤੇ
ਅਸੀਂ ਮੜ੍ਹ ਦਿੱਤੇ ਨੇ ਦੋਸ਼ ਆਪਣੇ ਕਰਮਾਂ ਤੇ
"ਕੁਲਵਿੰਦਰ" ਆਪਣੇ ਬਣਕੇ ਕਈ, ਜ਼ਿੰਦਗੀ ਵਿੱਚ ਠੱਗਦੇ ਨੇ
ਸੱਜਣਾ ਨਾਲ ਬੀਤੇ ਪਲ ਮੁੜ ਕੇ, ਫਿਰ ਕਿੱਥੇ ਲੱਭਦੇ ਨੇ



Academy of the Punjab in North America - APNA: http://www.apnaorg.com

ਪਹਿਲਾਂ ਤੈਨੂੰ ਪਾਉਣ ਦੀ ਚਿੰਤਾ ਸੀ, ਪਾ ਕੇ ਤੈਨੂੰ ਖੋਣ ਤੋਂ ਡਰਦੇ ਰਹੇ
ਵਿੱਚ ਦਿਲ ਦੇ ਤੇਰੇ ਨਫ਼ਰਤ ਸੀ, ਅਸੀਂ ਐਵੇਂ ਪਿਆਰ ਤੈਨੂੰ ਕਰਦੇ ਰਹੇ
ਤੂੰ ਖੇਡ ਇਸ਼ਕ ਦੀ ਖੇਡੀ ਨਾ, ਅਸੀਂ ਜਿੱਤ ਜਿੱਤ ਕੇ ਵੀ ਹਰਦੇ ਰਹੇ
ਅੱਧੀ ਲੰਘ ਗਈ ਵਿੱਚ ਉਡੀਕਾਂ ਦੇ, ਬਾਕੀ ਵਿੱਚ ਵਿਛੋੜਿਆਂ ਮਰਦੇ ਰਹੇ

ਸ਼ਾਇਦ ਮੈਂ ਭੁੱਲ ਜਾਵਾਂ, ਕਿ ਕਿਵੇਂ ਮਿਲੇ ਸੀ ਆਪਾਂ
ਪਰ ਬੀਤਿਆ ਸਮਾਂ ਜੋ ਨਾਲ ਤੇਰੇ, ਕਦੀ ਭੁੱਲ ਨਹੀਂ ਹੋਣਾ
ਇੱਕ ਵਾਰ ਲਿਆ ਕੇ ਜ਼ਿੰਦਗੀ ਵਿੱਚ ਤੈਨੂੰ ਮੇਰੇ ਸੱਜਣਾ ਵੇ
ਹੁਣ ਪੂਰੀ ਜਿੰਦਗੀ ਹੋਰ ਕਿਸੇ ਤੇ ਡੁੱਲ੍ਹ ਨਹੀਂ ਹੋਣਾ

ਉਹ ਗੱਲ ਵਿਛੋੜੇ ਵਾਲੀ ਚੇਤੇ ਕਰਕੇ ਜਾਨ ਜਾਵੇ
ਬਚਦਾ ਨਹੀਂ ਕੁਝ ਪਿੱਛੇ ਸਿਰ ਦੀ ਉੱਠ ਜੇ ਸ਼ਾਨ ਜਾਵੇ
ਸਦਾ ਲਈ ਰੋਣਾ ਪੱਲੇ ਪਾ ਲਿਆ ਮਿਲ ਕੇ ਦੋਹਾਂ
ਸੀ ਇੱਕ ਦੂਜੇ ਵੱਲ ਤੱਕਦੇ ਰਹੇ ਵਿਛੜ ਕੇ ਕੋਹਾਂ

ਸਾਡੀ ਸੋਚ ਵਿੱਚ ਆਇਆ ਬਦਲਾਵ ਜਿਹੜਾ
ਇਹ ਵੀ ਆਇਆ ਸਾਡੇ ਵਿੱਚ ਇੱਕ ਤੇਰੇ ਜਾਣ ਪਿੱਛੋਂ
ਗਮਾਂ ਵਾਲਾ ਰੂਪ ਲਿਆ ਧਾਰ ਸਾਡੀ ਖੁਸ਼ੀ
ਝੋਲੀ ਹੰਝੂਆਂ ਨੂੰ ਪਾਇਆ ਇੱਕ ਤੇਰੇ ਜਾਣ ਪਿੱਛੋਂ
ਜਦੋਂ ਮਿਲਿਆ ਸੀ ਸਾਨੂੰ ਤੇਰਾ ਚਾਅ ਸੀ ਬਥੇਰਾ
ਅਸੀਂ ਖੁਦ ਨੂੰ ਗਵਾਇਆ ਇੱਕ ਤੇਰੇ ਜਾਣ ਪਿੱਛੋਂ
ਕਦੇ ਪਲ ਵੀ ਨਾ ਸਰਦਾ ਸੀ ਇੱਕ ਦੂਜੇ ਬਿਨਾਂ
ਇੱਕਲਾਪਣ ਏ ਹੰਢਾਇਆ ਇੱਕ ਤੇਰੇ ਜਾਣ ਪਿੱਛੋਂ


Academy of the Punjab in North America - APNA: http://www.apnaorg.com

# ਉਦਾਸੀ

ਜੀਣਾ ਸਿੱਖੀਏ ਫੁੱਲਾਂ ਤੋਂ, ਕਿੰਝ ਕੰਡਿਆਂ ਨਾਲ ਨਿਭਾ ਜਾਂਦੇ,
ਟੁੱਟ ਕੇ ਵੀ ਖੁਸ਼ਬੂ ਨਹੀਂ ਭੁੱਲਦੇ, ਦੋ ਦਿਲਾਂ ਤਾਂਈ ਮਿਲਾ ਜਾਂਦੇ।
ਹੋਵੇ ਨਾ ਕਦਰ ਜ਼ਜ਼ਬਾਤਾਂ ਦੀ, ਤਾਂ ਇਹ ਵੀ ਨੇ ਕੁਮਲਾ ਜਾਂਦੇ,
ਕਹਿੰਦੇ ਸੱਚ ਕੁਲਵਿੰਦਰ ਜਿੰਦਗੀ ਨੂੰ, ਲੋਕੀ ਨਜ਼ਰਾਂ ਦੇ ਨਾਲ ਖਾ ਜਾਂਦੇ।

ਜ਼ਿੰਦਗੀ ਹੈ ਇਹ, ਵਿੱਚ ਇਸ ਦੇ ਸਭ ਮਿਲ ਤਾਂ ਜਾਂਦਾ ਨਹੀਂ
ਹਰ ਟਾਹਣੀ ਤੇ ਡੋਡੀ ਦਾ ਫੁੱਲ ਬਣ ਖਿਲ ਤਾਂ ਜਾਂਦਾ ਨਹੀਂ
ਰਸਤੇ ਤਾਂ ਮਿਲਦੇ ਬਹੁਤ, ਕਈਆਂ ਦੇ ਅੱਗੇ ਮਿਲਦੀ ਮੌਤ
ਕਈ ਵਿਚੋਂ ਮੁਕ ਜਾਂਦੇ ਨੇ
ਥੋੜਾ ਜਿਹਾ ਤਾਂ ਸੁੱਖ ਦਿਲ ਨੂੰ ਮਿਲ ਜਾਂਦਾ ਹਾਣਦੀਏ,
ਭਾਂਵੇ ਚੇਤੇ ਕਰ ਕੇ ਤੈਨੂੰ, ਸਾਡੇ ਸਾਹ ਸੁੱਕ ਜਾਂਦੇ ਨੇ

ਤੇਰੇ ਉਂਗਲਾਂ ਦੇ ਪੋਟਿਆਂ ਨੇ ਪੂੰਝੇ ਸਾਡੇ ਹੰਝੂ,
ਜਦ ਕਦੀ ਵੀ ਉਦਾਸ ਹੋ ਕੇ ਰੋਏ ਸੱਜਣਾ।
ਹਰ ਰਾਤ ਕੀਤਾ ਚੇਤੇ ਤੈਨੂੰ ਤੁਰ ਜਾਣ ਪਿੱਛੋਂ,
ਹਾਉਂਕੇ ਭਰੇ ਬੜੇ ਤਾਰਿਆ ਦੀ ਲੋਏ ਸੱਜਣਾ।

ਸਮਝੀ ਨਾ ਕੁੜੇ ਨੀ ਤੂੰ ਦਿਲਾਂ ਦੀਆਂ ਗੱਲਾਂ,
ਕਰ ਕੇ ਪਿਆਰ ਧੋਖਾ ਹੀ ਕਮਾਉਣਾ ਸੀ।
ਛੱਡ ਕੇ ਹੀ ਜਾਣਾ ਸੀ ਜੇ ਕੱਲੇ ਵਿੱਚ ਦੁਨੀਆਂ ਦੇ,
ਕਾਹਤੋਂ ਨੀ ਤੂੰ ਵਿੱਚ ਸਾਡੀ ਜ਼ਿੰਦਗੀ ਦੇ ਆਉਂਣਾ ਸੀ।
ਜਾਣ ਲੈਂਦੇ ਅਸੀਂ ਘੁੱਟ ਜਾਣਾ ਲੱਗ ਸੀਨੇ ਸਾਡੇ,
ਕਦੀ ਵੀ ਨਾ ਤੈਨੂੰ ਅਸੀਂ ਗਲ ਨਾਲ ਲਾਉਂਣਾ ਸੀ।


Academy of the Punjab in North America - APNA: http://www.apnaorg.com

ਜੁੜਦਾ ਏ ਦਿਲ ਉਦੋਂ ਟੁੱਟਦੇ ਨੇ ਫੁੱਲ
ਜਦੋਂ ਟੁੱਟਦਾ ਏ ਦਿਲ ਉਦੋਂ ਤਾਰੇ ਟੁੱਟਦੇ ਨੇ
ਚੂਰ ਚੂਰ ਹੋ ਜਾਏ ਵਿੱਚੋ ਵਿੱਚ ਇਨਸਾਨ ਉਦੋਂ
ਜਾਨ ਨਾਲੋਂ ਵੱਧ ਜਦੋਂ ਪਿਆਰੇ ਟੁੱਟਦੇ ਨੇ

ਬੜੀ ਵਾਰੀ ਮਨ ਸਮਝਾ ਲਿਆ, ਡਿੱਗ ਕੇ ਫਿਰ ਤੁਰ ਪੈਂਦੇ ਹਾਂ
ਇਹਨਾਂ ਚੰਦਰੇ ਪਿਆਰ ਦੇ ਰਾਹਾਂ ਵੱਲ ਕਿਉਂ ਫਿਰ ਮੁੜ ਪੈਂਦੇ ਹਾਂ
ਪੈਰ ਵੀ ਛੱਡ ਗਏ ਸਾਥ ਅੱਗੇ ਤੁਰਨਾ ਵੀ ਮੁਸ਼ਕਿਲ ਹੈ
ਇੰਨੀ ਵਾਰੀ ਟੁੱਟ ਗਿਆ ਦਿਲ ਕਿ ਹੁਣ ਜੁੜਨਾ ਵੀ ਮੁਸ਼ਕਿਲ ਹੈ

ਵੱਧ ਪਿਆਰ ਜਾਨ ਤੋਂ ਅੜਿਆ ਤੈਨੂੰ ਕਰਦੀ ਸਾਂ
ਬਿਨਾਂ ਸੋਚੇ ਮੈਂ ਹਰ ਗੱਲ ਵਿੱਚ ਹਾਂਮੀ ਭਰਦੀ ਸਾਂ
ਮੇਰਾ ਤੇਰੇ ਨਾਲ ਜਹਾਨ ਸੋਹਣਿਆਂ ਵਸਦਾ ਸੀ,
ਹੁਣ ਖੁਸ਼ੀਆਂ ਵਾਲਾ ਮਹਿਲ ਹੀ ਸਾਡਾ ਵਿਖਰ ਗਿਆ
ਤੇਰਾ ਜੰਮ ਗਿਆ ਖ਼ੂਨ ਜੋ ਕਹਿ ਗਿਆਂ ਮੈਥੋਂ ਨਹੀਂ ਨਿਭਦੀ,
ਗੱਲ ਸੁਣ ਕੇ ਸਾਡਾ ਸਾਰਾ ਖ਼ੂਨ ਹੀ ਨਿੱਚੜ ਗਿਆ

ਵਿੱਚ ਜਵਾਨੀ ਹਾਣਦੀਏ, ਝੋਲੀ ਪੈ ਗਈਆ ਤਨਹਾਈਆਂ ਨੇ
ਸਮੁੰਦਰ ਤੋਂ ਵੀ ਡੂੰਘੀਆਂ ਛੱਲਾਂ, ਦਿਲ ਦੇ ਵਿੱਚੋਂ ਆਈਆਂ ਨੇ
ਖਾਰਾ ਪਾਣੀ ਹੰਝੂਆਂ ਰਾਹੀਂ ਡੁਲ੍ਹਿਆ ਏ ਭਰ ਭਰ ਕੇ ਨੀ
ਜੀਣਾ ਵੀ ਕੀ ਜੀਣਾ ਹੁੰਦਾ, ਹਾਣਦੀਏ ਮਰ ਮਰ ਕੇ ਨੀ


Academy of the Punjab in North America - APNA: http://www.apnaorg.com

ਸ਼ੀਸ਼ੇ ਜਿਉ ਤਰੇੜ ਪੈ ਗਈ ਦੋਹਾਂ ਵਿਚਕਾਰ ਵੇ,
ਸਕੂ ਨਾ ਕੋਈ ਜੋੜ ਸਾਡਾ ਟੁੱਟਿਆ ਪਿਆਰ ਵੇ।
ਸੁਪਨਾ ਵਿਖਾ ਕੇ ਦਿੱਤਾ ਤੋੜ ਪਰਭਾਤ ਨੇ,
ਜ਼ਿੰਦਗੀ 'ਚ ਹਨੇਰ ਪਾ ਤਾ ਗਮਾ ਵਾਲੀ ਰਾਤ ਨੇ।

ਥੋੜੇ ਦਿਨਾ ਦੇ ਹਾਂ ਚੰਨਾ ਮਹਿਮਾਨ ਤੇਰੇ ਕੋਲ
ਫੇਰ ਕਿਤੋਂ ਨਾ ਥਿਆਉਣੇ, ਲੱਖ ਲਵੀਂ ਭਾਂਵੇ ਟੋਲ
ਲੰਮੀ ਲਾ ਜਾਣੀ ਅਸਾਂ ਨੇ ਉਡਾਰ ਵੇ, ਹੋਰ ਦੱਸ ਕੀ ਕਰਨਾ
ਜਦੋਂ ਰੱਬ ਨੇ ਹੀ ਦਿੱਤਾ ਸਾਨੂੰ ਮਾਰ ਵੇ, ਤੇਰੇ ਮਾਰੇ ਕੀ ਮਰਨਾ

ਵਿੱਚ ਚੜ੍ਹਦੀ ਉਮਰ ਛੱਡ ਗਈ ਸਾਨੂੰ ਕੱਲੇ
ਲਾ ਕੇ ਨਾਲ ਤੇਰੇ ਯਾਰੀ, ਦੱਸ ਪਾਇਆ ਕੀ ਏ ਪੱਲੇ
ਥੋੜੇ ਸੁੱਖ ਵੀ ਖੁਦਾ ਤੋਂ ਸਾਨੂੰ ਮੰਗ ਲੈਣ ਦੇ
ਹੱਸ ਖੇਡ ਕੇ ਜਵਾਨੀ ਸਾਡੀ ਲੰਘ ਲੈਣ ਦੇ

ਰੋਣ ਨੂੰ ਵੀ ਕਿਸੇ ਦਾ ਨਾ ਚਿੱਤ ਕਰਦਾ,
ਪਲ ਪਲ ਏ ਰੁਆਉਂਦੀ ਓਹਦੀ ਯਾਦ ਚੰਦਰੀ।
ਜਾਣਾ ਹੀ ਸੀ ਛੱਡ ਸਾਨੂੰ ਚਲੀ ਭਾਂਵੇ ਜਾਂਦੀ,
ਇੰਝ ਕਰਕੇ ਕਿਉਂ ਗਈ ਬਰਬਾਦ ਚੰਦਰੀ।
ਸਾਡਾ ਤਾਂ ਦੁਆਵਾਂ ਦਿਲ ਤਾਂ ਵੀ ਮੰਗੇ ਓਹਦੇ ਲਈ,
ਰਹੇ ਹੱਸਦੀ ਤੇ ਸਦਾ ਹੀ ਆਬਾਦ ਚੰਦਰੀ।
ਇੱਕ ਵਾਰੀ ਆ ਕੇ ਪਿਆਰ ਕਰੇ ਮਹਿਸੂਸ ਮੇਰਾ,
ਆਜੇ ਭਾਂਵੇ, ਮੇਰੇ ਮਰਨ ਦੇ ਬਾਅਦ ਚੰਦਰੀ।


Academy of the Punjab in North America - APNA: http://www.apnaorg.com

# ਸਾਹਾਂ ਦਾ ਮਹਿਰਮ

ਸਾਹਾਂ ਦਾ ਮਹਿਰਮ ਤੂੰ ਚੰਨਾਂ, ਜੀਅ ਸਕਦੀ ਨਾ ਬਿਨ ਤੇਰੇ ਤੋਂ
ਜਿੰਦ ਨਾਂਅ ਤੇਰੇ ਲਿਖਵਾ ਦਿੱਤੀ, ਦੱਸ ਚਾਂਹਵੇ ਹੋਰ ਕੀ ਮੇਰੇ ਤੋਂ
ਨਾ ਪਲ ਵੀ ਯਾਦ ਦੀ ਲੜੀ ਟੁੱਟੇ, ਨਾ ਕਰ ਸਕਾਂ ਪਰੇ ਜੇਰੇ ਤੋਂ
ਤੂੰ ਹੀ ਏਂ ਸੂਰਜ ਚੰਨ ਮੇਰਾ, ਬੜਾ ਡਰਾਂ ਜੁਦਾਈ ਹਨੇਰੇ ਤੋਂ
ਮੈਂ ਸਦਾ ਹੀ ਤੇਰੀ ਬਣ ਰਹਿਣਾ, ਜਾਂਵਾਂ ਦੂਰ ਨਾ ਤੇਰੇ ਡੇਰੇ ਤੋਂ
ਚਾਹੁੰਨਾ ਤੂੰ ਵੀ ਮੈਨੂੰ ਵੱਧ ਜਾਨੋਂ, ਪੜ ਲਵਾਂ ਮੈਂ ਤੇਰੇ ਚੇਹਰੇ ਤੋਂ
ਜਿੱਥੇ ਆਖੇਂ ਤੂੰ ਓਥੇ ਖੜ ਜਾਵਾਂ, ਹਿੱਲਾਂ ਰਤਾ ਨਾ ਤੇਰੇ ਘੇਰੇ ਤੋਂ
ਉਸ ਦਿਨ ਦੀ ਰਹਿਣੀ ਉਡੀਕ ਮੈਨੂੰ, ਤੱਕਾਂ ਮੁੱਖ ਮੈਂ ਤੇਰੇ ਸਿਹਰੇ ਚੋਂ
ਉਮਰਾਂ ਲਈ ਜੋੜੇ ਜੋ ਨਾਲ ਤੇਰੇ, ਸਦਕੇ ਜਾਵਾਂ ਉਸ ਫੇਰੇ ਤੋਂ
ਜੀਵਾਂ ਮਰਾਂ ਮੈਂ ਨਾਲ ਤੇਰੇ, ਐਸਾ ਵਰ ਲਵਾਂ ਗੁਰੂ ਕਿਹੜੇ ਤੋਂ


Academy of the Punjab in North America - APNA: http://www.apnaorg.com

ਰਾਤਾਂ ਕਾਲੀਆਂ 'ਚ ਬੈਠਾ ਸੀ ਮੈਂ ਬੜੇ ਚਿਰਾਂ ਬਾਅਦ
ਆ ਗਏ ਗੁਜ਼ਰੇ ਜਮਾਨੇ ਵਾਲੇ ਪਲ ਓਹੋ ਯਾਦ
ਮੁੱਖ ਆਪਣਾ ਮੈਂ ਬਾਹਾਂ 'ਚ ਲਕੋ ਲਿਆ,
ਤੇ ਲੰਮਾ ਜਿਹਾ ਹਉਕਾ ਭਰਿਆ
ਯਾਦਾਂ ਤੇਰੀਆਂ ਨੇ ਖੁਆਬਾਂ 'ਚ ਸਮੋ ਲਿਆ,
ਨੀ ਕਾਹਦਾ ਤੈਨੂੰ ਯਾਦ ਕਰਿਆ

ਭੁੱਲ ਨਾ ਹਾਂ ਪਾਏ ਅਸੀਂ ਕੀਤੀ ਓਸ ਭੁੱਲ ਨੂੰ
ਦਿਲੋਂ ਪਛਤਾਈਏ, ਦਿੱਤੀ ਦਿਲ ਵਾਲੀ ਖੁੱਲ੍ਹ ਨੂੰ
ਕਿੰਨੀ ਵਾਰੀ ਨੀ ਮੈਂ ਚੁੱਪ ਹੋ ਕੇ ਰੋ ਲਿਆ,
ਹਾਲ ਨਹੀਓਂ ਜਾਂਦਾ ਜਰਿਆ
ਯਾਦਾਂ ਤੇਰੀਆਂ ਨੇ ਖੁਆਬਾਂ 'ਚ ਸਮੋ ਲਿਆ,
ਨੀ ਕਾਹਦਾ ਤੈਨੂੰ ਯਾਦ ਕਰਿਆ

ਤੇਰੇ ਉਂਗਲਾਂ ਦੇ ਪੋਟਿਆਂ ਨੇ ਪੂੰਝੇ ਸਾਡੇ ਹੰਝੂ,
ਜਦ ਕਦੀ ਵੀ ਉਦਾਸ ਹੋ ਕੇ ਰੋਏ ਸੱਜਣਾ।
ਹਰ ਰਾਤ ਕੀਤਾ ਚੇਤੇ ਤੈਨੂੰ ਤੁਰ ਜਾਣ ਪਿੱਛੋਂ,
ਹਾਉਕੇ ਭਰੇ ਬੜੇ ਤਾਰਿਆਂ ਦੀ ਲੋਏ ਸੱਜਣਾ।

ਸੋਚਦੇ ਸੀ ਬੜਾ ਕੁਝ ਜਿੰਦਗੀ 'ਚ ਪਾਵਾਂਗੇ
ਤੇਰੇ ਨਾਲ ਰਲ ਹਰ ਖੁਸ਼ੀ ਨੂੰ ਹੰਢਾਵਾਂਗੇ
ਕਾਹਦਾ ਹੱਥ ਫੜ ਚੱਲੇ ਸਾਡੇ ਰਾਹ ਰੁਲ ਗਏ
ਤੇਰੇ ਧੋਖੇ ਨਾਲ ਸਾਡੇ ਸਾਰੇ ਚਾਅ ਰੁਲ ਗਏ

ਉਹ ਫੁੱਲਾਂ ਵਰਗੇ ਚਿਹਰੇ ਸੀ
ਸਾਡੇ ਦਿਲ ਵਿੱਚ ਵਸਦੇ ਜਿਹੜੇ ਸੀ
ਪੱਥਰਾਂ ਵਾਲੀ ਮਾਰ ਮਾਰ ਕੇ ਕੱਲੇ ਛੱਡ ਗਏ ਨੇ
ਤੀਰ ਵਿਛੋੜਿਆਂ ਵਾਲਾ ਸਾਡੇ ਸੀਨੇ ਗੱਡ ਗਏ ਨੇ


Academy of the Punjab in North America - APNA: http://www.apnaorg.com

## ਦਿਲ ਕਰੇ ਦਿਲ 'ਚ ਛੁਪਾ ਕੇ ਰੱਖਲਾਂ,
## ਦਿਲ ਦਾ ਜੇ ਚੰਨਾਂ ਦਿਲਦਾਰ ਬਣਜੇਂ

ਵਿੱਚ ਅੱਖਾਂ ਦੇ ਮੈਂ ਪਾ ਲਾਂ, ਬਣ ਸੁਰਮਾਂ ਜੇ ਜਾਂਵੇ
ਹਾਰ ਰੱਖਲਾਂ ਬਣਾ ਕੇ, ਬਾਹਾਂ ਗਲੇ 'ਚ ਜੇ ਪਾਂਵੇ
ਗਜ਼ਰੇ ਦਾ ਰੂਪ ਦੇ ਕੇ ਗੁੱਟ ਤੇ ਸਜ਼ਾਲਾਂ, ਤੱਤੜੀ ਦਾ ਕਿੱਧਰੇ ਸਿੰਗਾਰ ਬਣਜੇਂ
ਦਿਲ ਕਰੇ ਦਿਲ 'ਚ ਛੁਪਾ ਕੇ ਰੱਖਲਾਂ, ਦਿਲ ਦਾ ਜੇ ਚੰਨਾਂ ਦਿਲਦਾਰ ਬਣਜੇਂ

ਬਣੇਂ ਘੁੰਗਰੂ ਤਾਂ ਲਾ ਕੇ ਚੁੰਨੀ ਉੱਤੇ ਛਣਕਾਵਾਂ
ਹੋਵੇਂ ਟਿੱਕਾ ਜੇ ਸੋਨੇ ਦਾ ਤੈਨੂੰ ਮੱਥੇ ਚਮਕਾਵਾਂ
ਵਧ ਜਾਵੇ ਰੂਪ ਮੇਰੀ ਉਂਗਲੀ ਦਾ ਹੋਰ, ਛੱਲੇ ਵਾਲੀ ਹਾਣੀਆਂ ਜੇ ਤਾਰ ਬਣਜੇਂ
ਦਿਲ ਕਰੇ ਦਿਲ 'ਚ ਛੁਪਾ ਕੇ ਰੱਖਲਾਂ, ਦਿਲ ਦਾ ਜੇ ਚੰਨਾਂ ਦਿਲਦਾਰ ਬਣਜੇਂ

ਸੂਟ ਨਿੱਤ ਦਾ ਤੂੰ ਬਣੇਂ ਜਿਹੜਾ ਤਨ ਤੇ ਮੈਂ ਪਾਵਾਂ
ਤੇਰੀ ਹਰ ਇੱਕ ਅਦਾ ਵੇ ਮੈਂ ਰੱਜ ਕੇ ਹੰਢਾਵਾਂ
ਹੋ ਕੇ ਤੇਰੀ ਭੁੱਲ ਜਾਵਾਂ ਦੁਨੀਆਂ ਮੈ ਸਾਰੀ, ਸੱਚੇ ਦਿਲੋਂ ਮੇਰਾ ਜੇ ਤੂੰ ਪਿਆਰ ਬਣਜੇਂ
ਦਿਲ ਕਰੇ ਦਿਲ 'ਚ ਛੁਪਾ ਕੇ ਰੱਖਲਾਂ, ਦਿਲ ਦਾ ਜੇ ਚੰਨਾਂ ਦਿਲਦਾਰ ਬਣਜੇਂ

ਮੇਰੇ ਮੁੱਖੜੇ ਦੇ ਨੂਰ 'ਚ ਵੀ ਹੋਵੇ ਤੇਰਾ ਵਾਸਾ
ਤੈਥੋਂ ਉਕਰਿਆ ਹੋਵੇ ਮੇਰਾ ਸੋਹਣਿਆਂ ਵੇ ਹਾਸਾ
ਮੰਗਾਂ 'ਕੁਲਵਿੰਦਰਾ' ਮੈਂ ਉਮਰਾਂ ਦਾ ਸਾਥ, ਹਰ ਜਨਮ ਦੇ ਵਿੱਚ ਮੇਰਾ ਯਾਰ ਬਣਜੇਂ
ਦਿਲ ਕਰੇ ਦਿਲ 'ਚ ਛੁਪਾ ਕੇ ਰੱਖਲਾਂ, ਦਿਲ ਦਾ ਜੇ ਚੰਨਾਂ ਦਿਲਦਾਰ ਬਣਜੇਂ


Academy of the Punjab in North America - APNA: http://www.apnaorg.com

# ਦਿਲ ਵਿੱਚ ਵਸਦਿਆ ਤੱਤੜੀ ਦੇ ਦਿਲਦਾਰਾ ਵੇ

ਹਾਲ ਸੁਣਾਵਾਂ ਦਿਲ ਦਾ ਤੈਨੂੰ ਦਿਲ ਕਰਦੈ,
ਦਿਲ ਵਿੱਚ ਵਸਦਿਆ ਤੱਤੜੀ ਦੇ ਦਿਲਦਾਰਾ ਵੇ।
ਜਾਨ ਜਾਨ ਮੈਨੂੰ ਕਹਿ ਕੇ ਜਾਣ ਬਣਾ ਲਿਆ ਏ,
ਹੁਣ ਜਾਨ ਬਿਨਾ ਕੁਝ ਹੋਰ ਨੀ ਲੱਗਦਾ ਪਿਆਰਾ ਵੇ।

ਹਵਾ ਦੇ ਬੁੱਲ੍ਹਿਆ ਪਲ ਵਿੱਚ ਸੁਪਨਾ ਬਣ ਜਾਂਵੇ,
ਖੁਆਬ ਤੂੰ ਬਣ ਕੇ ਖੁਆਬਾਂ ਦੇ ਵਿੱਚ ਘੁੰਮਦਾ ਏਂ।
ਅੱਖ ਖੁੱਲ੍ਹ ਜਾਂਦੀ ਮੇਰੀ ਗੂੜ੍ਹੀ ਨੀਂਦਰ ਚੋਂ,
ਬਟੂਏ ਚੋਂ ਫੋਟੋ ਮੇਰੀ ਜਦ ਚੁੰਮਦਾ ਏਂ।
ਪੈਸੇ ਨਾਲੋਂ ਵੱਧ ਜਰੂਰੀ ਹੋ ਗਿਆ ਏਂ,
ਹੋ ਨੀ ਸਕਦਾ ਤੇਰੇ ਬਾਜ ਗੁਜ਼ਾਰਾ ਵੇ।
ਹਾਲ ਸੁਣਾਵਾਂ ਦਿਲ ਦਾ ਤੈਨੂੰ ਦਿਲ ਕਰਦੈ,
ਦਿਲ ਵਿੱਚ ਵਸਦਿਆ ਤੱਤੜੀ ਦੇ ਦਿਲਦਾਰਾ ਵੇ।

ਲੱਗਦਾ ਹੋਣਾ ਰਿਸ਼ਤਾ ਪਿਛਲੇ ਜਨਮਾਂ ਦਾ,
ਜੋ ਏਸ ਜਨਮ ਦੇ ਵਿੱਚ ਵੀ ਆ ਕੇ ਮਿਲਿਆ ਏਂ।
ਇਉਂ ਲੱਗੀ ਜਾਂਦਾ ਪਹਿਲਾਂ ਤੋਂ ਤੈਨੂੰ ਜਾਣਦੀ ਹਾਂ,
ਫੁੱਲ ਵਾਂਗੂ ਤੂੰ ਵੀ ਮੈਨੂੰ ਤੱਕ ਕੇ ਖਿਲਿਆ ਏਂ।
ਇੱਕ ਦੂਜੇ ਨੂੰ ਆਪੇ ਰੱਬ ਮਿਲਾਉਂਦਾ ਏ,
ਫਿਰ ਇੱਕ ਦੂਜੇ ਦਾ ਦੋਵੇਂ ਬਣਨ ਸਹਾਰਾ ਵੇ।
ਹਾਲ ਸੁਣਾਵਾਂ ਦਿਲ ਦਾ ਤੈਨੂੰ ਦਿਲ ਕਰਦੈ,
ਦਿਲ ਵਿੱਚ ਵਸਦਿਆ ਤੱਤੜੀ ਦੇ ਦਿਲਦਾਰਾ ਵੇ।



Academy of the Punjab in North America - APNA: http://www.apnaorg.com

# ਬਣ ਝਾਂਜਰ ਪੈਰੀਂ ਛਣਕਾਂ ਵੇ ਤੇਰੇ ਪਿਆਰ ਲਈ

ਚਮਕ ਤੇਰੀ ਜਿਉਂ ਚੰਨ ਚਮਕੇ, ਵਿੱਚ ਓਸ ਚਮਕ ਦੇ ਮੈਂ ਚਮਕਾਂ
ਮੈਂ ਤੇਰੀ ਸੀ, ਹਾਂ ਤੇਰੀ ਵੇ, ਰਹੂੰ ਤੇਰੀ ਨਾ ਮਾਰੀਂ ਛਮਕਾਂ
ਤੈਨੂੰ ਦੇਖ ਖਿਲਾਂ ਜਿਉਂ ਫੁੱਲ ਸਰੋਂ, ਵਿੱਚ ਨੱਚਦਾ ਏ ਵਿੱਚ ਕਣਕਾਂ ਵੇ
ਤੇਰੇ ਪਿਆਰ ਲਈ, ਬਣ ਝਾਂਜਰ ਪੈਰੀਂ ਛਣਕਾਂ ਵੇ ਤੇਰੇ ਪਿਆਰ ਲਈ

ਤੂੰ ਫੁੱਲ ਗੁਲਾਬੀ ਰੰਗ ਵਰਗਾ, ਮੇਰੀ ਵੀਹਣੀ ਪਾਈ ਵੰਗ ਵਰਗਾ
ਮੇਰੇ ਸਿਰ ਦੇ ਉੱਤੇ ਚੁੰਨੀ ਜਿਉਂ, ਕਦੀ ਲਗਦਾ ਏਂ ਮੇਰੀ ਸੰਗ ਵਰਗਾ
ਤੇਰੀ ਗਾਨੀ ਦਾ ਬਣਾ ਮਣਕਾ ਵੇ
ਤੇਰੇ ਪਿਆਰ ਲਈ, ਬਣ ਝਾਂਜਰ ਪੈਰੀਂ ਛਣਕਾਂ ਵੇ ਤੇਰੇ ਪਿਆਰ ਲਈ

ਆਪਾ ਤੈਨੂੰ ਗਈ ਹਾਰ ਚੰਨਾਂ, ਵਿੱਚ ਨੱਚਾਂ ਤੇਰੇ ਪਿਆਰ ਚੰਨਾਂ
ਜਿਉਂ ਪਿਆਸੇ ਨੂੰ ਪਾਣੀ ਮਿਲਜੇ, ਇੰਝ ਲਗਦਾ ਏ ਦੀਦਾਰ ਚੰਨਾਂ
ਤੇਰੇ ਵਿੱਚ ਪਰਛਾਵੇਂ ਝਲਕਾਂ ਵੇ
ਤੇਰੇ ਪਿਆਰ ਲਈ, ਬਣ ਝਾਂਜਰ ਪੈਰੀਂ ਛਣਕਾਂ ਵੇ ਤੇਰੇ ਪਿਆਰ ਲਈ

ਬੜਾ ਮਿਲਣੇ ਨੂੰ ਦਿਲ ਕਰਦਾ ਏ, ਤੇਰੇ ਵਾਜੋਂ ਨਾ ਮੇਰਾ ਸਰਦਾ ਏ
"ਕੁਲਵਿੰਦਰਾ" ਤੱਕ ਕੇ ਜੱਗ ਸੜੇ, ਤਾਂ ਹੀ ਤਾਂ ਦਿਲ ਇਹ ਡਰਦਾ ਏ
ਤੈਨੂੰ ਬੰਦ ਕਰਲਾਂ ਵਿੱਚ ਪਲਕਾਂ ਵੇ
ਤੇਰੇ ਪਿਆਰ ਲਈ, ਬਣ ਝਾਂਜਰ ਪੈਰੀਂ ਛਣਕਾਂ ਵੇ ਤੇਰੇ ਪਿਆਰ ਲਈ


Academy of the Punjab in North America - APNA: http://www.apnaorg.com

## ਝਾਂਜਰਾਂ

ਮੱਥੇ ਟਿੱਕਾ ਵੀਹਣੀ ਵੰਗਾਂ, ਰੱਖਾਂ ਮੁੱਖੜੇ ਤੇ ਸੰਗਾਂ
ਮੇਰੇ ਦਿਲ 'ਚ ਉਮੰਗਾਂ, ਤੇਰੇ ਰੰਗ 'ਚ ਮੈਂ ਰੰਗਾਂ
ਗੇੜਾ ਦੇਵਾਂ ਮੈਂ ਗਿੱਧੇ 'ਚ ਬਾਂਹ ਨੂੰ ਫੜ ਕੇ, ਫੜ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ, ਕਰ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ....

ਪਹਿਲੀ ਹੋਵੇ ਮੁਲਾਕਾਤ, ਉੱਤੋਂ ਹੋਵੇ ਲੰਮੀ ਰਾਤ
ਪਾਈਏ ਇਸ਼ਕੇ ਦੀ ਬਾਤ, ਵੇ ਨਾ ਹੋਵੇ ਪਰਭਾਤ
ਦੋਵੇਂ ਮਿਲੀਏ ਚੁਬਾਰੇ ਅਸੀਂ ਚੜ੍ਹ ਕੇ, ਚੜ੍ਹ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ, ਕਰ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ....

ਐਨਾ ਕਰਾਂ ਤੈਨੂੰ ਪਿਆਰ, ਦੇਵਾਂ ਜਾਨ ਤੈਥੋਂ ਵਾਰ
ਬੈਠੀ ਖੁਦ ਨੂੰ ਹਾਂ ਹਾਰ, ਨਾ ਮਾਰੀਂ ਇਸ਼ਕੇ ਦੀ ਮਾਰ
ਪਤਾ ਲੱਗਜੂ ਗਾ ਸੱਚ ਨੈਣੋਂ ਪੜ੍ਹ ਕੇ, ਪੜ੍ਹ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ, ਕਰ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ....

"ਕੁਲਵਿੰਦਰਾ" ਕੀ ਦੱਸਾਂ, ਮੈਨੂੰ ਮਿਲਿਆ ਏਂ ਮਸਾਂ
ਤੇਰੇ ਦਿਲ 'ਚ ਮੈਂ ਵਸਾਂ, ਰਗ ਰਗ 'ਚ ਮੈਂ ਰਚਾਂ
ਤੇਰੇ ਰਾਹਾਂ 'ਚ ਉਡੀਕਾਂ ਤੈਨੂੰ ਖੜ੍ਹ ਕੇ, ਖੜ੍ਹ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ, ਕਰ ਕੇ
ਝਾਂਜਰਾਂ ਘੜਾਈਆਂ ਤੇਰੇ ਕਰ ਕੇ....


Academy of the Punjab in North America - APNA: http://www.apnaorg.com

# ਮੈਨੂੰ ਪਤਾ ਨਾ ਲੱਗਿਆ ਵੇ, ਬਣ ਗਿਐਂ ਕਦ ਮਾਲਕ ਰਗ ਰਗ ਦਾ

ਮੈਂ ਜਦ ਤੇਰੇ ਵੱਲ ਤੱਕਦੀ ਹਾਂ, ਅੱਖਾਂ ਨਾਲ ਗੱਲਾਂ ਦੱਸਦੀ ਹਾਂ
ਤੇਰੇ ਲਈ ਸਜਾਏ ਖੁਆਬਾਂ ਨੂੰ, ਮੈਂ ਦਿਲ 'ਚ ਲਕੋ ਕੇ ਰੱਖਦੀ ਹਾਂ
ਜਿਸ ਰਾਤ ਨੂੰ ਆ ਜੇਂ ਵਿੱਚ ਸੁਪਨੇ, ਦੂਜੇ ਦਿਨ ਜੀਅ ਨੀ ਲੱਗਦਾ
ਮੈਨੂੰ ਪਤਾ ਨਾ ਲੱਗਿਆ ਵੇ, ਬਣ ਗਿਐਂ ਕਦ ਮਾਲਕ ਰਗ ਰਗ ਦਾ

ਅੱਖਾਂ ਭਰਲਾਂ ਜਦ ਤੂੰ ਆਖੇਂ, ਦੂਰ ਮੈਂ ਤੈਥੋਂ ਜਾਣਾ
ਹਾੜੇ ਨਾ ਜਾ ਪਰਦੇਸੀਂ, ਨਾ ਮੰਨ ਸਕਦੀ ਇਹ ਭਾਣਾ
ਤੇਰੇ ਵੱਖ ਹੋਣ ਦੀ ਗੱਲ ਸੋਚ ਕੇ, ਨੈਣੋਂ ਪਾਣੀ ਵਗਦਾ
ਮੈਨੂੰ ਪਤਾ ਨਾ ਲੱਗਿਆ ਵੇ, ਬਣ ਗਿਐਂ ਕਦ ਮਾਲਕ ਰਗ ਰਗ ਦਾ

ਮੈਨੂੰ ਬਦਲ ਕੇ ਰੱਖਤਾ ਅੜ੍ਹਿਆ ਤੂੰ, ਕੀ ਸੁੱਤਾ ਇਸ਼ਕ ਜਗਾਤਾ
ਤੱਕ ਲਿਆ ਕੀ ਤੈਨੂੰ ਦਿਲ ਮੈਂ, ਓਸੇ ਸਮੇਂ ਗੁਆਤਾ
ਤੱਕਣੇ ਦਾ ਤੇਰਾ ਢੰਗ ਹੀ ਸੱਜਣਾ, ਰੂਹ ਮੇਰੀ ਨੂੰ ਠੱਗਦਾ
ਮੈਨੂੰ ਪਤਾ ਨਾ ਲੱਗਿਆ ਵੇ, ਬਣ ਗਿਐਂ ਕਦ ਮਾਲਕ ਰਗ ਰਗ ਦਾ

ਬੀਤੀਆਂ ਗੱਲਾਂ ਯਾਦ ਮੈਂ ਕਰਕੇ, ਕਿੰਝ ਏ ਵਖ਼ਤ ਲੰਘਾਉਣਾ
ਸੌਂਹ ਮੇਰੀ ਖਾ ਦੱਸ "ਕੁਲਵਿੰਦਰਾ", ਕਦ ਏ ਮੁੜ ਕੇ ਆਉਣਾ
ਉਡੀਕੂੰ ਪਲ ਪਲ ਯਾਦ ਤੇਰੀ ਦਾ, ਰੱਖੂੰ ਦੀਵਾ ਜਗਦਾ
ਮੈਨੂੰ ਪਤਾ ਨਾ ਲੱਗਿਆ ਵੇ, ਬਣ ਗਿਐਂ ਕਦ ਮਾਲਕ ਰਗ ਰਗ ਦਾ


Academy of the Punjab in North America - APNA: http://www.apnaorg.com

## ਨਹੀਂਓ ਜੀਣ ਦਾ ਨਜ਼ਾਰਾ, ਸੋਹਣੇ ਯਾਰ ਤੋਂ ਬਿਨਾ

ਓਹੀ ਸੋਚਾਂ ਵਿੱਚ ਰਹਿੰਦਾ, ਘੁੰਮੇ ਖੁਆਬਾਂ 'ਚ ਚੁਫੇਰੇ
ਤੱਕ ਚੰਨ ਜਿਹਾ ਮੁੱਖ, ਦੂਰ ਹੋ ਜਾਂਦੇ ਨੇ ਹਨੇਰੇ
ਸਰੇ ਪਲ ਵੀ ਨਾ ਓਸ ਦੇ ਦੀਦਾਰ ਤੋਂ ਬਿਨਾ
ਨਹੀਂਓ ਜੀਣ ਦਾ ਨਜ਼ਾਰਾ, ਸੋਹਣੇ ਯਾਰ ਤੋਂ ਬਿਨਾ

ਉਂਝ ਪੁੱਛਦੇ ਨੇ ਭਾਂਵੇ, ਮੇਰਾ ਹਾਲ ਤਾਂ ਬਥੇਰੇ
ਕਿੰਝ ਦੱਸਾਂ ਕੀ ਏ ਗੁਜ਼ਰੇ ਜੋ, ਨਿੱਤ ਉੱਤੇ ਮੇਰੇ
ਲੱਗੇ ਕਿਸੇ ਨਾ ਬੁਲਾਇਆ, ਓਹਦੀ ਸਾਰ ਤੋਂ ਬਿਨਾ
ਨਹੀਂਓ ਜੀਣ ਦਾ ਨਜ਼ਾਰਾ, ਸੋਹਣੇ ਯਾਰ ਤੋਂ ਬਿਨਾ

ਖੁਆਬਾਂ ਵਿੱਚ ਯਾਦਾਂ ਵਿੱਚ, ਰਹੇ ਫਰਿਆਦਾਂ ਵਿੱਚ
ਮਿਲਣਾ ਨੀ ਚੈਨ ਜਿੰਨਾ ਚਿਰ ਨਹੀਂ ਓਹ ਭਾਗਾਂ ਵਿੱਚ
ਗਮ ਮੁੱਕਣੇ ਨਾ ਮੇਰੇ, ਗਮ-ਖਾਰ ਤੋਂ ਬਿਨਾ
ਨਹੀਂਓ ਜੀਣ ਦਾ ਨਜ਼ਾਰਾ, ਸੋਹਣੇ ਯਾਰ ਤੋਂ ਬਿਨਾ

ਜਿਵੇਂ ਪਾਣੀ ਬਿਨਾਂ ਮੱਛੀ, ਬਿਨਾਂ ਚੰਨ ਦੇ ਚਕੋਰ
ਤੜਫ ਇਹ ਮੇਰੀ ਕਿੰਝ, ਜਾਣ ਲਉ ਕੋਈ ਹੋਰ
"ਕੁਲਵਿੰਦਰਾ" ਮੈਂ ਮੋਈ ਤੇਰੇ ਪਿਆਰ ਤੋਂ ਬਿਨਾ
ਨਹੀਂਓ ਜੀਣ ਦਾ ਨਜ਼ਾਰਾ, ਸੋਹਣੇ ਯਾਰ ਤੋਂ ਬਿਨਾ


Academy of the Punjab in North America - APNA: http://www.apnaorg.com

# ਕੱਲੀ ਛੱਡ ਜਾਂਦੇ ਸੱਜਣਾ ਨੂੰ,
# ਮੈਥੋਂ ਹੱਥ ਹਿਲਾਇਆ ਨਹੀਂ ਜਾਂਦਾ

ਮੇਰੇ ਮਨ ਵਿੱਚ ਪੈ ਗਿਆ ਸੋਗ, ਇਹ ਕੈਸਾ ਰੋਗ ਅਵੱਲਾ ਏ
ਐਨਾ ਬੇਦਰਦੀ ਮਾਹੀ ਐ, ਜਾਂਦਾ ਰੋਂਦੀ ਛੱਡ ਕੇ ਕੱਲਾ ਏ
ਦਿਲ ਕਰੇ ਖੜੀ ਤੱਕਦੀ ਰਹਾਂ, ਮੈਥੋਂ ਮੁੱਖ ਘੁੰਮਾਇਆ ਨਹੀਂ ਜਾਂਦਾ
ਕੱਲੀ ਛੱਡ ਜਾਂਦੇ ਸੱਜਣਾ ਨੂੰ, ਮੈਥੋਂ ਹੱਥ ਹਿਲਾਇਆ ਨਹੀਂ ਜਾਂਦਾ

ਬੁੱਲ੍ਹ ਵੀ ਕੰਬਦੇ ਬੋਲਣ ਨਾ, ਚਾਹੁੰਦੇ ਹੋਏ ਵੀ ਨਾ ਕੁਝ ਬੋਲ ਸਕਾਂ
ਕੀ ਦਰਦ ਵਿਛੋੜੇ ਦਾ ਹੁੰਦਾ, ਨਾ ਦੁੱਖੜਾ ਦਿਲ ਦਾ ਫੋਲ ਸਕਾਂ
ਕਦ ਦੀ ਗਲ ਲਾਉਣਾ ਚਾਹੁੰਦੀ ਹਾਂ, ਬਾਹਾਂ ਨੂੰ ਉਠਾਇਆ ਨਹੀਂ ਜਾਂਦਾ
ਕੱਲੀ ਛੱਡ ਜਾਂਦੇ ਸੱਜਣਾ ਨੂੰ, ਮੈਥੋਂ ਹੱਥ ਹਿਲਾਇਆ ਨਹੀਂ ਜਾਂਦਾ

ਮੈਂ ਵਿੱਚ ਭੁਲੇਖੇ ਜਿਉਂਦੀ ਰਹੀ, ਜਨਮਾਂ ਲਈ ਏ ਸਾਥ ਓਹਦਾ
ਕੁਝ ਕੁ ਮਹੀਨਿਆਂ ਦੀ ਗੱਲ ਐ, ਸੀ ਕਹਿਣਾ ਕਰ ਗਿਆ ਰਾਖ ਓਹਦਾ
ਜੋ ਨਾਲ ਓਹਨਾਂ ਦੇ ਬੀਤ ਗਿਆ ਓਹ ਟਾਈਮ ਭੁਲਾਇਆ ਨਹੀਂ ਜਾਂਦਾ
ਕੱਲੀ ਛੱਡ ਜਾਂਦੇ ਸੱਜਣਾ ਨੂੰ, ਮੈਥੋਂ ਹੱਥ ਹਿਲਾਇਆ ਨਹੀਂ ਜਾਂਦਾ

ਹੁਣ ਆਸਾਂ ਅਤੇ ਦਿਲਾਸਿਆਂ ਦੇ ਨਾਲ, ਕੱਟਣੀ ਏ ਜਿੰਦ ਰੋ ਰੋ ਕੇ
ਸਭ ਹਾਰ ਸਿੰਗਾਰ ਵੀ ਲੱਥ ਜਾਣੇ, ਮੁੱਖ ਹੰਝੂਆਂ ਦੇ ਨਾਲ ਧੋ ਧੋ ਕੇ
ਮਰ ਜਾਉਂ ਬਿਨ 'ਕੁਲਵਿੰਦਰ' ਦੇ, ਮੈਥੋਂ ਸੱਚ ਸੁਣਾਇਆ ਨਹੀਂ ਜਾਂਦਾ
ਕੱਲੀ ਛੱਡ ਜਾਂਦੇ ਸੱਜਣਾ ਨੂੰ, ਮੈਥੋਂ ਹੱਥ ਹਿਲਾਇਆ ਨਹੀਂ ਜਾਂਦਾ


Academy of the Punjab in North America - APNA: http://www.apnaorg.com

# ਪਾਉਣਾ ਸੀ ਮੈਂ ਤੈਨੂੰ, ਮੈਨੂੰ ਮਿਲ ਗਿਐਂ ਤੂੰ, ਹੋਰ ਲੈਣਾ ਕੀ ਮੈਂ ਰੱਬ ਕੋਲੋਂ ਮੰਗ ਕੇ

ਬਣਾ ਲਿਆ ਜਮਾਨੇ ਨੂੰ ਮੈਂ ਵੈਰੀ ਤੇਰੇ ਪਿੱਛੇ, ਮੈਨੂੰ ਇੰਨਾ ਸੀ ਤੂੰ ਲੱਗ ਗਿਆ ਪਿਆਰਾ
ਤੇਰੇ ਲਈ ਘਰ ਦੇ ਭੁਲਾ ਤੇ ਨੇ ਮੈਂ ਸਾਰੇ, ਤੂੰ ਨਾ ਭੁੱਲ ਜਾਂਵੀ ਮੈਨੂੰ ਦਿਲਦਾਰਾ
ਆਕੜ ਗੁਆਤੀ ਵੇ ਤੂੰ ਵਿੱਚੋਂ ਮੇਰੇ ਸਾਰੀ, ਐਸੇ ਪਿਆਰ ਦਿਆਂ ਰੰਗਾਂ ਵਿੱਚ ਰੰਗ ਕੇ
ਪਾਉਣਾ ਸੀ ਮੈਂ ਤੈਨੂੰ, ਮੈਨੂੰ ਮਿਲ ਗਿਐਂ ਤੂੰ, ਹੋਰ ਲੈਣਾ ਕੀ ਮੈਂ ਰੱਬ ਕੋਲੋਂ ਮੰਗ ਕੇ

ਖਾਣਾ ਪੀਣਾ ਅਤੇ ਸੌਂਣਾ ਭੁੱਲੀ ਸਾਂ ਮੈਂ ਤੱਕ ਤੈਨੂੰ, ਤੇਰੇ ਨਾਲ ਜੁੜ ਕੇ ਸਹੇਲੀਆਂ ਬੁਲਾਉਣਾ ਭੁੱਲੀ
ਹੋ ਗਿਆ ਕੀ ਯਾਦ ਏ ਮੋਬਾਇਲ ਦਾ ਨੰਬਰ ਤੇਰਾ, ਬਾਕੀ ਸਾਰੇ ਨੰਬਰ ਹਾਂ ਓਦੋਂ ਦੇ ਮਿਲਾਉਣਾ ਭੁੱਲੀ
ਕਹਿਣ ਲਈ ਮੈਂ ਸੋਚਾਂ ਤੈਨੂੰ ਬੜਾ ਕੁਝ ਯਾਰਾ, ਆਂਵੇ ਸਾਹਮਣੇ ਤਾਂ ਚੁੱਪ ਹੋਜਾਂ ਸੰਗ ਕੇ
ਪਾਉਣਾ ਸੀ ਮੈਂ ਤੈਨੂੰ, ਮੈਨੂੰ ਮਿਲ ਗਿਐਂ ਤੂੰ, ਹੋਰ ਲੈਣਾ ਕੀ ਮੈਂ ਰੱਬ ਕੋਲੋਂ ਮੰਗ ਕੇ

ਸੋਚਦੀ ਰਹਾਂ ਮੈਂ ਤੈਨੂੰ ਹੋਊ ਕੀ ਪਸੰਦ, ਆਵਾਂ ਸਾਹਮਣੇ ਓਦਾਂ ਦੀ ਤੇਰੇ ਬਣਕੇ
ਝੁੰਮਕੇ ਕੰਨਾਂ 'ਚ ਪਾਈਆਂ ਝਾਂਜਰਾਂ ਪੈਰਾਂ 'ਚ, ਰਹਾਂ ਛੇੜਦੀ ਮੈਂ ਗਾਨੀ ਵਾਲੇ ਮਣਕੇ
ਧਕੜੇ ਵੇ ਦਿਲ ਬੜੀ ਤੇਜੀ ਨਾਲ ਮੇਰਾ, ਜਦੋਂ ਜਾਨਾਂ ਏਂ ਦਰਾਂ ਦੇ ਮੂਹਰੋਂ ਲੰਘ ਕੇ
ਪਾਉਣਾ ਸੀ ਮੈਂ ਤੈਨੂੰ, ਮੈਨੂੰ ਮਿਲ ਗਿਐਂ ਤੂੰ, ਹੋਰ ਲੈਣਾ ਕੀ ਮੈਂ ਰੱਬ ਕੋਲੋਂ ਮੰਗ ਕੇ

ਮਿਲਿਆ ਸਕੂਨ ਜਿਹੜਾ ਆਪਣਾ ਬਣਾ ਕੇ ਤੈਨੂੰ, ਲੱਗੇ ਨਾ ਵੇ ਸੁੱਖ ਓਹ ਸਵਰਗਾਂ ਦੇ ਵਿੱਚ ਮਿਲੂ
ਤੱਕ "ਕੁਲਵਿੰਦਰ" ਨੂੰ ਖਿਲ ਜਾਂਦਾ ਦਿਲ ਜਿੱਦਾਂ, ਸਕਦਾ ਨੀ ਹੋ ਕਿਤੇ ਹੋਰ ਜਾ ਕੇ ਇੰਝ ਖਿਲੂ
ਨਸ਼ੇ ਵਾਂਗੂ ਰਹਿੰਦਾ ਮੈਨੂੰ ਚੜ੍ਹਿਆ ਸਰੂਰ, ਗਿਆ ਇਸ਼ਕੇ ਦਾ ਨਾਗ਼ ਜਦੋਂ ਡੰਗ ਕੇ
ਪਾਉਣਾ ਸੀ ਮੈਂ ਤੈਨੂੰ, ਮੈਨੂੰ ਮਿਲ ਗਿਐਂ ਤੂੰ, ਹੋਰ ਲੈਣਾ ਕੀ ਮੈਂ ਰੱਬ ਕੋਲੋਂ ਮੰਗ ਕੇ



Academy of the Punjab in North America - APNA: http://www.apnaorg.com

## ਤੇਰੀਆਂ ਹੀ ਯਾਦਾਂ ਵਿੱਚ ਸੋਹਣਿਆਂ,
## ਅਸੀਂ ਕੱਲੇ ਕੱਲੇ ਪਲ ਵਿੱਚ ਖੋਏ ਹਾਂ

ਸਾਡਾ ਛੱਡਿਆ ਤੂੰ ਦੇਸ, ਚੰਗਾ ਲੱਗੇ ਪਰਦੇਸ
ਕਦੀ ਲਾਉਂਦੇ ਨਾ ਵੇ ਯਾਰੀ, ਤੇਰਾ ਜਾਣਦੇ ਜੇ ਭੇਸ
ਉੱਡ ਗਿਆ ਚੈਨ ਦਿਨ ਰਾਤ ਦਾ, ਨਾ ਹੀ ਜਾਗੇ ਅਸੀਂ ਨਾ ਹੀ ਕਦੀ ਸੋਏ ਹਾਂ
ਤੇਰੀਆਂ ਹੀ ਯਾਦਾਂ ਵਿੱਚ ਸੋਹਣਿਆਂ, ਅਸੀਂ ਕੱਲੇ ਕੱਲੇ ਪਲ ਵਿੱਚ ਖੋਏ ਹਾਂ

ਵਿਛੋੜਿਆਂ ਦਾ ਸਮਾਂ ਹੁੰਦਾ, ਔਖਾ ਬੜਾ ਲੰਘਦਾ
ਜੋ ਨੀ ਹੁੰਦਾ ਕੋਲ ਦਿਲ, ਓਸੇ ਨੂੰ ਏ ਮੰਗਦਾ
ਕਿੰਨੀ ਵਾਰੀ ਹੱਸੇ ਚੇਤੇ ਕਰਕੇ, ਦੱਸੀਏ ਕਿ ਕਿੰਨੀ ਵਾਰੀ ਰੋਏ ਹਾਂ
ਤੇਰੀਆਂ ਹੀ ਯਾਦਾਂ ਵਿੱਚ ਸੋਹਣਿਆਂ, ਅਸੀਂ ਕੱਲੇ ਕੱਲੇ ਪਲ ਵਿੱਚ ਖੋਏ ਹਾਂ

ਆਉਣਾ ਜੇ ਤੂੰ ਹੈਨੀ ਫਿਰ, ਯਾਦ ਕਾਹਨੂੰ ਆਉਨਾ ਏਂ
ਦੋਸ ਕੀ ਐ ਸਾਡਾ ਸਾਨੂੰ, ਇੰਨਾ ਕਿਉਂ ਸਤਾਉਨਾ ਏਂ
ਰਾਹਾਂ 'ਚ ਵਿਛਾਈਆਂ ਅਸੀਂ ਅੱਖੀਆਂ, ਆਵੇਂਗਾ ਤੂੰ ਬੂਹੇ ਕਦੀ ਢੋਏ ਨਾ
ਤੇਰੀਆਂ ਹੀ ਯਾਦਾਂ ਵਿੱਚ ਸੋਹਣਿਆਂ, ਅਸੀਂ ਕੱਲੇ ਕੱਲੇ ਪਲ ਵਿੱਚ ਖੋਏ ਹਾਂ

ਸੁਪਨੇ 'ਚ ਮਿਲਾਂ ਇਹ ਤਾਂ, ਮੇਰੇ ਚੰਗੇ ਭਾਗ ਵੇ
ਕੋਲ ਤੇਰੇ ਲੈ ਜੇ ਮੈਨੂੰ, ਚੰਨਾ ਤੇਰੀ ਯਾਦ ਵੇ
ਭੁੱਲੀਂ ਨਾ ਤੂੰ ਮੈਨੂੰ "ਕੁਲਵਿੰਦਰਾ", ਤੂੰ ਕੀ ਜਾਣੇ ਅਸੀਂ ਤੇਰੇ ਉੱਤੇ ਮੋਏ ਹਾਂ
ਤੇਰੀਆਂ ਹੀ ਯਾਦਾਂ ਵਿੱਚ ਸੋਹਣਿਆਂ, ਅਸੀਂ ਕੱਲੇ ਕੱਲੇ ਪਲ ਵਿੱਚ ਖੋਏ ਹਾਂ


Academy of the Punjab in North America - APNA: http://www.apnaorg.com

# ਬੇਵਫ਼ਾਈਆਂ ਨਾ ਕਰੀਂ...... ਹੱਥ ਜੋੜ ਕੇ ਕਹਿੰਨੇ ਆਂ

ਰੋਗ ਇਸ਼ਕੇ ਵਾਲਾ ਲਾਇਆ, ਵੇ ਮੈਂ ਸਭ ਨੂੰ ਏ ਭੁਲਾਇਆ
ਤੇਰੇ ਉੱਤੇ ਰੱਬ ਤੋਂ ਵੱਧ ਕੇ, ਵਿਸ਼ਵਾਸ ਮੈਂ ਬਣਾਇਆ
ਪਰ ਡਰਦਾ ਮੇਰਾ ਦਿਲ, ਕੀ ਜਾਵੇਂਗਾ ਤੂੰ ਮਿਲ
ਇਹਨਾਂ..... ਸੋਚਾਂ ਵਿੱਚ ਰਹਿੰਨੇ ਆਂ
ਬੇਵਫ਼ਾਈਆਂ ਨਾ ਕਰੀਂ...... ਹੱਥ ਜੋੜ ਕੇ ਕਹਿੰਨੇ ਆਂ

ਅੱਜ ਕੱਲ ਦੇ ਪਿਆਰ ਚੰਨਾਂ, ਬਸ ਬਣ ਗਏ ਨੇ ਮਜ਼ਾਕ
ਦਿਲ ਟੁੱਟਦੇ ਨੇ ਹਜ਼ਾਰਾਂ, ਚਾਅ ਬਣਦੇ ਲੱਖਾਂ ਰਾਖ
ਕਦੀ ਹੱਥ ਨਾ ਛੁਡਾਵੀਂ, ਲੱਗੀ ਨੂੰ ਤੂੰ ਨਿਭਾਂਵੀ
ਤੇਰੇ.......... ਪੈਰਾਂ ਵਿੱਚ ਪੈਨੇਂ ਆਂ
ਬੇਵਫ਼ਾਈਆਂ ਨਾ ਕਰੀਂ...... ਹੱਥ ਜੋੜ ਕੇ ਕਹਿੰਨੇ ਆਂ

ਤੈਨੂੰ ਕਹਿਣਾ ਏ ਜਰੂਰੀ, ਕਦੀ ਪਾਵੀਂ ਨਾ ਤੂੰ ਦੂਰੀ
"ਕੁਲਵਿੰਦਰ" ਤੈਨੂੰ ਪਾਉਣਾ, ਰੀਝ ਰਹਿ ਨਾ ਜਾਏ ਅਧੂਰੀ
ਤੇਰੇ ਪਿਆਰ 'ਚ ਹਾਂ ਝੱਲੀ, ਜਿਉਂਦੀ ਰਹਾਂਗੀ ਨਾ ਕੱਲੀ
ਬਾਕੀ........... ਹਰ ਦੁੱਖ ਸਹਿੰਨੇ ਆਂ
ਬੇਵਫ਼ਾਈਆਂ ਨਾ ਕਰੀਂ...... ਹੱਥ ਜੋੜ ਕੇ ਕਹਿੰਨੇ ਆਂ


Academy of the Punjab in North America - APNA: http://www.apnaorg.com

## ਤੇਰੇ ਹੱਦ ਤੋਂ ਵੀ ਜਿਆਦਾ ਕੀਤੇ ਪਿਆਰ ਨੇ,
## ਮੈਨੂੰ ਦਿੱਤਾ ਏ ਵਿਗਾੜ ਮੇਰੇ ਸੋਹਣਿਆਂ

ਨੀਂਦ ਆਉਂਦੀ ਨਹੀਂਓਂ ਮੈਨੂੰ, ਦਿਲ ਆਖਦਾ ਏ ਮੇਰਾ
ਜੀਹਨੂੰ ਤੱਕਦੀ ਸੀ ਕੋਠੇ, ਚੰਨ ਗਿਆ ਕਿੱਥੇ ਤੇਰਾ
ਪਿਆਰ ਦੇ ਬਾਗਾਂ ਦੀ ਗੁਲਜ਼ਾਰ ਨੇ, ਮੈਨੂੰ ਕੀਤਾ ਸੀ ਤਿਆਰ ਮੇਰੇ ਸੋਹਣਿਆਂ
ਤੇਰੇ ਹੱਦ ਤੋਂ ਵੀ ਜਿਆਦਾ ਕੀਤੇ ਪਿਆਰ ਨੇ,
ਮੈਨੂੰ ਦਿੱਤਾ ਏ ਵਿਗਾੜ ਮੇਰੇ ਸੋਹਣਿਆਂ

ਆਖੇ ਲੱਗਦਾ ਨੀ ਮਨ, ਹੋਇਆ ਜਿੱਦੀ ਤੇ ਕਠੋਰ
ਪਹਿਲਾਂ ਜਿੱਦਾਂ ਸੀ ਮੈਂ ਚਾਹੁੰਦੀ, ਓਵੇਂ ਖਾ ਲੈਦਾਂ ਸੀ ਮੋੜ
ਮੇਰੇ ਸੀਨੇ ਵਿੱਚ ਵੱਜਦੀ ਹੋਈ ਤਾਰ ਨੇ, ਮੇਰਾ ਖੋਹ ਲਿਆ ਕਰਾਰ ਮੇਰੇ ਸੋਹਣਿਆਂ
ਤੇਰੇ ਹੱਦ ਤੋਂ ਵੀ ਜਿਆਦਾ ਕੀਤੇ ਪਿਆਰ ਨੇ,
ਮੈਨੂੰ ਦਿੱਤਾ ਏ ਵਿਗਾੜ ਮੇਰੇ ਸੋਹਣਿਆਂ

ਹੁਣ ਭਾਉਂਦਾ ਬਸ ਮੈਨੂੰ, ਸੁੰਨਾਪਣ ਤੇ ਹਨੇਰਾ
ਖੌਰੇ ਮੁੜ ਕਦੋਂ ਆਉਂਣਾ, ਵਿੱਚ ਜਿੰਦ ਦੇ ਸਵੇਰਾ
ਜਿੰਦਗੀ 'ਚ ਖਾਧੀ ਏਸ ਹਾਰ ਨੇ, ਮੈਨੂੰ ਦਿੱਤਾ ਵਿੱਚੋਂ ਮਾਰ ਮੇਰੇ ਸੋਹਣਿਆਂ
ਤੇਰੇ ਹੱਦ ਤੋਂ ਵੀ ਜਿਆਦਾ ਕੀਤੇ ਪਿਆਰ ਨੇ,
ਮੈਨੂੰ ਦਿੱਤਾ ਏ ਵਿਗਾੜ ਮੇਰੇ ਸੋਹਣਿਆਂ

ਮੈਨੂੰ ਦੱਸ "ਕੁਲਵਿੰਦਰਾ" ਤੂੰ ਲਾਉਂਣੀ ਕਿੰਨੀ ਦੇਰ
ਇੱਕ ਵਾਰ ਜੇ ਤੂੰ ਆਜੇਂ, ਜਾਣ ਦੇਵਾਂ ਨਾ ਮੈਂ ਫੇਰ
ਅੱਖੀਆਂ 'ਚ ਵਸੇ ਇੰਤਜ਼ਾਰ ਨੇ, ਪਾਣੀ ਦਿੱਤਾ ਏ ਉਤਾਰ ਮੇਰੇ ਸੋਹਣਿਆਂ
ਤੇਰੇ ਹੱਦ ਤੋਂ ਵੀ ਜਿਆਦਾ ਕੀਤੇ ਪਿਆਰ ਨੇ,
ਮੈਨੂੰ ਦਿੱਤਾ ਏ ਵਿਗਾੜ ਮੇਰੇ ਸੋਹਣਿਆਂ


Academy of the Punjab in North America - APNA: http://www.apnaorg.com

# ਦਿਲ ਵਿੱਚ ਓਹ ਵਸਦੈ, ਭਾਂਵੇ ਅੱਖੀਆਂ ਤੋਂ ਵਸਦਾ ਏ ਦੂਰ

ਜੋ ਨੇ ਸਾਡੇ ਲਈ ਜਿਉਂਦੇ, ਅਸੀਂ ਓਹਨਾਂ ਲਈ ਜਿਉਂਨੇ ਆਂ
ਸੁਪਨੇ 'ਚ ਜਾ ਕੇ ਰਾਤੀਂ ਰੋਜ ਮਿਲ ਆਉਂਨੇ ਆਂ
ਸਾਰਾ ਦਿਨ ਰਹਿੰਦਾ ਸਾਨੂੰ ਏ ਸਰੂਰ
ਦਿਲ ਵਿੱਚ ਓਹ ਵਸਦੈ, ਭਾਂਵੇ ਅੱਖੀਆਂ ਤੋਂ ਵਸਦਾ ਏ ਦੂਰ

ਦੂਰੀ ਬਸ ਜਿਸਮਾਂ ਦੀ, ਰੂਹਾਂ ਹੋਈਆਂ ਇੱਕ ਨੇ
ਅੱਖਾਂ ਬੰਦ ਕਰੀਏ ਤਾਂ, ਜਾਂਦੇ ਸਾਨੂੰ ਦਿਖ ਨੇ
ਮਾਣ ਮੱਤੀ ਬਣੀ ਬਣ ਓਹਦੀ ਹੂਰ
ਦਿਲ ਵਿੱਚ ਓਹ ਵਸਦੈ, ਭਾਂਵੇ ਅੱਖੀਆਂ ਤੋਂ ਵਸਦਾ ਏ ਦੂਰ

ਫੋਟੋਆਂ ਤੇ ਚਿੱਠੀਆਂ ਦੀ, ਮਹਿਕ ਤੋਂ ਪਛਾਣੀਏਂ
ਸੀਨੇ ਨਾਲ ਲਾ ਕੇ ਓਹਦੀ, ਦੂਰੀ ਵੀ ਨਾ ਜਾਣੀਏ
ਯਾਦਾਂ ਵਾਲੀ ਪਵੇ ਮਿੱਠੀ ਮਿੱਠੀ ਭੂਰ
ਦਿਲ ਵਿੱਚ ਓਹ ਵਸਦੈ, ਭਾਂਵੇ ਅੱਖੀਆਂ ਤੋਂ ਵਸਦਾ ਏ ਦੂਰ

ਭੁੱਲਣੀ ਨਾ ਗੱਲ ਸਾਡੀ, ਰੁੱਸਣ ਮਨਾਉਣ ਦੀ
ਕਰਾਂ ਮੈਂ ਉਡੀਕ "ਕੁਲਵਿੰਦਰ" ਦੇ ਆਉਣ ਦੀ
ਜਾਨੋਂ ਪਿਆਰਾ ਲੱਗੇ ਭਾਂਵੇ ਲੈਂਦਾ ਘੂਰ
ਦਿਲ ਵਿੱਚ ਓਹ ਵਸਦੈ, ਭਾਂਵੇ ਅੱਖੀਆਂ ਤੋਂ ਵਸਦਾ ਏ ਦੂਰ


Academy of the Punjab in North America - APNA: http://www.apnaorg.com

# ਮੈਂ ਗਲ ਨਾਲ ਚਿੱਠੀਆਂ ਲਾ ਲਾਂ

ਦੂਰ ਰਹਿੰਦੀ ਹਾਂ ਤੈਥੋਂ ਪਰ ਰੂਹ ਵਸਦੀ ਏ ਵਿੱਚ ਤੇਰੇ
ਦਰਸ਼ਨ ਤੇਰੇ ਕਰਲਾਂ ਬੰਦ ਜਦ, ਨੈਣ ਹੋ ਜਾਵਣ ਮੇਰੇ

ਪੜ੍ਹਦੀ ਰਹਾਂ ਪੁਰਾਣੇ ਖਤ, ਲੱਗੇਂ ਜਿਉਂ ਗੱਲਾਂ ਕਰਦੈਂ
ਦਿਲ ਦਾ ਹਾਲ ਸੁਣਾਵਾਂ ਵੇ ਮੈਂ, ਤੇ ਤੂੰ ਹਾਂਮੀ ਭਰਦੈਂ
ਮੈਂ ਤੇਰੇ ਦਿਲ ਵਿੱਚ ਵਸਦੀ, ਤੂੰ ਮੇਰੇ ਵਿੱਚ ਰਹਿਨਾ ਏਂ
ਮੈਂ ਗਲ ਨਾਲ ਚਿੱਠੀਆਂ ਲਾ ਲਾਂ, ਜਦ ਵਿੱਚੋਂ ਦਿਸ ਪੈਨਾਂ ਏਂ

ਬੰਨ੍ਹ ਸਬਰ ਦਾ ਟੁੱਟ ਜਾਵੇ, ਨਾ ਹੋਵੇ ਫੇਰ ਗੁਜ਼ਾਰਾ
ਸੁਪਨੇ ਵਿੱਚ ਜਦ ਤੱਕਲਾਂ ਮੁੱਖੜਾ, ਤੇਰਾ ਸੋਹਣਿਆਂ ਯਾਰਾ
ਸੁੱਤੀ ਪਈ ਜਵਾਬ ਦੇਵਾਂ, ਤੂੰ ਲਵ ਯੂ ਕਹਿੰਨੈਂ ਏਂ
ਮੈਂ ਗਲ ਨਾਲ ਚਿੱਠੀਆਂ ਲਾ ਲਾਂ, ਜਦ ਵਿੱਚੋਂ ਦਿਸ ਪੈਨਾਂ ਏਂ

ਤੇਰੇ ਸ਼ਬਦਾਂ ਤੋਂ ਇੰਝ ਲੱਗੇ, ਜਿੱਦਾਂ ਆਪ ਬੋਲਦੈਂ ਵੇ
ਜਲ ਚੁੱਕੀਆਂ ਰੀਝਾਂ ਦੀ ਸੱਜਣਾ, ਰਾਖ ਫੋਲਦੈਂ ਵੇ
ਦੁੱਖ ਕੱਟਾਂ "ਕੁਲਵਿੰਦਰਾ" ਤੂੰ ਵੀ ਦਰਦ ਹੀ ਸਹਿਨੈਂ ਏਂ
ਮੈਂ ਗਲ ਨਾਲ ਚਿੱਠੀਆਂ ਲਾ ਲਾਂ, ਜਦ ਵਿੱਚੋਂ ਦਿਸ ਪੈਨਾਂ ਏਂ



Academy of the Punjab in North America - APNA: http://www.apnaorg.com

# ਇੱਕ ਤੈਨੂੰ ਪਾਉਣ ਬਦਲੇ

ਤੇਰੀਆਂ ਹੀ ਯਾਦਾਂ ਅਤੇ ਖੁਆਬਾਂ ਵਿੱਚ ਘੁੰਮਾਂ
ਤੱਕਾਂ ਤੇਰੀ ਫੋਟੋ ਤੇ ਨਿਸ਼ਾਨੀਆਂ ਨੂੰ ਚੁੰਮਾਂ
ਅੱਖ ਮੇਰੀ ਜਾਵੇ ਇੱਕ ਥਾਂ ਤੇ ਠਹਿਰ, ਇੱਕ ਤੈਨੂੰ ਪਾਉਣ ਬਦਲੇ
ਸਾਰੇ ਜੱਗ ਨਾਲ ਲੈ ਲਿਆ ਏ ਵੈਰ, ਇੱਕ ਤੈਨੂੰ ਪਾਉਣ ਬਦਲੇ

ਸਮਝੇ ਨਾ ਦੁਨੀਆਂ ਇਹ, ਪਿਆਰ ਦੀ ਕਹਾਣੀ ਨੂੰ
ਤਰਸ ਨਾ ਕਰੇ ਤੱਕ, ਅੱਖੀਆਂ ਦੇ ਪਾਣੀ ਨੂੰ
ਬਣ ਜਿੰਦਗੀ 'ਚ ਘੁਲ ਜਾਂਦੀ ਜ਼ਹਿਰ, ਇੱਕ ਤੈਨੂੰ ਪਾਉਣ ਬਦਲੇ
ਸਾਰੇ ਜੱਗ ਨਾਲ ਲੈ ਲਿਆ ਏ ਵੈਰ, ਇੱਕ ਤੈਨੂੰ ਪਾਉਣ ਬਦਲੇ

ਟੁੱਟ ਨਾ ਇਹ ਸਕੂ ਸਾਡਾ, ਜਨਮਾਂ ਦਾ ਸਾਥ ਵੇ
ਤੇਰੀ ਨਾ ਜੇ ਹੋਈ ਚੰਨਾਂ, ਬਣ ਜਾਊਂ ਰਾਖ ਵੇ
ਪਰ ਪਿੱਛੇ ਨਾ ਹਟਾਵਾਂਗੀ ਮੈਂ ਪੈਰ, ਇੱਕ ਤੈਨੂੰ ਪਾਉਣ ਬਦਲੇ
ਸਾਰੇ ਜੱਗ ਨਾਲ ਲੈ ਲਿਆ ਏ ਵੈਰ, ਇੱਕ ਤੈਨੂੰ ਪਾਉਣ ਬਦਲੇ

ਭੁੱਲੀਂ ਨਾ ਤੂੰ ਭੁੱਲ ਜਾਊਂ, ਤੇਰੇ ਪਿੱਛੇ ਜੱਗ ਵੇ
ਨਾਮ ਤੇਰਾ ਜਪੇ ਮੇਰੀ, ਹਰ ਇੱਕ ਰਗ ਵੇ
"ਕੁਲਵਿੰਦਰਾ" ਮੈਂ ਮੰਗਾਂ ਤੇਰੀ ਖੈਰ, ਇੱਕ ਤੈਨੂੰ ਪਾਉਣ ਬਦਲੇ
ਸਾਰੇ ਜੱਗ ਨਾਲ ਲੈ ਲਿਆ ਏ ਵੈਰ, ਇੱਕ ਤੈਨੂੰ ਪਾਉਣ ਬਦਲੇ


Academy of the Punjab in North America - APNA: http://www.apnaorg.com

# ਇਹ ਸੱਚੀਂ ਮੌਤ ਤੋਂ ਬੁਰੀਆਂ ਹੋਣ ਜੁਦਾਈਆਂ ਵੇ ਸੱਜਣਾ

ਰੋਗ ਬਥੇਰੇ ਹੋਰ ਨਾ ਦੁੱਖ ਕੋਈ ਇਹਦੇ ਵਰਗਾ ਏ
ਨਾ ਹੀ ਜਿਓਂਦਿਆਂ ਵਿੱਚ ਛੱਡੇ, ਬੰਦਾ ਨਾ ਹੀ ਮਰਦਾ ਏ
ਪੈਂਦੀਆਂ ਭਾਰੂ ਦਿਲ ਤੇ ਅੱਖਾਂ ਦੀਆਂ ਲਾਈਆਂ ਵੇ ਸੱਜਣਾ
ਇਹ ਸੱਚੀਂ ਮੌਤ ਤੋਂ ਬੁਰੀਆਂ ਹੋਣ ਜੁਦਾਈਆਂ ਵੇ ਸੱਜਣਾ

ਇਹ ਸੱਚ ਵਿੱਚ ਸੀ ਮਜਬੂਰੀ ਜਾਂ ਫਿਰ ਖੇਡ ਸੀ ਕਰਮਾਂ ਦਾ
ਕਿੱਥੋਂ, ਲੱਭਾਂ ਦੱਸ ਜਵਾਬ ਮੈਂ ਮੇਰਿਆਂ ਭਰਮਾਂ ਦਾ
ਅਸੀਂ ਕਦੇ ਕਿਸੇ ਦੀਆਂ ਕੀਤੀਆਂ ਨਹੀਂ ਬੁਰਾਈਆਂ ਵੇ ਸੱਜਣਾ
ਇਹ ਸੱਚੀਂ ਮੌਤ ਤੋਂ ਬੁਰੀਆਂ ਹੋਣ ਜੁਦਾਈਆਂ ਵੇ ਸੱਜਣਾ

ਹੁਣ ਆਸ ਹੈ ਅਗਲੇ ਜਨਮ ਤੇ ਜੇ ਮਿਲ ਜਾਵੇਂਗਾ ਸਾਨੂੰ
ਉਮੀਦ ਹਾਂ ਕਰਦੇ ਇੱਦਾਂ ਨਹੀਂ ਤੜਫਾਂਵੇਗਾ ਸਾਨੂੰ
ਇਹੋ ੳਮੀਦਾਂ ਦਿਲ ਸਾਡੇ ਤੇ ਛਾਈਆਂ ਵੇ ਸੱਜਣਾ
ਇਹ ਸੱਚੀਂ ਮੌਤ ਤੋਂ ਬੁਰੀਆਂ ਹੋਣ ਜੁਦਾਈਆਂ ਵੇ ਸੱਜਣਾ

ਨਹੀਂ ਭੁੱਲ ਸਕਦੀ ਕਦੀ ਤੈਨੂੰ ਵੇ ਤੂੰ ਭਾਂਵੇ ਨਹੀਂ ਮਿਲਣਾ
ਬਿਨਾਂ ਦੇਖੇ ਤੇਰੀ ਫੋਟੋ ਮੁੱਖ ਇਹ ਮੇਰਾ ਨਹੀਂ ਖਿਲਣਾ
ਆਮ ਕੋਈ ਨਾ ਸਮਝੇ ਇਹ ਗਹਿਰਾਈਆਂ ਵੇ ਸੱਜਣਾ
ਇਹ ਸੱਚੀਂ ਮੌਤ ਤੋਂ ਬੁਰੀਆਂ ਹੋਣ ਜੁਦਾਈਆਂ ਵੇ ਸੱਜਣਾ


Academy of the Punjab in North America - APNA: http://www.apnaorg.com

# ਇਹ ਫੁੱਲਾਂ ਵਰਗਾ ਚਿਹਰਾ ਨਹੀਂ ਬਿਨ ਤੈਥੋਂ ਖਿਲਣਾ ਵੇ

ਇਹ ਯਾਦਾਂ ਤੇਰੀਆਂ ਵੇ, ਮੇਰੇ ਦਿਲ ਦਾ ਬਣਨ ਸਿੰਗਾਰ
ਕਦ ਪਾਵੇਂਗਾ ਅੜਿਆ, ਗਲ ਤੂੰ ਬਾਹਾਂ ਦਾ ਹਾਰ
ਨੈਣ ਉਡੀਕਣ ਤੈਨੂੰ ਰੂਹ ਵੀ ਚਾਹਵੇ ਮਿਲਣਾ ਵੇ
ਇਹ ਫੁੱਲਾਂ ਵਰਗਾ ਚਿਹਰਾ ਨਹੀਂ ਬਿਨ ਤੈਥੋਂ ਖਿਲਣਾ ਵੇ

ਸੁਪਨੇ ਨੇ ਤੇਰੀ ਖਾਤਰ ਲੱਖਾਂ, ਰੀਝਾਂ ਕਈ ਹਜ਼ਾਰਾਂ
ਵਿੱਚ ਇਸ਼ਕ ਦੇ ਹਾਣਦਿਆ, ਤੇਰੇ ਉੱਤੋਂ ਜਿੰਦਗੀ ਵਾਰਾਂ
ਦਿਲ ਤੇਰਾ ਮੇਰੇ ਸੀਨੇ ਵਿੱਚ ਜਨਮਾਂ ਲਈ ਸਿਲਣਾ ਵੇ
ਇਹ ਫੁੱਲਾਂ ਵਰਗਾ ਚਿਹਰਾ ਨਹੀਂ ਬਿਨ ਤੈਥੋਂ ਖਿਲਣਾ ਵੇ

ਚੈਨ ਨਾ ਆਵੇ ਮੈਨੂੰ, ਜਿਸ ਪਲ ਫੋਟੋ ਨਾ ਦੇਖਾਂ
ਸਾਥ ਕਿਉਂ ਨਾ ਲਿਖਿਆ ਰੱਬ, ਵਿੱਚ ਸਾਡੇ ਲੇਖਾਂ
ਜਦ ਤੱਕ ਨੀ ਪਾਉਂਦਾ ਖੈਰਾਂ ਨਹੀਂ ਦਰ ਉੱਤੋਂ ਹਿਲਣਾ ਵੇ
ਇਹ ਫੁੱਲਾਂ ਵਰਗਾ ਚਿਹਰਾ ਨਹੀਂ ਬਿਨ ਤੈਥੋਂ ਖਿਲਣਾ ਵੇ

ਖਾਲੀ ਮੁੜ ਆਵਾਂ ਬੂਹੇ ਚੋਂ, ਨਿੱਤ ਤੱਕਦੀ ਹਾਂ ਰਾਹਾਂ
ਸਜਾਂ ਖੁਸ਼ੀ ਨਾਲ, ਉਦਾਸ ਹੋ ਕੇ ਨਿੱਤ ਗਹਿਣੇ ਮੈਂ ਲਾਹਾਂ
'ਕੁਲਵਿੰਦਰ' ਤੈਨੂੰ ਚਾਹੁੰਣ ਦਾ ਦੁੱਖ ਹੋਰ ਕਿੰਨਾ ਮਿਲਣਾ ਵੇ
ਇਹ ਫੁੱਲਾਂ ਵਰਗਾ ਚਿਹਰਾ ਨਹੀਂ ਬਿਨ ਤੈਥੋਂ ਖਿਲਣਾ ਵੇ


Academy of the Punjab in North America - APNA: http://www.apnaorg.com

# ਖ਼ੁਦ ਮੈਥੋਂ ਟੁੱਟ ਗਿਐਂ,
# ਦਿਲ ਨਾ ਤੂੰ ਤੋੜ ਦੇਈਂ

ਦਿਲ ਦੀ ਉਦਾਸੀ ਦਾ ਤੂੰ, ਹੱਲ ਚੰਨਾ ਦੱਸ ਦੇ
ਹੋਇਆ ਕਾਹਤੋਂ ਦੂਰ ਮੈਥੋਂ, ਗੱਲ ਚੰਨਾ ਦੱਸ ਦੇ
ਰਾਹਾਂ ਤੇਰਿਆਂ ਚੋਂ ਮੈਨੂੰ, ਖੜੀ ਨੂੰ ਨਾ ਮੋੜ ਦੇਈਂ
ਖ਼ੁਦ ਮੈਥੋਂ ਟੁੱਟ ਗਿਐਂ, ਦਿਲ ਨਾ ਤੂੰ ਤੋੜ ਦੇਈਂ

ਮਾਰ ਦਿੱਤਾ ਪਹਿਲਾਂ ਹੀ ਏ, ਸਾਨੂੰ ਤੇਰੀ ਯਾਦ ਨੇ
ਸੁਪਨੇ ਭੁਲਾਤੇ ਤੈਨੂੰ ਪਾਉਣ ਵਾਲੇ ਖ਼ੁਆਬ ਨੇ
ਖ਼ੁਸ਼ੀਆਂ ਨੂੰ ਖੋਹ ਕੇ ਸਾਥੋਂ ਗਮਾ ਨੂੰ ਨਾ ਜੋੜ ਦੇਈਂ
ਖ਼ੁਦ ਮੈਥੋਂ ਟੁੱਟ ਗਿਐਂ, ਦਿਲ ਨਾ ਤੂੰ ਤੋੜ ਦੇਈਂ

ਹੱਦ ਨਾਲੋਂ ਵੱਧ ਤੈਨੂੰ, ਕਰ ਬੈਠੀ ਪਿਆਰ ਵੇ
ਇੰਝ ਤੜਫਾ ਕੇ ਮੈਨੂੰ ਜਿਉਂਦੀ ਨੂੰ ਨਾ ਮਾਰ ਵੇ
ਕਰਾਂ ਮਹਿਸੂਸ ਤੈਨੂੰ ਆਪਣੀ ਨਾ ਥੋੜ ਦੇਈਂ
ਖ਼ੁਦ ਮੈਥੋਂ ਟੁੱਟ ਗਿਐਂ, ਦਿਲ ਨਾ ਤੂੰ ਤੋੜ ਦੇਈਂ

ਜੱਗ ਦਾ ਤਮਾਸ਼ਾ ਕਿਤੇ ਬਣ ਜਾਏ ਨਾ ਮੇਲ ਇਹ
ਭੁੱਲਣਾ ਨੀ ਜਿੰਦਗੀ ਦੇ ਅੰਤ ਤੱਕ ਖੇਲ੍ਹ ਇਹ
ਅੱਖਾਂ ਲਾ ਕੇ 'ਕੁਲਵਿੰਦਰਾ' ਨਾ ਹੰਝੂਆਂ 'ਚ ਰੋੜ੍ਹ ਦੇਈਂ
ਖ਼ੁਦ ਮੈਥੋਂ ਟੁੱਟ ਗਿਐਂ, ਦਿਲ ਨਾ ਤੂੰ ਤੋੜ ਦੇਈਂ


Academy of the Punjab in North America - APNA: http://www.apnaorg.com

# ਜੀਣ ਦਾ ਮਨ ਨਹੀਂ ਮੇਰਾ
# ਉਸ ਦੇ ਚਲੇ ਜਾਣ ਤੋਂ ਬਾਅਦ

ਸੁੱਖ ਨੇ ਤੁਰ ਗਏ ਸਾਰੇ ਜ਼ਿੰਦਗੀ ਆਣ ਗਮਾਂ ਨੇ ਘੇਰੀ
ਹੁਣ ਅੱਗੇ ਜਾਣ ਦਾ ਬਲ ਨਹੀਂ ਸਾਡੀ ਇੱਥੇ ਢਹਿ ਗਈ ਢੇਰੀ
ਸੁਪਨੇ ਵੀ ਸਭ ਮਰ ਗਏ ਸਾਡੇ ਉੱਜੜ ਗਏ ਨੇ ਖ਼ੁਆਬ
ਜੀਣ ਦਾ ਮਨ ਨਹੀਂ ਮੇਰਾ ਉਸ ਦੇ ਚਲੇ ਜਾਣ ਤੋਂ ਬਾਅਦ

ਮੁਰਝਾਏ ਫੁੱਲ ਦੇ ਵਾਂਗੂ ਹੋ ਗਿਆ ਮੁੱਖ ਇਹ ਮੇਰਾ ਏ
ਲਾ ਇਲਾਜ਼ ਏ ਰੋਗ ਮੈਂ ਜਿੰਦ ਨੂੰ ਲਾ ਲਿਆ ਜਿਹੜਾ ਏ
ਜਖ਼ਮੀਂ ਪੰਛੀ ਵਾਂਗੂ ਤੜਫਾਂ, ਜਦ ਉਹ ਆਵੇ ਯਾਦ
ਜੀਣ ਦਾ ਮਨ ਨਹੀਂ ਮੇਰਾ ਉਸ ਦੇ ਚਲੇ ਜਾਣ ਤੋਂ ਬਾਅਦ

ਸ਼ਾਇਦ ਮਰ ਕੇ ਭੁੱਲ ਜਾਈਏ ਤੇ ਸੌਖੇ ਹੋ ਜਾਈਏ
ਏਸ ਜਨਮ ਵਿੱਚ ਨਹੀਂ ਤਾਂ ਅਗਲੇ ਜਨਮ ਦੇ ਵਿੱਚ ਪਾਈਏ
ਭਾਂਵੇ ਦੋਵੇਂ ਜਾਣੇ ਮਿਲ ਕੇ ਹੋ ਗਏ ਹਾਂ ਬਰਬਾਦ
ਜੀਣ ਦਾ ਮਨ ਨਹੀਂ ਮੇਰਾ ਉਸ ਦੇ ਚਲੇ ਜਾਣ ਤੋਂ ਬਾਅਦ

ਉਹ ਦੂਰ ਸਾਡੇ ਤੋਂ ਚਲੇ ਗਏ ਸਾਨੂੰ ਦੁੱਖਾਂ ਵਿੱਚ ਪਾ ਕੇ
"ਕੁਲਵਿੰਦਰ" ਵਿਹੜਾ ਮੱਲ ਲੈਣਾ ਅਸਾਂ ਰੱਬ ਦਾ ਏ ਜਾ ਕੇ
ਉਹ ਸਦਾ ਵਸੇਂਦੇ ਰਹਿਣ ਸਾਡੀ ਤਾਂ ਇਹੋ ਏ ਫਰਿਆਦ
ਜੀਣ ਦਾ ਮਨ ਨਹੀਂ ਮੇਰਾ ਉਸ ਦੇ ਚਲੇ ਜਾਣ ਤੋਂ ਬਾਅਦ


Academy of the Punjab in North America - APNA: http://www.apnaorg.com

# ਤੈਨੂੰ ਕੀ ਦੱਸਾਂ ਤੇਰੇ ਬਾਜੋਂ ਕਿੰਨੇ ਦਰਦ ਹੰਢਾਉਂਨੀ ਆਂ

ਜਾਨ ਬਣਾ ਕੇ ਹਾਣਦਿਆ ਕਿਉਂ ਛੱਡ ਗਿਐਂ ਕੱਲੀ ਵੇ
ਤੇਰੇ ਪੀੜ ਵਿਛੋੜੇ ਵਾਲੀ ਨਾ ਮੈਥੋਂ ਜਾਂਦੀ ਝੱਲੀ ਵੇ
ਅੱਜ ਖੁਦ ਮੈਂ ਤੈਨੂੰ ਪਾਉਣ ਲਈ ਤੇਰੇ ਪਿੱਛੇ ਆਉਂਨੀ ਆਂ
ਤੈਨੂੰ ਕੀ ਦੱਸਾਂ ਤੇਰੇ ਬਾਜੋਂ ਕਿੰਨੇ ਦਰਦ ਹੰਢਾਉਂਨੀ ਆਂ

ਜ਼ਿੰਦਗੀ ਦੇ ਦਿਨ ਹੋ ਗਏ ਹੁਣ ਤਾਂ ਕਿਸੇ ਤੂਫਾਨ ਜਿਹੇ
ਫੁੱਲ ਜਿਵੇਂ ਮੁਰਝਾਏ ਹੋ ਗਏ ਹਾਂ ਬੇਜਾਨ ਜਿਹੇ
ਖਿਲ ਜਾਵਾਂ ਤੈਨੂੰ ਤੱਕ ਕੇ, ਮਿਲਣ ਲਈ ਤਰਲੇ ਪਾਉਂਨੀ ਆਂ
ਤੈਨੂੰ ਕੀ ਦੱਸਾਂ ਤੇਰੇ ਬਾਜੋਂ ਕਿੰਨੇ ਦਰਦ ਹੰਢਾਉਂਨੀ ਆਂ

ਮੰਨ ਗਈ ਹਾਂ ਗਲਤੀ ਵੇ ਤੈਨੂੰ ਬਹੁਤ ਸਤਾਇਆ ਮੈਂ
ਪਿਆਰ ਤੇਰੇ ਦਾ ਮੁੱਲ ਵੇ ਸੱਜਣਾ ਕਦੀ ਨਾ ਪਾਇਆ ਮੈਂ
ਤੈਨੂੰ ਖੋਣ ਪਿੱਛੋਂ ਤੇਰੀ ਖਾਤਰ ਵੇ ਮੈਂ ਮਰ ਮਰ ਜਿਉਂਨੀ ਆਂ
ਤੈਨੂੰ ਕੀ ਦੱਸਾਂ ਤੇਰੇ ਬਾਜੋਂ ਕਿੰਨੇ ਦਰਦ ਹੰਢਾਉਂਨੀ ਆਂ

ਸੱਚਾ ਸੀ ਤੂੰ "ਕੁਲਵਿੰਦਰਾ" ਵੇ ਤੇਰਾ ਪਿਆਰ ਵੀ ਸੱਚਾ ਸੀ
ਡੋਬ ਗਿਆ ਮੈਨੂੰ ਤੇਰੇ ਤੇ ਵਿਸ਼ਵਾਸ਼ ਜੋ ਕੱਚਾ ਸੀ
ਖੁਆਬਾਂ ਦੇ ਵਿੱਚ ਜਾਗਾਂ, ਉੱਡ ਗਈ ਨੀਂਦ ਨਾ ਸਾਉਂਨੀ ਆਂ
ਤੈਨੂੰ ਕੀ ਦੱਸਾਂ ਤੇਰੇ ਬਾਜੋਂ ਕਿੰਨੇ ਦਰਦ ਹੰਢਾਉਂਨੀ ਆਂ


Academy of the Punjab in North America - APNA: http://www.apnaorg.com

# ਸੱਚੀਂ ਜੀਅ ਨਹੀਂਓ ਹੋਣਾ, ਸਾਥੋਂ ਤੇਰੇ ਤੋਂ ਬਗੈਰ

ਅਸੀਂ ਉਡੀਕ ਵਿੱਚ ਰਹੇ, ਤੁਸੀਂ ਤੱਕਿਆ ਵੀ ਨਹੀਂ
ਗੁੱਸਾ ਕਿਹੜੀ ਗੱਲੋਂ ਕੀਤਾ, ਸਾਨੂੰ ਦੱਸਿਆ ਵੀ ਨਹੀਂ
ਤੇਰੇ ਦਰ ਦੇ ਭਿਖਾਰੀ, ਸਾਡੇ ਪਾ ਦੇ ਪੱਲੇ ਖੈਰ
ਸੱਚੀਂ ਜੀਅ ਨਹੀਂਓ ਹੋਣਾ, ਸਾਥੋਂ ਤੇਰੇ ਤੋਂ ਬਗੈਰ

ਕੀਤਾ ਨਾ ਸੀ ਪਿਆਰ ਤੇਰੇ, ਨਾਲ ਆਪੇ ਹੋ ਗਿਆ
ਦਿਲ ਮੰਨੀ ਬੈਠਾ ਰੱਬ ਤੈਨੂੰ, ਏਨਾ ਏਂ ਤੂੰ ਮੋਹ ਗਿਆ
ਹੁਣ ਸਮਝੇ ਨਾ ਝੱਲਾ, ਗਿਆ ਤੇਰੇ ਉੱਤੇ ਠਹਿਰ
ਸੱਚੀਂ ਜੀਅ ਨਹੀਂਓ ਹੋਣਾ, ਸਾਥੋਂ ਤੇਰੇ ਤੋਂ ਬਗੈਰ

ਹੋਵੇ ਮਰ ਵੀ ਨਾ ਸੌਹਾਂ, ਇੱਕਠੇ ਜੀਣ ਦੀਆਂ ਪਾ ਕੇ
ਅਸੀਂ ਖੁਦ ਦੇ ਨਾ ਰਹੇ ਚੰਨਾ, ਤੇਰੇ ਨਾਲ ਲਾ ਕੇ
ਜੇ ਨਾ ਨਿਭੇ ਤੈਥੋਂ ਪੀ ਲਾਂ ਗੀ ਮੈਂ, ਹੱਥੋਂ ਤੇਰੇ ਜ਼ਹਿਰ
ਸੱਚੀਂ ਜੀਅ ਨਹੀਂਓ ਹੋਣਾ, ਸਾਥੋਂ ਤੇਰੇ ਤੋਂ ਬਗੈਰ

ਤੂੰ ਨਾ ਜਾਣੇ "ਕੁਲਵਿੰਦਰਾ" ਮੈਂ, ਬਣੀ ਤੇਰੇ ਵਾਸਤੇ
ਕਦ ਅਪਣਾਵੇਂਗਾ ਤੂੰ, ਬੈਠੀ ਏਸ ਆਸ ਤੇ
ਮੈਨੂੰ ਆਪਣਾ ਜਿਹਾ ਲੱਗੇ ਤੇਰਾ, ਲੁਧਿਆਣਾ ਸ਼ਹਿਰ
ਸੱਚੀਂ ਜੀਅ ਨਹੀਂਓ ਹੋਣਾ, ਸਾਥੋਂ ਤੇਰੇ ਤੋਂ ਬਗੈਰ


Academy of the Punjab in North America - APNA: http://www.apnaorg.com

## ਕਦਮਾਂ ਚ ਕੱਟ ਲਊਂਗੀ ਜਿੰਦਗੀ ਮੈਂ ਮੇਰੀ
## ਤੇਰੇ ਦਿਲ ਚ ਜੇ ਵਸੇ ਕੋਈ ਹੋਰ ਵੇ

ਵੇ ਮੈਂ ਐਨਾਂ ਤੈਨੂੰ ਚਾਹਵਾਂ, ਵੱਖ ਰਹਿ ਨਾ ਤੈਥੋਂ ਪਾਵਾਂ
ਹੁਣ ਦਿਲ ਤੇ ਨਾ ਚੱਲੇ ਮੇਰਾ ਜੋਰ ਵੇ
ਕਦਮਾਂ 'ਚ ਕੱਟ ਲਊਂਗੀ ਜ਼ਿੰਦਗੀ ਮੈਂ ਮੇਰੀ,
ਤੇਰੇ ਦਿਲ 'ਚ ਜੇ ਵਸੇ ਕੋਈ ਹੋਰ ਵੇ

ਕਿੱਦਾਂ ਹੋਵੇਗਾ ਯਕੀਨ ਕਿ ਮੈਂ ਸੱਚ ਰਹੀਂ ਆਖ
ਜਿੱਥੇ ਚਾਹਵੇਂ ਅਜ਼ਮਾਲੈ ਖੜ੍ਹੂੰ ਓਸੇ ਵੇਲੇ ਆਪ
ਮੁੜੂੰ ਰਾਹਾਂ ਚੋਂ ਨਾਂ ਭਾਂਵੇ ਲਵੀਂ ਮੋੜ ਵੇ
ਕਦਮਾਂ 'ਚ ਕੱਟ ਲਊਂਗੀ ਜ਼ਿੰਦਗੀ ਮੈਂ ਮੇਰੀ,
ਤੇਰੇ ਦਿਲ 'ਚ ਜੇ ਵਸੇ ਕੋਈ ਹੋਰ ਵੇ

ਮੰਨਾਂ ਤੈਨੂੰ ਰੱਬ ਮੇਰਾ ਤੂੰ ਹੀ ਦਰਗਾਹ ਏਂ
ਬਚਾਂ ਨਾ ਮੈਂ ਬਿਨਾਂ ਤੇਰੇ ਤੂੰ ਹੀ ਮੇਰਾ ਸਾਹ ਏਂ
ਰਹੀ ਹੋਰ ਦੇ ਦੁਆਰੇ ਦੀ ਨਾ ਲੋੜ ਵੇ
ਕਦਮਾਂ 'ਚ ਕੱਟ ਲਊਂਗੀ ਜ਼ਿੰਦਗੀ ਮੈਂ ਮੇਰੀ,
ਤੇਰੇ ਦਿਲ 'ਚ ਜੇ ਵਸੇ ਕੋਈ ਹੋਰ ਵੇ

ਹੋ ਗਈ ਜੇ ਕੋਈ ਭੁੱਲ ਮੈਨੂੰ ਕਰਦੇ ਤੂੰ ਮੁਆਫ
ਬਿਨਾਂ ਪੁੱਛੇ ਜੋੜਿਆ ਮੈਂ ਜਨਮਾਂ ਦਾ ਸਾਕ
"ਕੁਲਵਿੰਦਰਾ" ਨਾ ਦਿਲ ਦੇਵੀਂ ਤੋੜ ਵੇ
ਕਦਮਾਂ 'ਚ ਕੱਟ ਲਊਂਗੀ ਜ਼ਿੰਦਗੀ ਮੈਂ ਮੇਰੀ,
ਤੇਰੇ ਦਿਲ 'ਚ ਜੇ ਵਸੇ ਕੋਈ ਹੋਰ ਵੇ


Academy of the Punjab in North America - APNA: http://www.apnaorg.com

# ਯਾਰ ਦੇ ਵਿਛੋੜੇ ਨਾਲੋਂ ਮੌਤ ਰੱਬਾ ਚੰਗੀ ਐ

ਮੰਨਤਾਂ ਮੈਂ ਮੰਗਾਂ ਰਹੇ ਨਾਲ ਮੇਰਾ ਯਾਰ
ਇਸੇ ਤਰਾਂ ਚਾਹਵੇ ਮੈਨੂੰ ਮਿਲੇ ਓਹਦਾ ਪਿਆਰ
ਓਸ ਦੇ ਦੀਦਾਰ ਵਿੱਚ ਜਿੰਦ ਮੇਰੀ ਰੰਗੀ ਐ
ਯਾਰ ਦੇ ਵਿਛੋੜੇ ਨਾਲੋਂ ਮੌਤ ਰੱਬਾ ਚੰਗੀ ਐ

ਓਹੋ ਜਿਹਾ ਮਿਲੂ ਹੋਰ ਆਸ ਨਾ ਮੈਂ ਰੱਖਦੀ
ਖੜ ਖੜ ਓਸ ਨੂੰ ਮੈਂ ਬਾਰੀਆਂ ਚੋਂ ਤੱਕਦੀ
ਦਿਖੇ ਨਾ ਤਾਂ ਜਿੰਦ ਲੱਗੇ ਸੂਲੀ ਉੱਤੇ ਟੰਗੀ ਐ
ਯਾਰ ਦੇ ਵਿਛੋੜੇ ਨਾਲੋਂ ਮੌਤ ਰੱਬਾ ਚੰਗੀ ਐ

ਦੁਨੀਆਂ ਦੇ ਤਾਂਹਨੇ ਮੇਹਣੇ ਸੁਣੇ ਮੈਂ ਬਥੇਰੇ ਸੀ
ਮਿਲਿਆ ਉਹ ਮੈਨੂੰ ਇਹ ਤਾਂ ਭਾਗ ਚੰਗੇ ਮੇਰੇ ਸੀ
ਭਾਂਵੇ ਓਹਦੀ ਖਾਤਰ ਮੈਂ ਝੱਲੀ ਹਰ ਤੰਗੀ ਐ
ਯਾਰ ਦੇ ਵਿਛੋੜੇ ਨਾਲੋਂ ਮੌਤ ਰੱਬਾ ਚੰਗੀ ਐ

ਬਿਨਾ 'ਕੁਲਵਿੰਦਰ' ਦੇ ਸਕਦੀ ਨਾ ਜੀਅ ਮੈਂ
ਹੱਸ ਜਿੰਦ ਵਾਰਾਂ ਓਹਤੋਂ ਕਰਦੀ ਨਾ ਸੀਅ ਮੈਂ
ਕੋਸਾਂ ਓਹ ਘੜੀ ਨੂੰ ਜਿਹੜੀ ਬਿਨਾਂ ਓਹਦੇ ਲੰਘੀ ਐ
ਯਾਰ ਦੇ ਵਿਛੋੜੇ ਨਾਲੋਂ ਮੌਤ ਰੱਬਾ ਚੰਗੀ ਐ


Academy of the Punjab in North America - APNA: http://www.apnaorg.com

# ਮੰਨਾਂ ਨੈਣਾ ਦਾ ਕਸੂਰ, ਸਜ਼ਾ ਦਿਲ ਨੂੰ ਕਿਉਂ ਦਿੰਨੈ

ਦੂਰ ਵਸਦੈਂ ਤੂੰ ਮੈਥੋਂ, ਮਾਰ ਦੇਵੇ ਨਿੱਤ ਯਾਦ ਵੇ
ਇੱਕੋ ਵਾਰ ਤੂੰ ਮੁਕਾ ਦੇ, ਮੰਨ ਮੇਰੀ ਫਰਿਆਦ ਵੇ
ਦੁੱਖ ਸਕਦੀ ਨਾ ਝੱਲ, ਦਿੱਤੇ ਜਖ਼ਮ ਤੂੰ ਜਿੰਨੇ
ਮੰਨਾਂ ਨੈਣਾ ਦਾ ਕਸੂਰ, ਸਜ਼ਾ ਦਿਲ ਨੂੰ ਕਿਉਂ ਦਿੰਨੈ

ਇਹੇ ਰੋਗ ਨੇ ਅੱਵਲੇ, ਜਿਹੜੇ ਹੱਸ ਹੱਸ ਲਾ ਲਏ
ਤੈਨੂੰ ਜ਼ਿੰਦਗੀ ਬਣਾ ਕੇ, ਲੱਖਾਂ ਗਮ ਪੱਲੇ ਪਾ ਲਏ
ਅਸੀਂ ਲੜ ਆਪਣੇ ਨਾ, ਕਿੰਨੇ ਹਾਉਂਕੇ ਹੰਝੂ ਬਿੰਨੇ
ਮੰਨਾਂ ਨੈਣਾ ਦਾ ਕਸੂਰ, ਸਜ਼ਾ ਦਿਲ ਨੂੰ ਕਿਉਂ ਦਿੰਨੈ

ਦਿਲ ਮੇਰਾ ਭੋਲਾ ਭਾਲਾ, ਗਿਆ ਤੇਰੇ ਉੱਤੇ ਡੁੱਲ੍ਹ
ਦੱਸ ਇਹਨੂੰ ਕੀ ਪਤਾ ਸੀ, ਕਿ ਤੂੰ ਜਾਣਾ ਇੰਝ ਭੁੱਲ
ਜਿਵੇਂ ਮੇਰੇ ਨਾਲ ਕੀਤਾ, ਦਿਲ ਤੋੜੇ ਵੇ ਤੂੰ ਕਿੰਨੇ
ਮੰਨਾਂ ਨੈਣਾ ਦਾ ਕਸੂਰ, ਸਜ਼ਾ ਦਿਲ ਨੂੰ ਕਿਉਂ ਦਿੰਨੈ

ਸਾਰੀ ਦੁਨੀਆਂ ਦੇ ਉੱਤੋਂ, ਟੁੱਟ ਗਿਆ ਵਿਸ਼ਵਾਸ਼
ਹੁਣ ਕਰਨਾ ਕੀ ਜੀਅ ਕੇ, ਛੱਡੀ ਜ਼ਿੰਦਗੀ ਦੀ ਆਸ
ਸਾਨੂੰ ਮਾਰ "ਕੁਲਵਿੰਦਰਾ" ਵੇ ਦੱਸ ਕਿੱਦਾਂ ਜੀਨੈਂ
ਮੰਨਾਂ ਨੈਣਾ ਦਾ ਕਸੂਰ, ਸਜ਼ਾ ਦਿਲ ਨੂੰ ਕਿਉਂ ਦਿੰਨੈ


Academy of the Punjab in North America - APNA: http://www.apnaorg.com

# ਇੰਝ ਕਰੀ ਦਾ ਨੀ ਪਾ ਕੇ, ਕਦੀ ਪਿਆਰ ਸੋਹਣਿਆਂ ਵੇ

ਗੱਲ ਗੱਲ ਉੱਤੇ ਰੁੱਸਦੈਂ ਤੂੰ ਰਹਿੰਨੇ ਮੇਰੇ ਚੰਨਾ
ਸਭ ਭੁੱਲ ਕੇ ਮੈਂ ਰੀਝਾਂ ਬਸ ਤੇਰੀਆਂ ਹੀ ਮੰਨਾ
ਜਾਵਾਂ ਹਰ ਵਾਰੀ ਜਿੱਤ ਕੇ ਵੀ ਹਾਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ, ਕਦੀ ਪਿਆਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ.....

ਆਖਦੈਂ ਏਂ ਸੱਚੇ ਦਿਲੋਂ, ਮੈਨੂੰ ਵੇ ਤੂੰ ਚਾਹੁੰਨਾ
ਗੱਲਾਂ ਮੇਰੀਆਂ ਤੂੰ ਕਾਹਤੋਂ, ਫਿਰੇਂ ਹੋਰਾਂ ਨੂੰ ਸੁਣਾਉਨਾ
ਜਾਂਦੇ ਸੁਣ ਤੇਰੇ ਹੱਸਦੇ ਨੇ, ਯਾਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ, ਕਦੀ ਪਿਆਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ.....

ਕੁੜੀਆਂ ਦੇ ਦਿਲ ਕਦੀ, ਹੁੰਦੇ ਨਾ ਕਠੋਰ
ਟੁੱਟ ਜੂ ਗਾ ਐਵੇਂ, ਇਹਨੂੰ ਹੋਰ ਨਾ ਤੂੰ ਠੋਰ
ਹੁੰਦੀ ਭੈੜੀ ਬੜੀ ਇਸ਼ਕੇ ਦੀ ਮਾਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ, ਕਦੀ ਪਿਆਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ.....

ਮੰਨਾ "ਕੁਲਵਿੰਦਰਾ" ਮੈਂ, ਤੈਨੂੰ ਮੇਰਾ ਰੱਬ ਵੇ
ਤੇਰੀ ਹੀ ਰਹੂੰਗੀ ਜੋਰ, ਲਾ ਲਏ ਭਾਂਵੇ ਜੱਗ ਵੇ
ਖਿਲਾਂ ਫੁੱਲ ਵਾਂਗੂੰ ਕਰ ਕੇ ਦੀਦਾਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ, ਕਦੀ ਪਿਆਰ ਸੋਹਣਿਆਂ ਵੇ
ਇੰਝ ਕਰੀ ਦਾ ਨੀ ਪਾ ਕੇ.....


Academy of the Punjab in North America - APNA: http://www.apnaorg.com

## ਕਿੰਝ ਦੱਸ ਦੇਵਾਂ ਇਹਨਾਂ ਝੱਲਿਆਂ ਨੂੰ,
## ਮੇਰਾ ਛੱਡ ਦਿਲਦਾਰ ਗਿਆ

ਅੱਖਾਂ ਦੇ ਹੰਝੂ ਆਣ ਮੇਰੇ ਨਾਲ ਗੱਲਾਂ ਕਰਦੇ ਨੇ
ਪੁੱਛਦੇ ਮੇਰੇ ਤੋਂ ਸਾਹ ਤੇਰੇ ਕਿਉਂ ਹਾਉਂਕੇ ਭਰਦੇ ਨੇ
ਜੋ ਧੜਕਣ ਦੇ ਵਿੱਚ ਵਸਦਾ ਸੀ, ਤੇਰੇ ਹਾਸਿਆਂ ਦੇ ਵਿੱਚ ਹੱਸਦਾ ਸੀ,
ਉਹ ਕਿੱਥੇ ਪਿਆਰ ਗਿਆ
ਕਿੰਝ ਦੱਸ ਦੇਵਾਂ ਇਹਨਾਂ ਝੱਲਿਆਂ ਨੂੰ, ਮੇਰਾ ਛੱਡ ਦਿਲਦਾਰ ਗਿਆ

ਸੀ ਆਸਾਂ ਮੇਰੀਆਂ ਜੀਹਦੇ ਤੇ, ਮੈਂ ਜੀਹਦੀ ਖਾਤਰ ਜਿਉਂਦੀ ਸਾਂ
ਜਿੰਦ ਦਾਅ ਤੇ ਲਾ ਓਹਨੂੰ ਮਿਲ ਕੇ, ਚੂਰੀਆਂ ਮੂੰਹ ਵਿੱਚ ਪਾਉਂਦੀ ਸਾਂ
ਸੀ ਜਿਹੜਾ ਹਰ ਇੱਕ 'ਚੋਂ ਦਿਸਦਾ, ਮੇਰੇ ਬੁੱਲ੍ਹਾਂ ਤੇ ਸੀ ਨਾਂਅ ਜਿਸਦਾ,
ਉਹ ਮਨੋ ਵਿਸਾਰ ਗਿਆ
ਕਿੰਝ ਦੱਸ ਦੇਵਾਂ ਇਹਨਾਂ ਝੱਲਿਆਂ ਨੂੰ, ਮੇਰਾ ਛੱਡ ਦਿਲਦਾਰ ਗਿਆ

ਮਾਪੇ ਭੁੱਲਗੇ ਮੈਨੂੰ ਸੀ, ਸਾਥ ਕੀ ਓਹਦਾ ਲੱਭਿਆ ਸੀ
ਹੱਸਕੇ ਜਿੰਦਗੀ ਜਿਉਣ ਲਈ, ਇੱਕ ਆਸ ਦਾ ਦੀਵਾ ਜਗਿਆ ਸੀ
ਵਿੱਚ ਗੱਲਾਂ ਦੇ ਭਰਮਾ ਕੇ ਓਹ, ਮੈਨੂੰ ਕੋਹਾਂ ਦੂਰ ਲਿਜਾ ਕੇ ਓਹ,
ਕੱਢ ਕਿਹੜੀ ਖਾਰ ਗਿਆ
ਕਿੰਝ ਦੱਸ ਦੇਵਾਂ ਇਹਨਾਂ ਝੱਲਿਆਂ ਨੂੰ, ਮੇਰਾ ਛੱਡ ਦਿਲਦਾਰ ਗਿਆ

ਇਸ ਜੱਗ ਚੋਂ ਦਿੰਦਾ ਕੱਢ, ਕਿਉਂ ਜ਼ਿੰਦਗੀ ਵਿੱਚੋਂ ਕੱਢ ਗਿਆ
ਪਾਉਂਦੀ ਤਰਲੇ ਕੱਲੀ ਕਿਉਂ "ਕੁਲਵਿੰਦਰ" ਛੱਡ ਗਿਆ
ਨਾ ਭੁੱਲ ਓਹਨੂੰ ਕਦੀ ਸਕਦੀ ਮੈਂ, ਅੱਜ ਵੀ ਹਾਂ ਦਿਲ ਵਿੱਚ ਰੱਖਦੀ ਮੈਂ,
ਭਾਂਵੇਂ ਜਿਉਂਦੀ ਮਾਰ ਗਿਆ
ਕਿੰਝ ਦੱਸ ਦੇਵਾਂ ਇਹਨਾਂ ਝੱਲਿਆਂ ਨੂੰ, ਮੇਰਾ ਛੱਡ ਦਿਲਦਾਰ ਗਿਆ


Academy of the Punjab in North America - APNA: http://www.apnaorg.com

# ਰਾਜ਼ੀ ਨਹੀਓ ਸਾਡੇ ਨਾਲ ਮੂੰਹੋ ਬੋਲ ਕੇ

ਜਜ਼ਬਾਤਾਂ ਦੀ ਕਹਾਣੀ ਕਿੰਝ ਦੱਸਾਂ ਬੋਲ ਕੇ,
ਵਿੱਚ ਚੜ੍ਹਦੀ ਜਵਾਨੀ ਰੱਖ ਦਿੱਤਾ ਰੋਲ ਕੇ
ਵਾਰੀ ਬੈਠਾ ਦਿਲ ਸਾਡਾ ਜੀਹਦੇ ਉੱਤੋਂ ਜਾਨ,
ਰਾਜ਼ੀ ਨਹੀਓ ਸਾਡੇ ਨਾਲ ਮੂੰਹੋ ਬੋਲ ਕੇ

ਸੋਚੀ ਜਾਵਾਂ ਅੱਖਾਂ ਨੂੰ ਖੜ੍ਹਾ ਕੇ ਇੱਕ ਪਾਸੇ
ਖੈਰ ਪਾ ਦੇ ਪਿਆਰ ਵਾਲੀ ਫੜੀ ਬੈਠੇ ਕਾਸੇ
ਸਾਰਾ ਸਾਰਾ ਦਿਨ ਬੈਠੀ ਰਹਿੰਦੀ ਹਾਂ ਚੁਬਾਰੇ,
ਲੰਘੂ ਕਦੋਂ ਸੋਹਣਾ ਤੱਕਾਂ ਬਾਰੀ ਖੋਲ੍ਹ ਕੇ
ਵਾਰੀ ਬੈਠਾ ਦਿਲ ਸਾਡਾ ਜੀਹਦੇ ਉੱਤੋਂ ਜਾਨ,
ਰਾਜ਼ੀ ਨਹੀਓ ਸਾਡੇ ਨਾਲ ਮੂੰਹੋ ਬੋਲ ਕੇ

ਸੋਹਣੇ ਨਹੀਂ ਹਾਂ ਅਸੀਂ ਸ਼ਾਇਦ ਏਸੇ ਕਰਕੇ
ਦੱਸ ਵੀ ਦੇ ਵਜ਼ਾ ਭਾਂਵੇ ਦੱਸ ਲੜ ਕੇ
ਵਿੱਚੋਂ ਵਿੱਚ ਅਸੀਂ ਵੀ ਹਾਂ ਰਹਿੰਦੇ ਰੁੱਝਦੇ,
ਦੱਸ ਦੇ ਰਮਜ਼ ਦੁੱਖਾਂ ਵਾਲੀ ਫੋਲ ਕੇ
ਵਾਰੀ ਬੈਠਾ ਦਿਲ ਸਾਡਾ ਜੀਹਦੇ ਉੱਤੋਂ ਜਾਨ,
ਰਾਜ਼ੀ ਨਹੀਓ ਸਾਡੇ ਨਾਲ ਮੂੰਹੋ ਬੋਲ ਕੇ

ਟੁੱਟ ਜਾਣੀ ਯਾਰੀ ਹੋਈ ਆਮ ਜਿਹੀ ਐ ਗੱਲ
ਚੜਦੇ ਪਿਆਰ ਸਿਰੇ ਘੱਟ ਅੱਜ ਕੱਲ੍ਹ
ਰਹਿਣਾ ਜੇ ਜਿਉਂਦੇ ਹੋ ਜੋ ਪੱਥਰਾਂ ਦੇ ਵਾਂਗ,
ਨਹੀਂ ਤਾਂ "ਕੁਲਵਿੰਦਰਾ" ਕੋਈ ਲੈ ਜੂ ਘੋਲ ਕੇ
ਵਾਰੀ ਬੈਠਾ ਦਿਲ ਸਾਡਾ ਜੀਹਦੇ ਉੱਤੋਂ ਜਾਨ,
ਰਾਜ਼ੀ ਨਹੀਓ ਸਾਡੇ ਨਾਲ ਮੂੰਹੋ ਬੋਲ ਕੇ


Academy of the Punjab in North America - APNA: http://www.apnaorg.com

## ਸਦਾ ਰੱਬ ਤੈਨੂੰ ਸੁਖੀ ਰੱਖੇ ਸੋਹਣਿਆਂ ਅਸੀਂ ਹਾਂ ਦੁਆਵਾਂ ਕਰਦੇ

ਕੀਤੀ ਜੋ ਤੂੰ ਸਾਡੇ ਨਾਲ ਕਿਸੇ ਨੂੰ ਨਾ ਦੱਸੀਏ
ਉੱਜੜੇ ਹਾਂ ਦਿਲੋਂ ਪਰ ਉੱਤੋਂ ਅਸੀਂ ਵਸੀਏ
ਰੋਜ ਦਿਲ ਨਾਲ ਗੱਲ ਤੇਰੀ ਕਰੀਏ, ਭਾਂਵੇ ਹਾਉਂਕੇ ਹਾਵਾਂ ਭਰਦੇ
ਸਦਾ ਰੱਬ ਤੈਨੂੰ ਸੁਖੀ ਰੱਖੇ ਸੋਹਣਿਆਂ, ਅਸੀਂ ਹਾਂ ਦੁਆਵਾਂ ਕਰਦੇ

ਤੇਰੇ ਪਿੱਛੋਂ ਹਾਂ ਨਾ ਜਿੰਦਗੀ 'ਚ, ਨਾ ਹੀ ਅਸੀਂ ਮੋਏ ਵੇ
ਚੁੱਪ ਚਾਪ ਰਹੀਏ, ਖੁੱਲ੍ਹ ਹੱਸੇ ਨਾ ਹੀ ਰੋਏ ਵੇ
ਕਦੇ ਗਲ ਨਾਲ ਲਾਂਵੇ ਸਾਨੂੰ ਵੱਲ ਤੇਰੇ, ਨਿੱਤ ਅਸੀਂ ਬਾਹਵਾਂ ਕਰਦੇ
ਸਦਾ ਰੱਬ ਤੈਨੂੰ ਸੁਖੀ ਰੱਖੇ ਸੋਹਣਿਆਂ, ਅਸੀਂ ਹਾਂ ਦੁਆਵਾਂ ਕਰਦੇ

ਚੰਨਾ ਤੇਰਾ ਨੀ ਕਸੂਰ, ਸਾਡੀ ਮਾੜੀ ਤਕਦੀਰ ਸੀ
ਧੋਖਾ ਲਿਖਿਆ ਸੀ ਖਾਣਾ, ਤਾਂ ਹੀ ਬਣੀ ਤੇਰੀ ਹੀਰ ਸੀ
ਅਸੀਂ ਸੜਦੇ ਹੋਏ ਹਿਜ਼ਰਾਂ ਦੀ ਅੱਗ ਵਿੱਚ, ਤੈਨੂੰ ਹੱਥੀ ਛਾਂਵਾਂ ਕਰਦੇ
ਸਦਾ ਰੱਬ ਤੈਨੂੰ ਸੁਖੀ ਰੱਖੇ ਸੋਹਣਿਆਂ, ਅਸੀਂ ਹਾਂ ਦੁਆਵਾਂ ਕਰਦੇ

ਭਾਂਵੇ ਭੁਲਿਐਂ ਤੂੰ ਸਾਨੂੰ, ਸਾਡਾ ਅੱਜ ਵੀ ਪਿਆਰ ਐ
ਬਾਜ਼ੀ ਇਸ਼ਕੇ ਦੀ ਖੇਡ, ਖਾਧੀ ਮੂਧੇ ਮੂੰਹ ਦੀ ਮਾਰ ਐ
ਪਾਸਾ ਵੱਟ ਸਾਥੋਂ ਲੰਘੇ "ਕੁਲਵਿੰਦਰਾ" ਜੇ ਅਸੀਂ ਹਾਂ ਨਿਗਾਹਾਂ ਕਰਦੇ
ਸਦਾ ਰੱਬ ਤੈਨੂੰ ਸੁਖੀ ਰੱਖੇ ਸੋਹਣਿਆਂ, ਅਸੀਂ ਹਾਂ ਦੁਆਵਾਂ ਕਰਦੇ


Academy of the Punjab in North America - APNA: http://www.apnaorg.com

# ਆਉਂਦੀਆਂ ਨੇ ਬੜੀਆਂ ਹੀ ਯਾਦਾਂ ਤੇਰੀਆਂ

ਹੰਝੂਆਂ ਦੇ ਪਾਣੀ ਵਿੱਚੋਂ ਧੁੰਦਲੀ ਜਿਹੀ ਫੋਟੋ ਤੇਰੀ
ਇੰਝ ਲੱਗੇ ਜਿਵੇਂ ਗੱਲਾਂ ਹੋਵੇ ਕਰਦੀ
ਜਾ ਕੇ ਪਰਦੇਸ ਬਣ ਗਿਆ ਪਰਦੇਸੀ ਚੰਨਾ
ਆਵੇਂਗਾ ਤੂੰ ਕਦ ਵੇ ਨਾ ਪੁੱਛਾਂ ਡਰਦੀ
ਲੱਖਾਂ ਮਜਬੂਰੀਆਂ ਨੇ ਘਰ ਦੀਆਂ ਸਾਡੇ, ਸੁਣਦੀਆਂ ਤੈਨੂੰ ਨਾ ਵੇ ਵਾਜਾਂ ਮੇਰੀਆਂ
ਸਾਉਣੋ ਪਹਿਲਾਂ ਨਿੱਤ ਇੱਕ ਵਾਰੀ ਅਸੀਂ ਰੋਈਏ, ਆਉਂਦੀਆਂ ਨੇ ਬੜੀਆਂ ਹੀ ਯਾਦਾਂ ਤੇਰੀਆਂ

ਜਾਨ ਦਿਆ ਮਾਲਕਾ ਨਾ ਦਿਲੋਂ ਮੈਨੂੰ ਦੂਰ ਕਰੀਂ
ਤੇਰੀ ਆਂ ਮੈਂ ਜਨਮਾ ਲਈ ਦਿਲ ਨਾ ਤੂੰ ਚੂਰ ਕਰੀਂ
ਪੈਂਦੇ ਆਏ ਨੇ ਵਿਛੋੜੇ ਮੁੱਢੋਂ ਆਪਣਿਆਂ ਵਿੱਚ,
ਮਿਟ ਜਾਣੇ, ਰੱਬ ਸੁਣੇ ਫਰਿਆਦਾਂ ਮੇਰੀਆਂ
ਸਾਉਣੋ ਪਹਿਲਾਂ ਨਿੱਤ ਇੱਕ ਵਾਰੀ ਅਸੀਂ ਰੋਈਏ, ਆਉਂਦੀਆਂ ਨੇ ਬੜੀਆਂ ਹੀ ਯਾਦਾਂ ਤੇਰੀਆਂ

ਆਖਦੇ ਨੇ ਸ਼ੌਕ ਵਜੋਂ ਬਾਹਰ ਅਸੀਂ ਆਏ
ਮਨ ਵਿੱਚ ਹੁੰਦੇ ਪੌਂਡ ਡਾਲਰ ਨੇ ਛਾਏ
ਨੀਂਦ ਕਦੇ ਖੁੱਲ੍ਹੀ ਹੁੰਦੀ ਕੰਮ ਦੇਆ ਥੱਕਿਆ ਵੇ,
ਜਾਣੀਆਂ ਸੀ ਦਿਖ ਤੈਨੂੰ ਜਾਗਾਂ ਮੇਰੀਆਂ
ਸਾਉਣੋ ਪਹਿਲਾਂ ਨਿੱਤ ਇੱਕ ਵਾਰੀ ਅਸੀਂ ਰੋਈਏ, ਆਉਂਦੀਆਂ ਨੇ ਬੜੀਆਂ ਹੀ ਯਾਦਾਂ ਤੇਰੀਆਂ


Academy of the Punjab in North America - APNA: http://www.apnaorg.com

# ਜੇ ਤੂੰ ਮੈਨੂੰ ਪਿਆਰ ਕਰਦਾ,
# ਸਾਰੀ ਜ਼ਿੰਦਗੀ ਲਵਾਉਂਦੀ ਤੇਰੇ ਨਾਂਅ

ਪਿਆਰ ਚ ਵਿਛੋੜੇ ਦੀ, ਮੈਥੋਂ ਮੁੱਖ ਮੋੜੇ ਦੀ
ਦੱਸ ਕੀ ਸਜ਼ਾ ਦੇਵਾਂ, ਦਿਲ ਮੇਰਾ ਤੋੜੇ ਦੀ
ਤੇਰੇ ਕੀ ਕੀ ਵੇ ਮੈਂ ਦੱਸਦਾਂ ਗੁਨਾਂਹ
ਜੇ ਤੂੰ ਮੈਨੂੰ ਪਿਆਰ ਕਰਦਾ, ਸਾਰੀ ਜ਼ਿੰਦਗੀ ਲਵਾਉਂਦੀ ਤੇਰੇ ਨਾਂਅ

ਤੇਰੇ ਜਿਹਿਆਂ ਪਿਆਰ ਨੂੰ ਏਂ ਕੀਤਾ ਬਦਨਾਮ
ਰੱਬ ਜਿਹੇ ਇਸ਼ਕ ਦਾ ਸੱਚਾ ਸੁੱਚਾ ਨਾਮ
ਤੈਨੂੰ ਕਾਸਤੋਂ ਮੈਂ ਕਰ ਬੈਠੀ ਹਾਂ
ਜੇ ਤੂੰ ਮੈਨੂੰ ਪਿਆਰ ਕਰਦਾ, ਸਾਰੀ ਜ਼ਿੰਦਗੀ ਲਵਾਉਂਦੀ ਤੇਰੇ ਨਾਂਅ

ਤੇਰੇ ਲਈ ਮੈਂ ਸਭ ਕੁਝ ਛੱਡਿਆ ਸੀ ਪਿੱਛੇ
ਤੇਰੇ ਨਾਲ ਜੀਣ ਦੇ ਨਸੀਬ ਨਹੀਂ ਸੀ ਲਿਖੇ
ਵਿੱਚ ਜ਼ਿੰਦਗੀ ਦੇ ਆਉਂਦੀ ਧੁੱਪ ਛਾਂ
ਜੇ ਤੂੰ ਮੈਨੂੰ ਪਿਆਰ ਕਰਦਾ, ਸਾਰੀ ਜ਼ਿੰਦਗੀ ਲਵਾਉਂਦੀ ਤੇਰੇ ਨਾਂਅ

ਜਿੰਨਾ "ਕੁਲਵਿੰਦਰਾ" ਹਾਂ ਤੇਰੇ ਲਈ ਮੈਂ ਰੋਈ
ਮਿਲੇ ਨਾ ਤੈਨੂੰ ਵੀ ਕਿਤੇ ਚੰਦਰਿਆ ਢੋਈ
ਝੱਲੇਂ ਦੁੱਖ ਜਿਵੇਂ ਗਮ ਮੈਂ ਜਰਾਂ
ਜੇ ਤੂੰ ਮੈਨੂੰ ਪਿਆਰ ਕਰਦਾ, ਸਾਰੀ ਜ਼ਿੰਦਗੀ ਲਵਾਉਂਦੀ ਤੇਰੇ ਨਾਂਅ


Academy of the Punjab in North America - APNA: http://www.apnaorg.com

# ਜਿਵੇਂ ਲੋਕੀ ਨੇ ਕਰਦੇ, ਤੂੰ ਤਾਂ ਨਾ ਕਰ ਅੜਿਆ

ਤੂੰ ਦਿਲ ਦਾ ਮਹਿਰਮ ਏਂ, ਤੂੰ ਹੀ ਏ ਸਾਹ ਸੱਜਣਾ
ਮੇਰੀ ਮੰਜਿਲ ਵੀ ਤੂੰ ਹੀ, ਤੂੰ ਹੀ ਏ ਰਾਹ ਸੱਜਣਾ
ਗੱਲ ਕਰ ਨਾ ਦੂਰੀ ਦੀ, ਜਾਵਾਂਗੀ ਮਰ ਅੜਿਆ
ਜਿਵੇਂ ਲੋਕੀ ਨੇ ਕਰਦੇ, ਤੂੰ ਤਾਂ ਨਾ ਕਰ ਅੜਿਆ

ਪਹਿਲਾਂ ਹੀ ਤੱਤੜੀ ਨੇ, ਬੜੇ ਧੋਖੇ ਨੇ ਖਾਧੇ
ਨਿੱਕੀ ਇਸ ਜਿੰਦ ਦੇ ਨਾਲ, ਬੜੇ ਹੋਏ ਘਾਟੇ ਵਾਧੇ
ਅੱਖਾਂ ਵਿੱਚ ਪਾ ਅੱਖਾਂ, ਲੈ ਚਿਹਰਾ ਪੜ੍ਹ ਅੜਿਆ
ਜਿਵੇਂ ਲੋਕੀ ਨੇ ਕਰਦੇ, ਤੂੰ ਤਾਂ ਨਾ ਕਰ ਅੜਿਆ

ਤੂੰ ਲੜ ਵੀ ਪੈਨਾ ਏਂ, ਗੁੱਸੇ ਵੀ ਹੋ ਲੈਨੈਂ
ਮੈਥੋਂ ਤੇਰੀ ਆਖਣ ਦਾ, ਹੱਕ ਵੀ ਤੂੰ ਖੋਹ ਲੈਨੈਂ
ਸਾਡਾ ਹੀ ਨਹੀਂ ਸਰਦਾ, ਤੇਰਾ ਜਾਂਦਾ ਸਰ ਅੜਿਆ
ਜਿਵੇਂ ਲੋਕੀ ਨੇ ਕਰਦੇ, ਤੂੰ ਤਾਂ ਨਾ ਕਰ ਅੜਿਆ

"ਕੁਲਵਿੰਦਰ" ਤੇਰਾ ਨਾਂ, ਲਿਖਿਆ ਏ ਰਗ ਰਗ ਤੇ
ਤੇਰੇ ਬਾਜੋਂ ਕੀ ਕਰਨਾ, ਜੀਅ ਕੇ ਕੱਲੀ ਜੱਗ ਤੇ
ਤੇਰਾ ਹੀ ਆਸਰਾ ਏ, ਨਾ ਛੱਡ ਤੂੰ ਲੜ ਅੜਿਆ
ਜਿਵੇਂ ਲੋਕੀ ਨੇ ਕਰਦੇ, ਤੂੰ ਤਾਂ ਨਾ ਕਰ ਅੜਿਆ


Academy of the Punjab in North America - APNA: http://www.apnaorg.com

## ਤੋਤਾ ਬਣਕੇ ਤੂੰ ਮਾਰ ਗਿਐਂ ਉਡਾਰੀ,
## ਕੋਇਲ ਜਿਆ ਬਣਾਤਾ ਹਾਲ ਵੇ

ਆਸ ਮੁੱਕੇ ਨਾ ਵੇ ਸਾਨੂੰ ਤੇਰੇ ਆਉਣ ਦੀ, ਜਿੰਦ ਮੁੱਕੇ ਪਲ ਪਲ ਵੇ
ਇੱਕ ਵਾਰ 'ਚ ਮੈਂ ਇੰਨੇ ਵਾਰੀ ਤੜਫਾਂ, ਜਿਉਂ ਮੱਛੀ ਬਿਨਾਂ ਜਲ ਤੜਫੇ
ਚੈਨ ਰਤਾ ਵੀ ਨਾ ਦਿਲ ਤਾਈਂ ਮਿਲਦਾ, ਏ ਸਦਾ ਤੇਰੀ ਰਹਿੰਦੀ ਭਾਲ ਵੇ
ਤੋਤਾ ਬਣਕੇ ਤੂੰ ਮਾਰ ਗਿਐਂ ਉਡਾਰੀ, ਕੋਇਲ ਜਿਆ ਬਣਾਤਾ ਹਾਲ ਵੇ

ਤੇਰੇ ਰਾਹਾਂ 'ਚ ਵਿਛਾਈਆਂ ਅਸੀਂ ਪਲਕਾਂ, ਵੇ ਮਿਲੇ ਸੁੱਕੇ ਪੱਤੇ ਹਾਣੀਆਂ
ਬਣੇ ਹਾਉਂਕੇ ਤੇ ਹੰਝੂ ਨੇ ਓਹੋ ਸਾਰੇ, ਜੋ ਚਾਅ ਸੀ ਅਸੀਂ ਰੱਖੇ ਹਾਣੀਆਂ
ਐਨਾ ਹੋ ਗਿਆ ਕਠੋਰ ਦਿਲ ਤੇਰਾ, ਨਾ ਗੱਲ ਕਰੇਂ ਮੇਰੇ ਨਾਲ ਵੇ
ਤੋਤਾ ਬਣਕੇ ਤੂੰ ਮਾਰ ਗਿਐਂ ਉਡਾਰੀ, ਕੋਇਲ ਜਿਆ ਬਣਾਤਾ ਹਾਲ ਵੇ

ਚੱਲ ਆ ਗਏ ਬੜੀ ਦੂਰ ਤੇਰੇ ਨਾਲ ਸੀ, ਤੂੰ ਜਿੱਥੇ ਆ ਕੇ ਹੱਥ ਛੱਡਿਆ
ਸੀ ਸੁਮੰਦਰਾਂ ਤੋਂ ਡੂੰਘੇ ਦਿਲੀਂ ਵਸਦੇ, ਪਤਾ ਨੀ ਕਿੰਝ ਪਲੀਂ ਕੱਢਿਆ
ਭੋਲੇ ਭਾਲੇ ਪੰਛੀ ਅਸੀਂ ਵਿੱਚ ਫਸ ਗਏ, ਜੋ ਸੀ ਤੂੰ ਵਿਛਾਇਆ ਜਾਲ ਵੇ
ਤੋਤਾ ਬਣਕੇ ਤੂੰ ਮਾਰ ਗਿਐਂ ਉਡਾਰੀ, ਕੋਇਲ ਜਿਆ ਬਣਾਤਾ ਹਾਲ ਵੇ

ਤੇਰਾ ਨੀ ਕਸੂਰ "ਕੁਲਵਿੰਦਰਾ", ਵੇ ਇਹ ਤਾਂ ਦਸਤੂਰ ਜੱਗ ਦਾ
ਜਾਂਦਾ ਓਹੀ ਏ ਵਿਛੋੜਿਆਂ 'ਚ ਮਾਰ ਕੇ, ਜੋ ਜਾਨੋਂ ਵੱਧ ਚੰਗਾ ਲੱਗਦਾ
ਸੁੱਖ ਲੋੜਦੀ ਹਾਂ ਤਾਂ ਵੀ ਸਦਾ ਤੇਰੀ, ਵਿੰਗਾ ਨਾ ਕਦੀ ਹੋਵੇ ਵਾਲ ਵੇ
ਤੋਤਾ ਬਣਕੇ ਤੂੰ ਮਾਰ ਗਿਐਂ ਉਡਾਰੀ, ਕੋਇਲ ਜਿਆ ਬਣਾਤਾ ਹਾਲ ਵੇ


Academy of the Punjab in North America - APNA: http://www.apnaorg.com

# ਜਿੰਦ ਦੇਣ ਆਇਆ ਸੀ ਪਿਆਰ ਤੇਰਾ, ਤਨਹਾਈਆਂ ਦੇ ਚੱਲਿਆ

ਪਹਿਲਾਂ ਵੀ ਮੈਂ ਤਾਂ ਕੱਲੀ ਸੀ, ਹੁਣ ਵੀ ਤੂੰ ਕਰ ਗਿਐਂ ਕੱਲੀ ਵੇ
ਉਦੋਂ ਬੇਪਰਵਾਹੀ ਜਿਉਂਦੀ ਸਾਂ, ਹੁਣ ਜੀਵਾਂ ਜਿਉਂ ਕਿਸੇ ਝੱਲੀ ਵੇ
ਸਾਨੂੰ ਅੰਤ ਸਮੇਂ ਤੱਕ ਭੁਗਤਣ ਲਈ ਮਨ ਆਈਆਂ ਦੇ ਚੱਲਿਆ
ਜਿੰਦ ਦੇਣ ਆਇਆ ਸੀ ਪਿਆਰ ਤੇਰਾ, ਤਨਹਾਈਆਂ ਦੇ ਚੱਲਿਆ

ਠੋਕਰ ਲੱਗ ਗਈ ਜਜ਼ਬਾਤਾਂ ਨੂੰ, ਨਾ ਹਰ ਇੱਕ ਤੇ ਵਿਸ਼ਵਾਸ ਰਿਹਾ
ਸੁੱਕੇ ਪੱਤਿਆਂ ਵਰਗੀ ਹੋ ਗਈ, ਜ਼ਿੰਦਗੀ ਵਿੱਚ ਵੀ ਨਾ ਕੁਝ ਖਾਸ ਰਿਹਾ
ਖੁਦ ਸੱਚਾ ਹੋਣ ਲਈ ਝੂਠੀਆਂ ਅੱਜ, ਸਫ਼ਾਈਆਂ ਦੇ ਚੱਲਿਆ
ਜਿੰਦ ਦੇਣ ਆਇਆ ਸੀ ਪਿਆਰ ਤੇਰਾ, ਤਨਹਾਈਆਂ ਦੇ ਚੱਲਿਆ

ਕੀ ਕਰਨਾ ਮੌਤ ਨੂੰ ਗਲ ਲਾ ਕੇ, ਜ਼ਿੰਦਗੀ ਕਿਹੜਾ ਮੌਤ ਤੋਂ ਘੱਟ ਰਹਿਗੀ
ਹੋਣਾ ਮਰਨ ਦਾ ਦੁੱਖ ਵੀ ਘੱਟ ਇਸ ਤੋਂ, ਜਿੱਥੇ ਗਮ ਵਿਛੋੜੇ ਦਾ ਸਹਿਗੀ
ਸਾਥੋਂ ਆਪ ਖੁਆ ਕੇ ਕਸਮਾਂ, ਖੁਦ ਬੇਵਫਾਈਆਂ ਦੇ ਚੱਲਿਆ
ਜਿੰਦ ਦੇਣ ਆਇਆ ਸੀ ਪਿਆਰ ਤੇਰਾ, ਤਨਹਾਈਆਂ ਦੇ ਚੱਲਿਆ

ਚਲ ਵਸਦਾ ਰਹਿ "ਕੁਲਵਿੰਦਰਾ" ਤੂੰ, ਤੇਰੀ ਸਦਾ ਹੀ ਮੈਂ ਸੁੱਖ ਮੰਗਾਂ
ਮੈਂ ਆਪਣੇ ਆਪ ਨੂੰ ਅੱਜ ਵੀ ਤੇਰੀ, ਯਾਦ ਦੇ ਰੰਗ ਵਿੱਚ ਰੰਗਾਂ
ਅਣਜਾਣ ਅਸੀਂ ਸਾਂ ਇਸ਼ਕ ਤੋਂ, ਕਿਉਂ ਗਹਿਰਾਈਆਂ ਦੇ ਚੱਲਿਆ
ਜਿੰਦ ਦੇਣ ਆਇਆ ਸੀ ਪਿਆਰ ਤੇਰਾ, ਤਨਹਾਈਆਂ ਦੇ ਚੱਲਿਆ


Academy of the Punjab in North America - APNA: http://www.apnaorg.com

## ਮੰਜਿਲ ਦੇ ਨੇੜੇ ਪਹੁੰਚ ਕੇ ਹੋਈਆਂ, ਵੱਖੋ ਵੱਖ ਕਿਉਂ ਰਾਹਵਾਂ

ਅੱਖ ਭਰ ਜਾਂਦੀ ਦਿਲ ਰੋ ਪੈਂਦਾ, ਜਦ ਚੇਤੇ ਆ ਜਾਂਵੇ
ਕੀਹਨੂੰ ਕੀ ਦੱਸਾਂ, ਉੱਪਰੋਂ ਹੱਸਾਂ, ਅੰਦਰੋ ਅੰਦਰੀ ਖਾਂਵੇ
ਕੀ ਦੋਸ਼ ਮੇਰਾ ਸੀ ਅੜ੍ਹਿਆ, ਜੋ ਨੇ ਮਿਲੀਆਂ ਇੰਝ ਸਜ਼ਾਵਾਂ
ਮੰਜਿਲ ਦੇ ਨੇੜੇ ਪਹੁੰਚ ਕੇ ਹੋਈਆਂ, ਵੱਖੋ ਵੱਖ ਕਿਉਂ ਰਾਹਵਾਂ

ਹੱਥ ਫੜਕੇ ਇੱਕਠਿਆਂ ਜਿਉਣ ਦੇ ਵਾਅਦੇ, ਸੱਤ ਜਨਮਾਂ ਦੇ ਕੀਤੇ
ਇਹ ਚੰਦਰੇ ਫੱਟ ਜੁਦਾਈਆਂ ਦੇ, ਇੱਕਲਿਆਂ ਨਹੀਂ ਜਾਣੇ ਸੀਤੇ
ਹਿਜ਼ਰ ਦੀ ਧੁੱਪ ਵਿੱਚ ਸੜਨ ਲਈ ਛੱਡਿਆ, ਹੱਥੀਂ ਕਰਕੇ ਛਾਵਾਂ
ਮੰਜਿਲ ਦੇ ਨੇੜੇ ਪਹੁੰਚ ਕੇ ਹੋਈਆਂ, ਵੱਖੋ ਵੱਖ ਕਿਉਂ ਰਾਹਵਾਂ

ਸੌਖਾ ਨਹੀਂ, ਇੱਥੇ ਹਰ ਇੱਕ ਹੀ, ਕੋਈ ਨਾ ਕੋਈ ਦੁੱਖ ਹੰਢਾਵੇ
ਓਨਾਂ ਵੱਖ ਹੋ ਤੜਫੇ, ਜਿੰਨਾ ਦਿਲ ਤੋਂ ਕਿਸੇ ਨੂੰ ਚਾਹਵੇ
ਤਪਦਾ ਰਹੇ ਕਲੇਜ਼ਾ, ਗਲ ਲਾਉਣੇ ਨੂੰ ਉੱਠਦੀਆਂ ਵਾਹਵਾਂ
ਮੰਜਿਲ ਦੇ ਨੇੜੇ ਪਹੁੰਚ ਕੇ ਹੋਈਆਂ, ਵੱਖੋ ਵੱਖ ਕਿਉਂ ਰਾਹਵਾਂ

ਅਕਸਰ ਹੀ ਹੁੰਦਾ ਪਿਆਰ ‘ਚ ਪਹਿਲਾਂ, ਮਿਲਣ ਤੋਂ ਵੱਖ ਹੋ ਜਾਣਾ
ਜੋ ਨੀ ਵਿੱਚ ਕਿਸਮਤ ਦੇ, ਦਿਲ ਵੀ, ਚਾਹੁੰਦਾ ਉਸ ਨੂੰ ਪਾਣਾ
“ਕੁਲਵਿੰਦਰ” ਕਿੱਥੋਂ ਲੱਭ ਲਈਏ, ਨਾ ਕੋਲ ਸਾਡੇ ਸਿਰਨਾਵਾਂ
ਮੰਜਿਲ ਦੇ ਨੇੜੇ ਪਹੁੰਚ ਕੇ ਹੋਈਆਂ, ਵੱਖੋ ਵੱਖ ਕਿਉਂ ਰਾਹਵਾਂ


Academy of the Punjab in North America - APNA: http://www.apnaorg.com

# ਤੂੰ ਆਂਵੇ ਸਾਨੂੰ ਬਹੁਤ, ਕੀ ਅਸੀਂ ਵੀ ਚੇਤੇ ਆਉਂਨੇ ਆਂ

ਸੌਣੋ ਪਹਿਲਾਂ ਇੱਕ ਵਾਰੀ, ਅੱਖ ਭਰ ਦਿੰਦੀ ਤੇਰੀ ਯਾਦ
ਵਸਦਾ ਰਹਿ ਤੂੰ ਸੱਜਣਾ ਸਾਡੀ, ਇਹੋ ਏ ਫਰਿਆਦ
ਸਾਨੂੰ ਤੂੰ ਚੰਗਾ ਲੱਗਦੈਂ, ਭਾਂਵੇ ਅਸੀਂ ਨਾ ਭਾਉਂਨੇ ਆਂ
ਤੂੰ ਆਂਵੇ ਸਾਨੂੰ ਬਹੁਤ, ਕੀ ਅਸੀਂ ਵੀ ਚੇਤੇ ਆਉਂਨੇ ਆਂ

ਖਿੱਚ ਤੇਰੀ ਜੋ ਰੂਹ ਮੇਰੀ ਨੂੰ ਘਟੀ ਨਹੀਂ
ਨਿੱਤ ਨਜ਼ਰ ਤੇਰੀ ਫੋਟੋ ਤੇ ਜਾਣੋ ਹਟੀ ਨਹੀਂ
ਦਿਲ ਮੰਗਦਾ ਖੈਰਾਂ ਤੇਰੀਆਂ, ਜਦ ਵੀ ਰੱਬ ਧਿਆਉਂਨੇ ਆਂ
ਤੂੰ ਆਂਵੇ ਸਾਨੂੰ ਬਹੁਤ, ਕੀ ਅਸੀਂ ਵੀ ਚੇਤੇ ਆਉਂਨੇ ਆਂ

ਖੂਨ ਸਾਡੇ ਵਿੱਚ ਰਚ ਗਿਆ ਸੀ ਇਹ ਪਿਆਰ ਤੇਰਾ
ਜਿੰਦ ਮਰਦੇ ਦਮ ਤੱਕ ਕਰਨਾ ਏਂ ਇੰਤਜਾਰ ਤੇਰਾ
ਖਿਲ ਜਾਂਦਾ ਦਿਲ ਸੁਪਨੇ ਵਿੱਚ ਤੱਕ, ਜਦ ਵੀ ਸੌਂਨੇ ਆਂ
ਤੂੰ ਆਂਵੇ ਸਾਨੂੰ ਬਹੁਤ, ਕੀ ਅਸੀਂ ਵੀ ਚੇਤੇ ਆਉਂਨੇ ਆਂ

ਸਮਝਾਂ ਮੈਂ ਮਜਬੂਰੀ ਤੈਨੂੰ ਹੋਣਾ ਦੂਰ ਪਿਆ
ਚਾਅ ਤੇ ਸਧਰਾਂ ਸਾਡੀਆਂ ਨੂੰ ਵੀ, ਹੋਣਾ ਚੂਰ ਪਿਆ
ਤੂੰ ਰਹਿੰਨੈ ਖੁਸ਼ "ਕੁਲਵਿੰਦਰਾ" ਵੇ ਅਸੀਂ ਮਰ ਮਰ ਜਿਉਂਨੇ ਆਂ
ਤੂੰ ਆਂਵੇ ਸਾਨੂੰ ਬਹੁਤ, ਕੀ ਅਸੀਂ ਵੀ ਚੇਤੇ ਆਉਂਨੇ ਆਂ


Academy of the Punjab in North America - APNA: http://www.apnaorg.com

# ਰਾਤੀਂ ਸੁਪਨੇ ਵਿੱਚ ਮਿਲ ਯਾਰ ਗਿਆ

ਰਾਤੀਂ ਸੁਪਨੇ ਵਿੱਚ ਮਿਲ ਯਾਰ ਗਿਆ, ਭਾਂਵੇ ਵਿਛੜਿਆਂ ਹੋ ਗਏ ਸਾਲ ਓਹਨੂੰ
ਕਿੰਝ ਪਲ ਪਲ ਕੱਟਿਆ ਰੋ ਰੋ ਕੇ, ਗਲ ਲੱਗ ਕੇ ਦੱਸਿਆ ਹਾਲ ਓਹਨੂੰ

ਓਹਨੇਂ ਨੈਣੋਂ ਹੰਝੂ ਪੂੰਝੇ ਸੀ, ਉਂਗਲਾਂ ਦੇ ਪੋਟਿਆਂ ਨਾਲ ਮੇਰੇ
ਦੋਵੇਂ ਹੱਥਾਂ ਨਾਲ ਸੀ ਠੀਕ ਕਰੇ, ਜੋ ਬਿਖਰੇ ਹੋਏ ਸੀ ਵਾਲ ਮੇਰੇ
ਮੁੱਦਤਾਂ ਦੇ ਪਿੱਛੋਂ ਮਿਲਿਆ ਸੀ, ਕਿਉਂ ਜਾਣ ਦੀ ਪੈ ਗਈ ਕਾਹਲ ਓਹਨੂੰ
ਰਾਤੀਂ ਸੁਪਨੇ ਵਿੱਚ ਮਿਲ ਯਾਰ ਗਿਆ, ਭਾਂਵੇ ਵਿਛੜਿਆਂ ਹੋ ਗਏ ਸਾਲ ਓਹਨੂੰ

ਨਾ ਗੱਲਾਂ ਚੋਂ ਸੀ ਰਾਹ ਲੱਭਿਆ, ਸੀ ਕੱਲੀ ਛੱਡ ਕੇ ਤੁਰ ਗਿਆ ਕਿਉਂ
ਖੁਦ ਹੱਥ ਫੜਾ ਮੈਨੂੰ ਤੋਰਿਆ ਸੀ, ਫਿਰ ਰਾਹਾਂ ਚੋਂ ਸੀ ਮੁੜ ਗਿਆ ਕਿਉਂ
ਬਿਰਹੋਂ ਦੀ ਪੀੜ 'ਚ ਝੱਲੀ ਹਾਂ, ਥਾਂ ਥਾਂ ਤੇ ਰਹੀ ਹਾਂ ਭਾਲ ਓਹਨੂੰ
ਰਾਤੀਂ ਸੁਪਨੇ ਵਿੱਚ ਮਿਲ ਯਾਰ ਗਿਆ, ਭਾਂਵੇ ਵਿਛੜਿਆਂ ਹੋ ਗਏ ਸਾਲ ਓਹਨੂੰ

ਮੁੜ ਬਹਿ ਗਈ ਸੁੰਨਿਆਂ ਰਾਹਾਂ ਤੇ, ਜਦ ਹੱਥ ਛੁਡਾ ਕੇ ਦੂਰ ਹੋਇਆ
ਸੀ ਬੁੱਲ੍ਹੀਆਂ ਤੇ ਮੁਸਕਾਨ ਜਿਹੀ, ਪਰ ਅੰਦਰੋ ਅੰਦਰੀ ਚੂਰ ਹੋਇਆ
ਜੇ ਵੱਸ ਚਲਦਾ "ਕੁਲਵਿੰਦਰ" ਤੇ, ਲੈ ਆਉਂਦੀ ਆਪਣੇ ਨਾਲ ਓਹਨੂੰ
ਰਾਤੀਂ ਸੁਪਨੇ ਵਿੱਚ ਮਿਲ ਯਾਰ ਗਿਆ, ਭਾਂਵੇ ਵਿਛੜਿਆਂ ਹੋ ਗਏ ਸਾਲ ਓਹਨੂੰ


Academy of the Punjab in North America - APNA: http://www.apnaorg.com

## ਰੋ ਰੋ ਮੁੱਕ ਗਿਆ ਹਾਣਦਿਆ, ਜੋ ਅੱਖੀਆਂ ਦੇ ਵਿੱਚ ਪਾਣੀ ਸੀ

ਪੱਥਰ ਜਿਹੇ ਹਾਂ ਹੋ ਗਏ ਕੋਈ ਗਮ ਖੁਸ਼ੀ ਨਹੀਂ
ਤੇਰੇ ਛੱਡ ਜਾਣ ਦੇ ਪਿੱਛੋਂ ਜੀਣ 'ਚ ਰੁਚੀ ਨਹੀਂ
ਹੁਣ ਦੀਦ ਤੇਰੀ ਨੂੰ ਤਰਸਾਂ ਵੇ, ਕਦੀ ਦਿਲ ਦੀ ਰਾਣੀ ਸੀ
ਰੋ ਰੋ ਮੁੱਕ ਗਿਆ ਹਾਣਦਿਆ, ਜੋ ਅੱਖੀਆਂ ਦੇ ਵਿੱਚ ਪਾਣੀ ਸੀ

ਤੈਨੂੰ ਜਾਣ ਬੁੱਝ ਨਹੀਂ ਚਾਹਿਆ, ਦਿਲ ਨੂੰ ਆਪੇ ਚੰਗਾ ਲੱਗਿਆ
ਮੈਂ ਬਾਰ ਬਾਰ ਤੈਨੂੰ ਤੱਕਦੀ ਸਾਂ, ਕੀ ਪਾ ਕੇ ਚੋਗਾ ਠੱਗਿਆ
ਪਤਾ ਨਹੀਂ ਕਿੰਝ ਕੁਦਰਤ ਵੱਲੋਂ, ਬਣ ਗਈ ਇਸ਼ਕ ਕਹਾਣੀ ਸੀ
ਰੋ ਰੋ ਮੁੱਕ ਗਿਆ ਹਾਣਦਿਆ, ਜੋ ਅੱਖੀਆਂ ਦੇ ਵਿੱਚ ਪਾਣੀ ਸੀ

ਕੀ ਅੱਲ੍ਹੜਾਂ ਦੀ ਵੀ ਜ਼ਿੰਦਗੀ ਐ, ਦਿਲਦਾਰ ਤੇ ਜਦ ਕੋਈ ਜੋਰ ਨਹੀਂ
ਕਰ ਪਿਆਰ ਸਜ਼ਾ ਜਿਹੜੀ ਮਿਲਜੇ, ਓਹਦੇ ਵਰਗਾ ਦੁੱਖ ਕੋਈ ਹੋਰ ਨਹੀਂ
ਆਪਣਾ ਚੰਗਾ ਬੁਰਾ ਸੋਚਦੀ, ਇੰਨੀ ਵੀ ਨਾ ਸਿਆਣੀ ਸੀ
ਰੋ ਰੋ ਮੁੱਕ ਗਿਆ ਹਾਣਦਿਆ, ਜੋ ਅੱਖੀਆਂ ਦੇ ਵਿੱਚ ਪਾਣੀ ਸੀ

ਤੂੰ ਤਾਂ "ਕੁਲਵਿੰਦਰਾ" ਮਸਤ ਜਿਹਾ, ਤੈਨੂੰ ਫਰਕ ਕੋਈ ਨਾ ਪੈਣਾ
ਤੇਰੇ ਦਿੱਤੇ ਹਰ ਇੱਕ ਗਮ ਦਾ ਤਾਂ, ਦਰਦ ਕੱਲੀ ਨੇ ਸਹਿਣਾ
ਸਾਥ ਛੁਡਾ ਗਏ ਸੱਜਣ, ਟੁੱਟ ਗਈ ਪਿਆਰ ਦੀ ਤਾਣੀ ਸੀ
ਰੋ ਰੋ ਮੁੱਕ ਗਿਆ ਹਾਣਦਿਆ, ਜੋ ਅੱਖੀਆਂ ਦੇ ਵਿੱਚ ਪਾਣੀ ਸੀ



Academy of the Punjab in North America - APNA: http://www.apnaorg.com

# ਅੱਖਾਂ ਰੋਂਦੀਆਂ ਨੇ ਫੋਟੋ ਤੇਰੀ ਦੇਖ ਕੇ,
# ਵਿਚਾਲੇ ਛੱਡ ਜਾਣ ਵਾਲਿਆ

ਕਿੱਥੇ ਚਲੇ ਗਏ ਓਹ ਵਾਅਦੇ
ਸੱਤ ਜਨਮ ਨਿਭਾਉਣ ਦੇ ਇਰਾਦੇ
ਲੁੱਟ ਕੇ ਤੂੰ ਲੈ ਗਿਆ ਏਂ ਖੁਸ਼ੀਆਂ, ਵੇ ਦੁੱਖ ਝੋਲੀ ਪਾਣ ਵਾਲਿਆ
ਅੱਖਾਂ ਰੋਂਦੀਆਂ ਨੇ ਫੋਟੋ ਤੇਰੀ ਦੇਖ ਕੇ, ਵਿਚਾਲੇ ਛੱਡ ਜਾਣ ਵਾਲਿਆ

ਸ਼ੀਸ਼ੇ ਅੱਗੇ ਬੈਠਾਂ, ਚੇਤੇ ਆਉਂਦੇ ਓਹੋ ਪਲ
ਲਾਉਂਦੀ ਹਾਰ ਤੇ ਸਿੰਗਾਰ, ਤੱਕਦਾ ਸੀ ਮੇਰੇ ਵੱਲ
ਵੰਗਾਂ ਬਾਹਾਂ ਵਿੱਚੋਂ ਲੈ ਗਿਐਂ ਚੁਰਾ ਕੇ, ਸੰਧੂਰ ਨੂੰ ਉਡਾਣ ਵਾਲਿਆ
ਅੱਖਾਂ ਰੋਂਦੀਆਂ ਨੇ ਫੋਟੋ ਤੇਰੀ ਦੇਖ ਕੇ, ਵਿਚਾਲੇ ਛੱਡ ਜਾਣ ਵਾਲਿਆ

ਕਦੀ ਕਹਿੰਦਾ ਸੀ ਤੂੰ ਜਾਨ ਮੇਰੀ, ਤੇਰੇ ਐ ਹਵਾਲੇ
ਰੋਂਦੀ ਤੱਤੜੀ ਦੀ ਜਿੰਦ ਤੇਰੇ, ਆਸਰੇ ਨੂੰ ਭਾਲੇ
ਮੂੰਹ ਚ ਆਪਣੇ ਵੀ ਰੋਟੀ ਨਹੀਂਓ ਲੰਘਦੀ, ਮੇਰੇ ਹੱਥੋਂ ਖਾਣ ਵਾਲਿਆ
ਅੱਖਾਂ ਰੋਂਦੀਆਂ ਨੇ ਫੋਟੋ ਤੇਰੀ ਦੇਖ ਕੇ, ਵਿਚਾਲੇ ਛੱਡ ਜਾਣ ਵਾਲਿਆ

ਖੁਸ਼ੀ ਦੇ ਗਿਆ ਕਿਉਂ ਐਨੀ, ਜੇ ਨਾ ਬੋਲ ਸੀ ਪੁਗਾਉਂਣੇ
ਤੇਰੀ ਰੀਝ ਦੇ ਮੈਂ ਸੂਟ ਕੀਹਨੂੰ, ਪਾ ਕੇ ਨੇ ਦਿਖਾਉਂਣੇ
ਨਾਮ ਬਾਂਹ ਤੇ ਖੁਣਵਾਇਆ "ਕੁਲਵਿੰਦਰਾ", ਯਾਦਾਂ ਚੋਂ ਮਿਟਾਣ ਵਾਲਿਆ
ਅੱਖਾਂ ਰੋਂਦੀਆਂ ਨੇ ਫੋਟੋ ਤੇਰੀ ਦੇਖ ਕੇ, ਵਿਚਾਲੇ ਛੱਡ ਜਾਣ ਵਾਲਿਆ


Academy of the Punjab in North America - APNA: http://www.apnaorg.com

# ਤੇਰੀ ਫੋਟੋ ਅੱਗੇ ਬਹਿ ਕੇ, ਰਹਾਂ ਹਾਂਉਕੇ ਭਰਦੀ

ਜਾਨ ਤੋਂ ਵੀ ਪਿਆਰੀ ਚੰਨਾਂ, ਹੋ ਗਈ ਤੇਰੀ ਯਾਦ ਵੇ
ਜੀਣ ਦਾ ਸਹਾਰਾ ਜੋ ਐ, ਤੇਰੇ ਜਾਣ ਬਾਅਦ ਵੇ
ਕੀ ਕੀ ਦੱਸਾਂ ਦਿਲ ਤੇ ਜੋ, ਦੁੱਖ ਜਰਦੀ ਵੇ
ਤੇਰੀ ਫੋਟੋ ਅੱਗੇ ਬਹਿ ਕੇ, ਰਹਾਂ ਹਾਂਉਕੇ ਭਰਦੀ

ਚੇਤੇ ਮੈਨੂੰ ਤੇਰੀ ਹਰ, ਇੱਕ ਇੱਕ ਗੱਲ ਵੇ
ਬੋਲੇ ਨਾ ਤੂੰ ਹੁਣ ਵੇਂਹਦਾ, ਰਹੇਂ ਮੇਰੇ ਵੱਲ ਵੇ
ਖਤ ਨਿੱਤ ਰਹਾਂ ਸਾਰੇ ਮੈਂ, ਪੁਰਾਣੇ ਪੜ੍ਹਦੀ ਵੇ
ਤੇਰੀ ਫੋਟੋ ਅੱਗੇ ਬਹਿ ਕੇ, ਰਹਾਂ ਹਾਂਉਕੇ ਭਰਦੀ

ਪਲ ਭੁੱਲਣੇ ਨਾ ਮੈਨੂੰ ਜੋ, ਬਿਤਾਏ ਤੇਰੇ ਨਾਲ ਵੇ
ਤੇਰੇ ਬਿਨਾਂ ਹੋਇਆ ਕੀ ਮੈਂ, ਦੱਸਾਂ ਮੇਰਾ ਹਾਲ ਵੇ
ਰਾਖ ਹੋ ਗਈ ਹਾਂ ਵਿਛੋੜਿਆਂ ਦੇ, ਵਿੱਚ ਸੜਦੀ ਵੇ
ਤੇਰੀ ਫੋਟੋ ਅੱਗੇ ਬਹਿ ਕੇ, ਰਹਾਂ ਹਾਂਉਕੇ ਭਰਦੀ

ਰਹੀ ਨਾ ਮੈਂ ਖੁਦ ਦੀ ਹਾਂ, ਤੇਰੇ ਨਾਲ ਲਾ ਵੇ
"ਕੁਲਵਿੰਦਰਾ" ਨੇ ਨਾਮ ਤੇਰੇ, ਮੇਰੇ ਸਾਰੇ ਸਾਹ ਵੇ
ਵੱਧ ਜਾਨ ਤੋਂ ਮੈਂ ਤੈਨੂੰ ਹਾਂ, ਪਿਆਰ ਕਰਦੀ ਵੇ
ਤੇਰੀ ਫੋਟੋ ਅੱਗੇ ਬਹਿ ਕੇ, ਰਹਾਂ ਹਾਂਉਕੇ ਭਰਦੀ



Academy of the Punjab in North America - APNA: http://www.apnaorg.com

# ਹੁਣ ਤਾਂਈ ਦੁੱਖ ਨੇ ਸਹਾਰੇ ਜ਼ਿੰਦਗੀ ਦੇ ਵਿੱਚ,
# ਰੱਬਾ ਸਾਡਾ ਦੱਸ ਕੀ ਕਸੂਰ ਵੇ

ਖੁੱਲ੍ਹ ਕੇ ਨਾ ਹੱਸੇ ਅਸੀਂ, ਨਾ ਹੀ ਰੋਏ ਖੁੱਲ੍ਹ ਕੇ
ਹੋਇਆ ਨਾ ਦਿਮਾਗ ਖਾਲੀ, ਦੁੱਖਾਂ ਤਾਂਈ ਭੁੱਲ ਕੇ
ਸੁੱਖ ਦੇਖ ਕੇ ਵੀ ਸਾਡੇ ਕੋਲੋਂ ਮਾਣ ਨਹੀਓਂ ਹੋਏ,
ਕਾਹਤੋਂ ਦੂਰੋਂ ਦੂਰ ਜਾਂਦੇ ਸਾਨੂੰ ਘੂਰ ਵੇ
ਹੁਣ ਤਾਂਈ ਦੁੱਖ ਨੇ ਸਹਾਰੇ ਜਿੰਦਗੀ ਦੇ ਵਿੱਚ, ਰੱਬਾ ਸਾਡਾ ਦੱਸ ਕੀ ਕਸੂਰ ਵੇ

ਨਿੱਕੀ ਹੁੰਦੀ ਦੇ ਸੀ ਹੋਗੇ ਮਾਪੇ ਮੇਰੇ ਦੂਰ, ਵੱਡੀ ਹੋਈ ਤਾਂ ਮਾਹੀ ਨੇ ਦੂਰ ਕਰਿਆ
ਮੁੱਢ ਤੋਂ ਨੀ ਐਸਾ ਕੋਈ ਵਿਛੋੜਿਆਂ ਦਾ ਤੀਰ,
ਜਿਹੜਾ ਦਿਲ ਦੇ ਉੱਤੇ ਨੀ ਅਸੀਂ ਜਰਿਆ
ਤਾਂਹਨੇ ਮੇਹਣੇ ਸੁਣੇ ਮੈਂ ਸ਼ਰੀਕਾਂ ਵਾਲੇ ਰੱਜ, ਹੋਈ ਬੈਠੀ ਹਾਂ ਮੈਂ ਵਿੱਚੋ ਵਿੱਚ ਚੂਰ ਵੇ
ਹੁਣ ਤਾਂਈ ਦੁੱਖ ਨੇ ਸਹਾਰੇ ਜਿੰਦਗੀ ਦੇ ਵਿੱਚ, ਰੱਬਾ ਸਾਡਾ ਦੱਸ ਕੀ ਕਸੂਰ ਵੇ

ਉਡੀਕਾਂ ਵਿੱਚ ਲੰਘੀ ਸਾਰੀ ਉਮਰ ਇਹ ਮੇਰੀ,
ਕਦੇ ਸਾਡੇ ਵੀ ਨੇ ਆਉਣੇ ਚੰਗੇ ਦਿਨ ਵੇ
ਦਲਦਲ ਹਿਜ਼ਰਾਂ ਦੀ ਵਿੱਚੋ ਵਿੱਚ ਲੈ ਗਈ, ਰਾਤਾਂ ਲੰਘੀਆਂ ਨੇ ਤਾਰੇ ਗਿਣ ਗਿਣ ਵੇ
ਝੂਟੀਆਂ ਨੀ ਪੀਘਾਂ ਕਦੀ ਰਲ ਸਖੀਆਂ ਦੇ ਨਾਲ, ਪਿਆ ਜਦ ਅੰਬੀਆਂ ਨੂੰ ਬੂਰ ਵੇ
ਹੁਣ ਤਾਂਈ ਦੁੱਖ ਨੇ ਸਹਾਰੇ ਜਿੰਦਗੀ ਦੇ ਵਿੱਚ, ਰੱਬਾ ਸਾਡਾ ਦੱਸ ਕੀ ਕਸੂਰ ਵੇ

ਇੱਕ ਆਸ ਜਿਹੀ ਜਗੀ ਕੁਲਵਿੰਦਰ ਨੂੰ ਮਿਲ, ਹੋਇਆ ਹੌਂਸਲਾ ਓਹਦੇ ਨਾ ਗੱਲ ਕਰਕੇ
ਲੱਗਿਆ ਏ ਜਿਵੇਂ ਓਹਨੇ ਕੱਲਾ ਕੱਲਾ ਦੁੱਖ ਮੇਰਾ, ਆਪਣੇ ਤੇ ਵੇਖਿਆ ਏ ਜਰ ਕੇ
ਉਪਰੋਂ ਤਾਂ ਅਸੀਂ ਜੀਏ ਹੱਸ ਹੱਸ ਦੁਨੀਆਂ 'ਚ, ਪਰ ਵਸਦੇ ਹਾਂ ਕੱਲੇ ਕੋਹਾਂ ਦੂਰ ਵੇ
ਹੁਣ ਤਾਂਈ ਦੁੱਖ ਨੇ ਸਹਾਰੇ ਜਿੰਦਗੀ ਦੇ ਵਿੱਚ, ਰੱਬਾ ਸਾਡਾ ਦੱਸ ਕੀ ਕਸੂਰ ਵੇ


Academy of the Punjab in North America - APNA: http://www.apnaorg.com

# ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ

ਅੱਖਾਂ ਮੇਰੀਆਂ ਦੇ ਵਿੱਚ ਹੰਝੂ ਭਰ ਕੇ ਗਿਆ ਏ
ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ

ਲੈ ਜਾਂਦੇ ਕਿੱਥੋਂ ਕਿੱਥੇ ਇਹੇ ਜਿੰਦਗੀ ਦੇ ਮੋੜ
ਨਾ ਚਾਹੁੰਦੇ ਹੋਏ ਵੀ ਦਿੱਤਾ ਮਜਬੂਰੀਆਂ ਨੇ ਤੋੜ
ਦਿਲ ਵਿੱਚ ਸੀ ਪਿਆਰ ਉੱਤੋਂ ਲੜ ਕੇ ਗਿਆ ਏ
ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ

ਲੇਖਾਂ ਅੱਗੇ ਸਾਡਾ ਜੋਰ, ਕਿੱਥੇ ਕਿੱਥੇ ਚੱਲ ਜਾਵੇ
ਮਿਲ ਵੱਖ ਹੋਏ ਲੱਖਾਂ, ਆਪੇ ਵਿੱਛੜੇ ਮਿਲਾਵੇ
ਰੱਬ ਦੀਆਂ ਇਹੇ ਖੇਡਾਂ ਸੀਨੇ ਜਰ ਕੇ ਗਿਆ ਏ
ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ

ਹੁਣ ਜੀਅ ਕੇ ਵੀ ਕੀ ਲੈਣਾ, ਬਸ ਮੌਤ ਦੀ ਉਡੀਕ
ਕਦ ਆਉਣੀ ਰੱਬਾ ਦੱਸ, ਇੱਥੋਂ ਜਾਣ ਦੀ ਤਰੀਕ
ਅੱਗ ਹਿਜ਼ਰਾਂ ਦੀ ਵਿੱਚ ਝੱਲਾ ਸੜ ਕੇ ਗਿਆ ਏ
ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ

'ਕੈਲੇ' ਭੁੱਲਣਾ ਨੀ ਮੈਨੂੰ, ਭਾਂਵੇ ਹੋ ਗਏ ਵੱਖੋ ਵੱਖ
ਪਵੇ ਰੂਹਾਂ 'ਚ ਨਾ ਦੂਰੀ, ਪਾ ਲਏ ਜੱਗ ਭਾਂਵੇ ਲੱਖ
"ਕੁਲਵਿੰਦਰ" ਪੱਤੇ ਦੇ ਵਾਂਗੂ ਝੜ ਕੇ ਗਿਆ ਏ
ਕੱਲੇ ਰਹਿਣਾ ਨਹੀਂ ਸੀ ਚਾਹੁੰਦੇ, ਕੋਈ ਕਰ ਕੇ ਗਿਆ ਏ



Academy of the Punjab in North America - APNA: http://www.apnaorg.com

ਨਾ ਕਰ ਇੰਝ ਦਿਲ ਹੌਲਾ, ਲੈ ਸਬਰਾਂ ਤੋਂ ਕੰਮ ਕੁੜੇ
ਤੇਰੇ ਨਾਲ ਸਦਾ "ਕੁਲਵਿੰਦਰ" ਐ, ਇਹ ਗੱਲ ਤੂੰ ਮੰਨ ਕੁੜੇ
ਵੱਧ ਜਾਨ ਤੋਂ ਕਰੇ ਪਿਆਰ ਤਾਂ ਹੀ ਆ, ਦਿਲ ਤੇ ਚੜ੍ਹਦਾ ਏ
ਆ ਜਾਊ ਛੇਤੀ ਢੋਲ ਤੇਰਾ ਇਹ ਵਾਅਦਾ ਕਰਦਾ ਏ


Academy of the Punjab in North America - APNA: http://www.apnaorg.com

# ਹੋਣੀ ਝੱਲ ਨਾ ਘੜੀ, ਦੂਰ ਤੇਰੇ ਮੈਥੋਂ ਜਾਵਣ ਦੀ

ਦਿਨ ਆ ਗਏ ਤੀਆਂ ਦੇ, ਪਰ ਤੂੰ ਜਾਣ ਦੀ ਗੱਲ ਸੁਣਾਈ
ਸੁਣ ਕੇ ਗੱਲ ਦੂਰੀ ਦੀ, ਪੂਰੀ ਰਾਤ ਨੀਂਦ ਨਾ ਆਈ
ਸੁੱਧ ਬੁੱਧ ਭੁੱਲ ਗਈ ਮੇਰੀ, ਮਿਲ ਗਈ ਸਜ਼ਾ ਇਹ ਚਾਹਵਣ ਦੀ
ਹੋਣੀ ਝੱਲ ਨਾ ਘੜੀ, ਦੂਰ ਤੇਰੇ ਮੈਥੋਂ ਜਾਵਣ ਦੀ

ਨਾ ਪਾ ਵਾਸਤੇ ਜਾਨੇ ਨੀ, ਨਾ ਰੋਕ ਤੂੰ ਅੱਜ ਰਕਾਨੇ ਨੀ
ਮੈਨੂੰ ਇੱਕ ਨਾ ਸੌ ਮਜਬੂਰੀਆਂ ਨੇ, ਕੀ ਲਾਵਾਂ ਦੱਸ ਬਹਾਨੇ ਨੀ
ਕੀ ਕਰ ਲਏ ਬੰਦਾ ਅੜੀਆਂ, ਆ ਕਈ ਥਾਂ ਤੇ ਹਰਦਾ ਏ
ਆ ਜਾਊ ਛੇਤੀ ਢੋਲ ਤੇਰਾ, ਇਹ ਵਾਅਦਾ ਕਰਦਾ ਏ

ਪਿਛਲੀ ਵਾਰੀ ਵੀ ਤੂੰ ਸੱਜਣਾ, ਸੀ ਕਿੱਡਾ ਲਾ ਗਿਆ ਲਾਰਾ ਵੇ
ਕਹਿ ਗਿਆ ਸੀ ਬਸ ਦੋ ਤਿੰਨ ਮਹੀਨੇ, ਸਾਲ ਲੰਘਾ ਗਿਆ ਸਾਰਾ ਵੇ
ਮੰਨ ਲੈਂਦੀ ਜੇ ਸੱਚ ਕੀ ਗੱਲ ਸੀ, ਤਰਲੇ ਪਾਵਣ ਦੀ
ਹੋਣੀ ਝੱਲ ਨਾ ਘੜੀ, ਦੂਰ ਤੇਰੇ ਮੈਥੋਂ ਜਾਵਣ ਦੀ

ਉਦੋਂ ਲਿਖੀ ਰਹਿ ਗਈ ਸੀ ਅਰਜ਼ੀ ਤੇ ਹੋ ਗਏ, ਜਾਣ ਦੇ ਆਡਰ ਸੀ
ਕਿੰਝ ਆਖ ਦਿੰਦਾ ਘਰ ਜਾਣਾ, ਜਦ ਖਤਰੇ ਵਿੱਚ ਵਾਰਡਰ ਸੀ
ਯਾਦ ਤੇਰੀ ਸੀਨੇ ਵਿੱਚ ਲੈ, ਵੈਰੀ ਨਾਲ ਲੜਦਾ ਏ
ਆ ਜਾਊ ਛੇਤੀ ਢੋਲ ਤੇਰਾ, ਇਹ ਵਾਅਦਾ ਕਰਦਾ ਏ

ਕਿੰਨੇ ਮਾਂ ਤੇਰੀ ਨਾ ਦਿਨ ਕੱਟਣੇ, ਵੇ ਕਿੰਨਾ ਪੇਕੀਂ ਰਹਿਣਾ ਏ
ਦੱਸ ਜਾ ਦੁੱਖ ਜੁਦਾਈਆਂ ਦਾ ਚਿਰ, ਕਿੰਨਾ ਸਹਿਣਾ ਏ
ਹੰਝੂਆਂ ਨਾਲ ਜਦ ਧੋਣੀ ਲੋੜ ਕੀ, ਮਹਿੰਦੀ ਲਾਵਣ ਦੀ
ਹੋਣੀ ਝੱਲ ਨਾ ਘੜੀ ਦੂਰ ਤੇਰੇ ਮੈਥੋਂ ਜਾਵਣ ਦੀ



Academy of the Punjab in North America - APNA: http://www.apnaorg.com

# ਟੱਪੇ

ਸਾਡੇ ਮੋਰ ਬਨੇਰੇ ਤੇ, ਵੇ ਸਾਡੇ ਮੋਰ ਬਨੇਰੇ ਤੇ
ਤੂੰ ਕਰੇਂ ਜੋ ਵੀ ਚਾਹਵੇਂ ਸੋਹਣਿਆਂ
ਸਾਡਾ ਜੋਰ ਕੀ ਤੇਰੇ ਤੇ

ਸਾਡੇ ਹੱਥਾਂ ਵਿੱਚ ਪੱਖੀਆਂ ਨੇ, ਵੇ ਸਾਡੇ ਹੱਥਾਂ ਵਿੱਚ ਪੱਖੀਆਂ ਨੇ
ਤੂੰ ਕਦੋਂ ਗਲੀ ਵਿੱਚੋਂ ਲੰਘਣਾ
ਅੱਖਾਂ ਬੂਹੇ ਵਿੱਚ ਰੱਖੀਆਂ ਨੇ

ਅੱਗੇ ਤੇਰੇ ਹਾੜਾ ਈ ਓਏ, ਅੱਗੇ ਤੇਰੇ ਹਾੜਾ ਈ ਓਏ
ਨਾ ਐਨਾਂ ਤੜਫਾ ਸੋਹਣਿਆਂ
ਹੁੰਦਾ ਕੰਮ ਇਹੇ ਮਾੜਾ ਈ ਓਏ

ਕੱਲੀ ਛੱਡ ਮੈਨੂੰ ਚੱਲਿਆਂ ਏਂ, ਕੱਲੀ ਛੱਡ ਮੈਨੂੰ ਚੱਲਿਆਂ ਏਂ
ਮੇਰੇ ਨਾ ਵਿਆਹ ਕੇ ਹਾਣੀਆਂ
ਪਰਦੇਸ ਨੂੰ ਘੱਲਿਆਂ ਏਂ

ਬੜਾ ਪਿਆਰ ਮੈਂ ਕਰਦੀ ਆਂ, ਬੜਾ ਪਿਆਰ ਮੈਂ ਕਰਦੀ ਆਂ
ਤੱਕੇਂ ਨਾ ਤੂੰ ਮੈਨੂੰ ਅੜਿਆ
ਵੇ ਮੈਂ ਤੇਰੇ ਉੱਤੇ ਮਰਦੀ ਆਂ


Academy of the Punjab in North America - APNA: http://www.apnaorg.com

## ਪਲਕਾਂ ਨਾ ਝੱਲਾਂ ਪੱਖੀਆਂ

ਵੇ ਪਲਕਾਂ ਨਾ ਝੱਲਾਂ ਪੱਖੀਆਂ, ਵਿੱਚ ਨੈਣਾ ਦੇ ਤੂੰ ਸੌਂ ਜਾ ਦਿਲਦਾਰਾ
ਵੇ ਸੁਰਮੇ ਦੀ ਰਾਤ ਬਣ ਗਈ, ਤੇਰੇ ਵਾਸਤੇ ਸਜਾਇਆ ਏ ਨਜ਼ਾਰਾ
ਵੇ ਪਲਕਾਂ ਨਾ ਝੱਲਾਂ ਪੱਖੀਆਂ ........ਹੋ

ਨੀ ਨੀਂਦ ਹੋਵੇ ਮੇਰੀ ਬੱਲੀਏ, ਵਿੱਚ ਸੁਪਨੇ ਨਜ਼ਾਰੇ ਵੇਖਾਂ ਤੇਰੇ
ਆ ਇੱਕ ਦੂਜੇ ਵਿੱਚ ਖੋ ਜਾਈਏ, ਗਲ ਲੱਗ ਜਾ ਸੋਹਣੀਏ ਮੇਰੇ
ਨੀ ਨੀਂਦ ਹੋਵੇ ਮੇਰੀ ਬੱਲੀਏ...... ਹੋ

ਵੇ ਕਿਹੜਾ ਏ ਤੂੰ ਜਾਦੂ ਕਰਤਾ, ਵੱਧ ਆਪਣੇ ਤੋਂ ਹੋ ਗਈ ਤੇਰੇ ਨੇੜੇ
ਸੀ ਮੁੰਡੇ ਮੇਰਾ ਪਾਣੀ ਭਰਦੇ, ਅੱਜ ਤੇਰੇ ਲਈ ਮੈਂ ਲਾਉਂਦੀ ਫਿਰਾਂ ਗੇੜੇ
ਵੇ ਕਿਹੜਾ ਏ ਤੂੰ ਜਾਦੂ ਕਰਤਾ...... ਹੋ

ਨੀ ਹਾਲੋਂ ਹਾਂ ਬੇਹਾਲ ਹੋ ਗਿਆ, ਚਿੱਤ ਲੱਗਦਾ ਨਾ ਕਰਾਂ ਕੀ ਪੜ੍ਹਾਈਆਂ
ਨਾ ਸਾਥ ਰਿਹਾ ਮੁੰਡਿਆਂ ਦਾ, ਪਹਿਲਾਂ ਵਾਂਗ ਨਾ ਨੇ ਰਹਿਗੀਆਂ ਚੜ੍ਹਾਈਆਂ
ਨੀ ਹਾਲੋਂ ਹਾਂ ਬੇਹਾਲ ਹੋ ਗਿਆ...... ਹੋ

ਵੇ ਇਹੋ ਤਾਂ ਪਿਆਰ ਸੋਹਣਿਆਂ, ਚੇਤਾ ਭੁੱਲੇ ਰੱਖ ਚੀਜ਼ ਨਾ ਧਿਆਵੇ
ਜੇ ਤਾਂਘ ਹੋਵੇ ਮਿਲਣੇ ਦੀ, ਨੀਂਦ ਭੁੱਖ ਤੇ ਪਿਆਸ ਮਰ ਜਾਵੇ
ਵੇ ਇਹੋ ਤਾਂ ਪਿਆਰ ਸੋਹਣਿਆਂ .... ਹੋ

ਨੀ ਆਜਾ ਦੋਵੇਂ ਕਿਤੇ ਮਿਲੀਏ, ਭੁੱਲ ਕੁੜੇ ਦੁਨੀਆਂ ਇਹ ਸਾਰੀ
ਸਾਂਝ ਪਾ ਕੇ ਇਸ਼ਕੇ ਦੀ, ਹਣ ਜਿੰਦਗੀ ਏ ਲੱਗਦੀ ਪਿਆਰੀ
ਨੀ ਆਜਾ ਦੋਵੇਂ ਕਿਤੇ ਮਿਲੀਏ... ਹੋ


Academy of the Punjab in North America - APNA: http://www.apnaorg.com

ਰਹੇ ਫਿਰ ਮਿਲਦੇ, ਗਿਲਦੇ
ਦੁੱਖ ਸਾਂਝੇ ਕੀਤੇ, ਦਿਲ ਦੇ
ਦੋਹਾਂ ਨੇ ਪਾਈਆਂ, ਕਸਮਾਂ
ਤੋੜਨੀਆਂ ਸਾਰੀਆਂ, ਰਸਮਾਂ

ਵਿਆਹ ਕਰਵਾਉਣਾ, ਭੱਜ ਕੇ
ਮਰਾਂਗੇ ਸੀਨੇ, ਲੱਗ ਕੇ
ਹੁਣ ਪਰਵਾਹ ਨਾ, ਜੱਗ ਦੀ
ਹਵਾ ਸੀ ਜੋਸ਼ ਦੀ, ਵਗਦੀ

ਦੋਹਾਂ ਦੀ +2 ਹੋ ਗਈ
ਤੇ ਫਿਰ ਬਾਹਰ ਜਾਣ ਦੀ, ਪਈ
ਛੱਲੀ ਦਾ ਵੀਜ਼ਾ, ਲੱਗਿਆ
ਛੱਲੇ ਨੂੰ ਆਇਲਿਟਸ ਨੇ, ਠੱਗਿਆ

ਬੈਂਡ ਨਾ ਆਏ, ਪੂਰੇ
ਪਿਆਰ ਫਿਰ ਰਹਿ ਗਏ, ਅਧੂਰੇ
ਛੱਲੀ ਵਿੱਚ ਉੱਡਗੀ, ਯੂ.ਕੇ.
ਛੱਲਾ ਇੰਡੀਆ ਵਿੱਚ, ਕੂਕੇ

ਛੱਲਾ ਪਰਦੇਸ ਨੂੰ, ਕੋਸੇ
ਕੀਹਦੇ ਨਾਲ ਕੱਢੇ, ਰੋਸੇ
ਕਿ ਦਿਲ ਨੀ ਲੱਗਦਾ, ਕੱਲਿਆਂ
ਓ ਆਹ ਕੀ ਬਣ ਗਿਆ, ਝੱਲਿਆ.....


Academy of the Punjab in North America - APNA: http://www.apnaorg.com

## ਮੌਡਰਨ ਛੱਲਾ

ਛੱਲਾ ਪੜ੍ਹਦਾ, ਸਕੂਲੇ
ਝੂਲੇ ਇਸ਼ਕ ਦੇ, ਝੂਲੇ
ਛੱਲੇ ਦਾ ਦਿਲ ਨੀ, ਲੱਗਦਾ
ਛੱਲੀ ਦਾ ਹਾਸਾ, ਠੱਗਦਾ

ਦੋਵੇਂ, ਇੱਕ ਦੂਜੇ ਨੂੰ ਤੱਕਦੇ
ਗੱਲ ਨਾ ਕਰਦੇ, ਜਕਦੇ
ਇੱਕ ਦਿਨ ਐਸਾ, ਆਇਆ
ਛੱਲੀ ਨੂੰ ਨੰਬਰ, ਫੜਾਇਆ

ਸ਼ਾਮ ਨੂੰ ਮੈਸਿਜ਼, ਪੜ੍ਹ ਕੇ
ਛੱਲਾ ਨੱਚੇ ਕੋਠੇ, ਚੜ੍ਹ ਕੇ
ਕਾਲ ਕਰ ਕਹਿੰਦਾ, ਪ੍ਰੀਤੀ
ਜਾਨ ਤੁਸੀਂ ਮੇਰੀ, ਲਿੱਤੀ

ਹੋ ਜੀ ਤੁਸੀਂ ਸੋਹਣੇ, ਰੱਜ ਕੇ
ਆਓ ਨਾ ਇੰਨਾ, ਸਜ ਕੇ
ਕਿ ਜੱਗ ਦੀਆਂ ਨਜ਼ਰਾਂ, ਬੁਰੀਆਂ
ਲੱਗਣ ਜਿਉਂ ਤਿੱਖੀਆਂ, ਛੁਰੀਆਂ

ਛੱਲੀ ਨੂੰ ਚੰਗਾ, ਲੱਗਿਆ
ਇਸ਼ਕ ਦਾ ਦੀਵਾ, ਜਗਿਆ
ਫੋਨ ਤੇ ਗੱਲਾਂ, ਕਰਦੇ
ਘਰੋਂ ਚੋਰੀ ਚੋਰੀ, ਡਰਦੇ


Academy of the Punjab in North America - APNA: http://www.apnaorg.com

# ਬੋਲੀਆਂ

ਸ਼ੌਂਕ ਨੱਚਣ ਦਾ ਚੜਿਆ ਤੈਨੂੰ, ਲੁਕ ਲੁਕ ਕਰੇਂ ਇਸ਼ਾਰੇ
ਨੀ ਆ ਗਿੱਧੇ ਵਿੱਚ ਪਾ ਦੇ ਭੜਥੂ, ਹੁਸਨ ਦੀਏ ਸਰਕਾਰੇ
ਬੋਲੀ ਮੈਂ ਪਾ ਦੂੰ, ਤੂੰ ਨੱਚ ਗਿੱਧੇ ਵਿੱਚ ਨਾਰੇ,
ਨੀ ਬੋਲੀ ਮੈਂ ਪਾ ਦੂੰ.......

ਨੱਚਦੇ, ਟੱਪਦੇ, ਹੱਸਦੇ, ਗਾਉਂਦੇ, ਜਿਉਂਦੇ ਰਹਿਣ ਪੰਜਾਬੀ
ਕੁੱਲ ਦੁਨੀਆਂ ਤੋਂ ਵੱਡੇ ਜੇਰੇ, ਰੱਖਦੇ ਟੌਹਰ ਨਵਾਬੀ
ਸੋਹਣੀਆਂ ਕੁੜੀਆਂ ਨੂੰ ਪੱਟਦੇ ਨੈਣ ਸ਼ਰਾਬੀ,
ਸੋਹਣੀਆਂ ਕੁੜੀਆਂ ਨੂੰ...........

ਆਈਆਂ ਮੇਲਣਾਂ ਜਾਗੋ ਦੇ ਵਿੱਚ, ਲੱਗ ਗਈ ਰੌਣਕ ਵਾਹਵਾ
ਬਾਂਹ ਕੱਢ ਕੱਢ ਕੇ ਲਾਵਣ ਗੇੜੇ, ਹੋ ਗਈ ਛਾਵਾ ਛਾਵਾ
ਕੁੜੀਓ ਨੱਚ ਨੱਚ ਕੇ, ਲਿਆ ਤਾ ਮਜ਼ਾ ਵਿਆਹ ਦਾ
ਕੁੜੀਓ ਨੱਚ ਨੱਚ ਕੇ.....

ਕਦੀ ਅੱਗੋਂ ਆਵਦਾਂ, ਕਦੀ ਪਿੱਛੋਂ ਆਂਵਦਾ
ਨੀ ਮੈਂ ਕਾਲਜ਼ ਨੂੰ ਜਾਂਵਾ, ਮੁੰਡਾ ਗੇੜੇ ਲਾਵਦਾਂ.....

ਨਾਲ ਮੇਰੇ ਭਰਜਾਈ, ਵੇ ਮੈਂ ਪਈ ਸਾਂ ਮੁਰਝਾਈ
ਮੈਥੋਂ ਚੁੱਕਿਆ ਨੀ ਗਿਆ ਤੇਰਾ ਫੋਨ ਮੁੰਡਿਆ
ਉੱਤੋਂ ਵੱਜਗੀ ਰੋਮੈਟਿੰਕ ਜਿਹੀ ਟੋਨ ਮੁੰਡਿਆ......


Academy of the Punjab in North America - APNA: http://www.apnaorg.com

# ਤੂੰ ਸ਼ੌਂਕਣ ਗੱਡੀਆਂ ਦੀ, ਜੱਟ ਦੇ ਕੋਲੇ ਹੀਰੋ ਹਾਂਡਾ

ਤੇਰਾ ਹਾਈ ਸਟੇਟਸ ਨੀ, ਬੰਦੇ ਆਮ ਅਸੀਂ ਹਾਂ ਦੇਸੀ
ਤੇਰੇ ਬਿਸਤਰ ਮਖਮਲ ਦੇ, ਲੈ ਕੇ ਸੌਂ ਜਾਈਏ ਅਸੀਂ ਖੇਸੀ
ਪਰ ਰੱਖਿਆ ਰੱਬ ਭਰ ਕੇ ਭਾਵੇਂ, ਛੋਟਾ ਸਾਡਾ ਭਾਂਡਾ
ਤੂੰ ਸ਼ੌਂਕਣ ਗੱਡੀਆਂ ਦੀ, ਜੱਟ ਦੇ ਕੋਲੇ ਹੀਰੋ ਹਾਂਡਾ

ਮਸਾਂ ਛੇ ਸੀ ਕਿੱਲੇ ਨੀ, ਵਿਕ ਗਿਆ ਇੱਕ ਏ ਜਾਨੋਂ ਪਿਆਰਾ
ਮਹਿੰਗਾਈ ਮਾਰ ਗਈ, ਦੱਸ ਕੀ ਕਰ ਲਏ ਜੱਟ ਵਿਚਾਰਾ
ਤੂੰ ਪੌਪਕੌਰਨ ਖਾਵੇਂ, ਸਾਡੇ ਪੱਲੇ ਸੁੱਕਾ ਟਾਂਡਾ
ਤੂੰ ਸ਼ੌਂਕਣ ਗੱਡੀਆਂ ਦੀ, ਜੱਟ ਦੇ ਕੋਲੇ ਹੀਰੋ ਹਾਂਡਾ

ਭਾਂਵੇ ਨਾਲ ਮਰਸਡੀਜ਼ ਦੇ, ਆਪਾਂ ਫੋਟੋ ਨੈੱਟ ਤੇ ਪਾਈ
ਕਿਤੇ ਸੀਰੀਅਸ ਲੈਜੀਂ ਨਾ, ਓਹ ਤਾਂ ਕਿਸੇ ਦੀ ਨਾਲ ਖਿਚਾਈ
ਮੈਂ ਗਲਤੀ ਕਰ ਬੈਠੀ, ਮੈਨੂੰ ਦੇਵੇਂਗੀ ਫਿਰ ਲਾਂਹਬਾ
ਤੂੰ ਸ਼ੌਂਕਣ ਗੱਡੀਆਂ ਦੀ, ਜੱਟ ਦੇ ਕੋਲੇ ਹੀਰੋ ਹਾਂਡਾ

ਹੋ ਕੇ ਮਜਬੂਰ ਕੁੜੇ, ਅਸਾਂ ਨੇ ਤਾਂ ਹੀ ਕਲਮ ਉਠਾਈ
ਤੇਰੇ ਬਾਰੇ ਸੋਚਾਂਗੇ, ਹੋ ਗਈ ਕਦੇ ਜੇ ਸਾਡੀ ਚੜ੍ਹਾਈ
ਲਿਖਤਾਂ ਇੱਕ ਇੱਕ ਕਰਕੇ ਨੀ, ਲਿਖਦਾ ਏ 'ਕੁਲਵਿੰਦਰ' ਜਾਂਦਾ
ਤੂੰ ਸ਼ੌਂਕਣ ਗੱਡੀਆਂ ਦੀ, ਜੱਟ ਦੇ ਕੋਲੇ ਹੀਰੋ ਹਾਂਡਾ


Academy of the Punjab in North America - APNA: http://www.apnaorg.com

ਪੁੱਛਿਆ ਤਾਂ ਉਸ ਦੀ ਪਤਨੀ ਨੇ ਬੱਚੀਆਂ ਬਾਰੇ ਮਾੜਾ ਚੰਗਾ ਬੋਲਣਾ ਸ਼ੁਰੂ ਕਰ ਦਿੱਤਾ ਤੇ ਇਥੋਂ ਤੱਕ ਆਖ ਦਿੱਤਾ ਕਿ ਕੁੜੀਆਂ ਨੂੰ ਕਿਧਰੇ ਛੱਡ ਆਵੇ। ਗੁਰਮੀਤ ਘਰ ਵਿੱਚ ਪਹਿਲਾਂ ਵਰਗਾ ਸੁਖਦ ਮਹੌਲ ਚਾਹੁੰਦਾ ਸੀ।ਉਸ ਨੇ ਸੋਚਿਆ ਕਿ ਬੱਚੀਆਂ ਨੂੰ ਕਿਸੇ ਰਿਸ਼ਤੇਦਾਰੀ ਵਿੱਚ ਛੱਡ ਆਵੇਗਾ ਤੇ ਘਰ ਦਾ ਮਹੌਲ ਠੀਕ ਹੋਣ ਤੇ ਉਹਨਾ ਨੂੰ ਵਾਪਿਸ ਲੈ ਆਵੇਗਾ।ਗੁਰਮੀਤ ਦੋਵੇਂ ਬੱਚੀਆਂ ਨੂੰ ਉਸ ਦੀ ਪਹਿਲੀ ਘਰ ਵਾਲੀ ਦੀ ਭੈਣ ਜਾਨੀ ਕਿ ਉਹਨਾ ਦੀ ਮਾਸੀ ਦੇ ਘਰ ਛੱਡ ਆਉਂਦਾ ਹੈ। ਮਹੀਨਾ-ਕੁ ਲੰਘ ਜਾਣ ਪਿੱਛੋਂ ਉਹ ਦੁਬਾਰਾ ਆਪਣੀਆਂ ਧੀਆਂ ਨੂੰ ਵਾਪਿਸ ਘਰ ਲੈ ਅਉਂਦਾ ਹੈ। ਅਜੇ ਹਫਤਾ ਕੁ ਹੀ ਲੰਘਿਆ ਸੀ ਕਿ ਉਹੀ ਗੱਲਾਂ ਦੁਬਾਰਾ ਸ਼ੁਰੂ ਹੋ ਗਈਆਂ।

ਗੁਰਮੀਤ ਨੇ ਆਪਣੀ ਘਰ ਵਾਲੀ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਇਸ ਔਰਤ ਦੀ ਤਾਂ ਜਿਵੇਂ ਅੱਖ ਹੀ ਬਦਲ ਗਈ ਸੀ। ਉਸ ਦਾ ਐਸਾ ਸਿਰ ਫਿਰਿਆ ਕਿ ਉਸ ਨੇ ਗੁਰਮੀਤ ਨੂੰ ਸਾਫ ਸਾਫ ਕਹਿ ਦਿੱਤਾ ਕਿ ਇਸ ਘਰ ਵਿੱਚ ਜਾਂ ਤਾਂ ਕੁੜੀਆਂ ਰਹਿਣਗੀਆਂ ਤੇ ਜਾਂ ਉਹ। ਇਹ ਫੈਸਲਾ ਉਹ ਆਪ ਕਰ ਲਵੇ ਕਿ ਕਿਸ ਨੂੰ ਰੱਖਣਾ ਹੈ। ਗੁਰਮੀਤ ਸਿੰਘ ਆਪਣੇ ਆਪ ਨੂੰ ਬਹੁਤ ਹੀ ਲਾਚਾਰ ਅਤੇ ਬੇਵਸ ਮਹਿਸੂਸ ਕਰ ਰਿਹਾ ਸੀ।

ਅਗਲੀ ਸਵੇਰ ਮਤਰੇਈ ਮਾਂ ਨੇ ਕੁੜੀਆਂ ਨੂੰ ਮੇਲਾ ਦੇਖਣ ਜਾਣ ਲਈ ਬਹੁਤ ਹੀ ਬਹੁਤ ਹੀ ਪਿਆਰ ਨਾਲ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਮਾਂ ਦੇ ਪਿਆਰ ਦੀਆਂ ਭੁੱਖੀਆਂ ਕੁੜੀਆਂ ਖੁਸ਼ੀ-ਖੁਸ਼ੀ ਸਿਰ ਵਹਾ ਕੇ ਅਤੇ ਨਵੇਂ ਕੱਪੜੇ ਪਾ ਕੇ ਤਿਆਰ ਹੋ ਗਈਆਂ।

ਗੁਰਮੀਤ ਵੀ ਤਿਆਰ ਹੋ ਕੇ ਦੋਵਾਂ ਕੁੜੀਆਂ ਨੂੰ ਸਾਇਕਲ ਤੇ ਬਿਠਾ ਕੇ ਮੇਲਾ ਦੇਖਣ ਲਈ ਚੱਲ ਪਿਆ। ਚੱਲਦੇ ਚੱਲਦੇ ਜਦੋਂ ਪਿੰਡੋਂ ਦੂਰ ਕਿਸੇ ਬੀਆ ਬਾਨ ਜਗ੍ਹਾ ਤੇ ਪਹੁੰਚ ਗਿਆ ਤਾਂ ਕਹਿਣ ਲੱਗਿਆ ਕਿ ਗਰਮੀ ਬਹੁਤ ਜਿਆਦਾ ਹੈ ਤੇ ਸਾਨੂੰ ਥੋੜੀ ਦੇਰ ਆਰਾਮ ਕਰ ਲੈਣਾ ਚਾਹੀਦਾ ਹੈ ਅਤੇ ਓਹ ਇੱਕ ਦਰੱਖਤ ਦੇ ਥੱਲੇ ਸਾਇਕਲ ਖੜਾ ਕਰ ਕੇ ਅਰਾਮ ਕਰਨ ਲਈ ਜਮੀਨ ਤੇ ਲੇਟ ਗਿਆ ਤੇ ਬੱਚੀਆਂ ਨੂੰ ਵੀ ਕੋਲ ਪਾ ਲਿਆ। ਤਪਦੀ ਦੁਪਹਿਰ ਵਿੱਚ ਬੱਚੀਆਂ ਨੂੰ ਠੰਡੀ ਛਾਂਵੇ ਨੀਂਦ ਆ ਗਈ। ਥੋੜੀ ਦੇਰ ਪਿੱਛੋਂ ਜਦੋਂ ਬੱਚੀਆਂ ਨੂੰ ਭੁੱਖ ਲੱਗੀ ਤਾਂ ਉਹਨਾਂ ਦੀ ਅੱਖ ਖੁੱਲ ਗਈ ਤੇ ਕੁਝ ਖਾਣ ਲਈ ਲੱਭਣਾ ਸੁਰੂ ਕਰ ਦਿੱਤਾ। ਉਸ ਜਗਾ ਤੋਂ ਥੋੜੀ ਦੂਰ ਉਹਨਾਂ ਨੂੰ ਕੁਝ ਹੋਰ ਦਰੱਖਤ ਦਿਖਾਈ ਦਿੱਤੇ ਜਿੰਨਾ ਵਿੱਚ ਇੱਕ ਬੇਰੀ ਵੀ ਸੀ। ਬੇਰ ਖਾਣ ਲਈ ਉਹ ਉਸ ਜਗਾ ਤੇ ਗਈਆਂ ਜਿੱਥੇ ਉਹਨਾਂ ਨੇ ਕੁਝ ਡਿੱਗੇ


Academy of the Punjab in North America - APNA: http://www.apnaorg.com

# ਬੇਰੀ ਮਾਂ

**ਸਿੰਘ ਕੁਲਵਿੰਦਰ**

ਬੇਰੀ ਮਾਂ ਸੁਣਨ ਵਿੱਚ ਅਜੀਬ ਹੈ ਪਰ ਉਹਨਾਂ ਦੋਵੇਂ ਬੱਚੀਆਂ ਲਈ ਤਾਂ ਇਹੋ ਸੱਚ ਸੀ। ਗੁਰਮੀਤ ਸਿੰਘ ਦਾ ਵਿਆਹ ਹੋਏ ਨੂੰ ਦੋ ਕੁ ਸਾਲ ਹੋ ਗਏ ਸਨ। ਰੱਬ ਦੀ ਕਿਰਪਾ ਨਾਲ ਉਸ ਦੇ ਘਰ ਦੋ ਬੱਚੀਆਂ ਨੇ ਜਨਮ ਵੀ ਲਿਆ। ਪਰ ਰੱਬ ਦੀ ਕੁਦਰਤ ਨੂੰ ਪਤਾ ਨਹੀਂ ਕੀ ਮੰਨਜੂਰ ਸੀ ਕਿ ਸੁਰਜੀਤ ਕੌਰ ਕੈਂਸਰ ਦੀ ਬਿਮਾਰੀ ਕਾਰਨ ਇਸ ਸੁੱਖਾਂ ਲੱਦੇ ਵੇਹੜੇ ਨੂੰ ਅਲਵਿਦਾ ਕਹਿ ਗਈ। ਗੁਰਮੀਤ ਸਿੰਘ ਨੇ ਆਪਣੀਆਂ ਦੋਵੇਂ ਬੱਚੀਆਂ ਨੂੰ ਮਾਂ ਬਾਪ ਦਾ ਪਿਆਰ ਦਿੱਤਾ ਪਰ ਫਿਰ ਵੀ ਉਸ ਨੂੰ ਲੱਗਦਾ ਸੀ ਕਿ ਉਹ ਮਾਂ ਦਾ ਪਿਆਰ ਦੇਣ ਵਿੱਚ ਅਸਮਰੱਥ ਮਹਿਸੂਸ ਕਰ ਰਿਹਾ ਸੀ।

ਇਹ ਸਭ ਚੱਲਦਿਆਂ ਹੋਇਆਂ ਨਾ ਚਾਹੁੰਦੇ ਹੋਏ ਵੀ ਕੁਝ ਸਕੇ ਸਨੇਹੀਆਂ ਦੀ ਸਲਾਹ ਨਾਲ ਗੁਰਮੀਤ ਸਿੰਘ ਨੇ ਦੂਜਾ ਵਿਆਹ ਕਰਾ ਲਿਆ। ਪਤਾ ਨਹੀਂ ਕਿਉਂ ਜਿਸ ਤਰਾਂ ਬੰਦਾ ਸੋਚਦਾ ਹੈ ਉਸ ਤਰਾਂ ਹੁੰਦਾ ਨਹੀਂ। ਗੁਰਮੀਤ ਨਾਲ ਵੀ ਇਹੋ ਕੁਝ ਹੋਇਆ। ਵਿਆਹ ਤੋਂ ਬਾਅਦ ਪਹਿਲਾ ਸਾਲ ਤਾਂ ਠੀਕ ਰਿਹਾ ਪਰ ਜਦੋਂ ਦੂਜੀ ਵਿਆਹੀ ਆਈ ਪਤਨੀ ਦੇ ਵੀ ਬੱਚੇ ਦਾ ਜਨਮ ਹੋਇਆ ਤਾਂ ਸਭ ਕੁਝ ਇੱਕੋ ਪਲ ਵਿੱਚ ਬਦਲ ਗਿਆ। ਓਸ ਮਾਂ ਦਾ ਪਿਆਰ ਦੋਵੇਂ ਬੱਚੀਆਂ ਲਈ ਮਤਰੇਈ ਮਾਂ ਦੇ ਪਿਆਰ ਵਿੱਚ ਬਦਲ ਗਿਆ। ਗੱਲ ਗੱਲ ਤੇ ਟੋਕਾ ਟਾਕੀ ਅਤੇ ਬੇਵਜਾਹ ਝਿੜਕਾਂ ਤਾਂ ਦੋਵੇਂ ਬੱਚੀਆਂ ਦੀ ਜਿੰਦਗੀ ਦਾ ਹਿੱਸਾ ਬਣ ਗਈਆਂ ਸਨ। ਦੋਵੇਂ ਮਾਸੂਮ ਬੱਚੀਆਂ ਕੋਲੋਂ ਘਰ ਦਾ ਜਿਆਦਾ ਕੰਮ ਲੈਣਾ, ਮਾਰ ਕੁਟਾਈ ਆਮ ਗੱਲ ਹੋ ਗਈ ਸੀ। ਮਾਸੂਮ ਜਿੰਦਾਂ ਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਇਹ ਫਰਕ ਕਿਉਂ ਪੈ ਗਿਆ। ਉਹਨਾ ਨੇ ਤਾਂ ਕਦੀ ਮਤਰੇਈ ਮਾਂ ਲਈ ਆਪਣੇ ਆਪ ਨੂੰ ਮਤਰੇਈਆਂ ਧੀਆਂ ਸਮਝਿਆ ਹੀ ਨਹੀਂ। ਮਾਸੂਮ ਬੱਚੀਆਂ ਵਾਸਤੇ ਮਾਂ ਦਾ ਪਿਆਰ ਤਾਂ ਹੁਣ ਸਾਉਣ ਦੇ ਮਹੀਨੇ ਖੇਤ ਨੂੰ ਲੱਗੀ ਔੜ ਵਰਗਾ ਸੀ।

ਗੁਰਮੀਤ ਤੋਂ ਵੀ ਇਹ ਗੱਲ ਲੁਕੀ ਨਹੀਂ ਸੀ। ਪਰ ਉਹ ਸੋਚਦਾ ਸੀ ਸਮਾਂ ਪੈਣ ਨਾਲ ਸਭ ਕੁਝ ਆਪਣੇ ਆਪ ਠੀਕ ਹੋ ਜਾਵੇਗਾ। ਪਰ ਇਸ ਤਰਾਂ ਨਾ ਹੋਇਆ ਸਮਾਂ ਪੈਣ ਨਾਲ ਤਾਂ ਇਹ ਸਭ ਕੁਝ ਹੋਰ ਵਧ ਗਿਆ।

ਇੱਕ ਦਿਨ ਗੁਰਮੀਤ ਸਿੰਘ ਕੰਮ ਤੋਂ ਥੱਕਿਆ ਹਾਰਿਆ ਸ਼ਾਮ ਵੇਲੇ ਘਰ ਆਇਆ ਤਾਂ ਉਸ ਦੀ ਘਰ ਵਾਲੀ ਪਾਸਾ ਵੱਟ ਕੇ ਬੈਠ ਗਈ। ਗੁਰਮੀਤ ਨੇ



Academy of the Punjab in North America - APNA: http://www.apnaorg.com

ਰੋੜੇ ਇੱਕਠੇ ਕਰ ਕੇ ਘਰ ਬਣਾ ਕੇ ਖੇਡਦੀਆਂ ਦਾ ਦਿਨ ਲੰਘ ਜਾਂਦਾ ਅਤੇ ਰਾਤੀਂ ਬੇਰੀ ਨਾਲ ਲੱਗ ਕੇ ਸੌਂ ਜਾਂਦੀਆਂ। ਉਹਨਾਂ ਮਾਸੂਮਾਂ ਨੂੰ ਤਾਂ ਕੋਈ ਜਾਣਦਾ ਵੀ ਨਹੀਂ ਸੀ ਜਿੱਥੇ ਜਾ ਕੇ ਉਹ ਆਪਣਾ ਦੁੱਖ ਸੁਣਾ ਸਕਣ। ਜੋ ਪਿਆਰ ਉਹਨਾਂ ਨੂੰ ਉਸ ਬੇਰੀ ਨੇ ਦਿੱਤਾ ਉਹ ਉਹਨਾਂ ਦੀ ਮਾਂ ਦੇ ਛੱਡ ਜਾਣ ਪਿੱਛੋਂ ਉਹਨਾਂ ਦੇ ਬਾਪ ਤੋਂ ਵੀ ਨਹੀਂ ਸੀ ਮਿਲਿਆ। ਕੁਝ ਦਿਨ ਲੰਘੇ ਉਹ ਆਪਣੇ ਪਿਤਾ ਨੂੰ ਯਾਦ ਕਰ ਕੇ ਰੋ ਰਹੀਆਂ ਸਨ ਕਿਉਂ ਕਿ ਹੁਣ ਉਹਨਾਂ ਦੀ ਉਡੀਕ ਖਤਮ ਹੋ ਚੁੱਕੀ ਸੀ । ਅਚਾਨਕ ਬੇਰੀ ਵਿੱਚੋਂ ਫਿਰ ਅਵਾਜ਼ ਆਈ ਕਿ ਉਹ ਕਿਉਂ ਰੋ ਰਹੀਆਂ ਹਨ ਉਹਨਾਂ ਨੂੰ ਕੀ ਚਾਹੀਦਾ ਹੈ। ਬੱਚੀਆਂ ਨੂੰ ਪਹਿਲੀ ਵਾਰੀ ਆਪਣੇਪਣ ਦਾ ਅਹਿਸਾਸ ਹੋਇਆ, ਦੋਵਾਂ ਨੇ ਬੇਰੀ ਨੂੰ ਘੁੱਟ ਕੇ ਬਾਹਾਂ ਵਿੱਚ ਲਿਆ ਤੇ ਆਪਣੀ ਕਹਾਣੀ ਸੁਣਾਈ ਤਾਂ ਬੇਰੀ ਨੇ ਬਹੁਤ ਹੀ ਪਿਆਰ ਨਾਲ ਉਹਨਾਂ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਉਹਨਾਂ ਨੂੰ ਕਿਸੇ ਵੀ ਤਰਾਂ ਦਾ ਫਿਕਰ ਕਰਨ ਦੀ ਜਰੂਰਤ ਨਹੀਂ ਉਹ ਉਹਨਾਂ ਦੋਵਾਂ ਦੇ ਨਾਲ ਹੈ। ਦੋਵੇਂ ਬੱਚੀਆਂ ਬੇਰੀ ਦੇ ਨਾਲ ਲੱਗ ਕੇ ਸੌਂ ਗਈਆਂ ਤੇ ਉਹਨਾਂ ਨੂੰ ਆਪਣੇ ਸਿਰ ਥੱਲੇ ਕਿਸੇ ਦੀਆਂ ਵਾਹਵਾਂ ਹੋਣ ਦਾ ਅਹਿਸਾਸ ਹੋਇਆ। ਇਸ ਤਰਾਂ ਲੱਗਿਆਂ ਕਿ ਉਹ ਕਿਸੇ ਇਨਸਾਨ ਦੇ ਨਾਲ ਸੁੱਤੀਆਂ ਹੋਣ। ਜਦੋਂ ਉਹਨਾਂ ਨਾਲ ਰੋਜ਼ਾਨਾ ਇਸੇ ਤਰਾਂ ਹੋਣ ਲੱਗਿਆ ਤਾਂ ਉਹਨਾਂ ਬੇਰੀ ਤੋਂ ਪੁੱਛਿਆ, ਕਿ ਸਾਡੇ ਨਾਲ ਕੌਣ ਸੌਂਦਾ ਹੈ ਜਿਸ ਦੇ ਨਿੱਘ ਨਾਲ ਸਾਨੂੰ ਠੰਡ ਵੀ ਨਹੀਂ ਲੱਗਦੀ ਤੇ ਨੀਂਦ ਵੀ ਬੇਫਿਕਰੀ ਅਤੇ ਬਹੁਤ ਜਿਆਦਾ ਆਉਂਦੀ ਹੈ। ਬੇਰੀ ਨੇ ਦੱਸਿਆ ਕਿ ਉਹ ਦੋਵੇਂ ਉਸੇ ਦੇ ਨਾਲ ਲੱਗ ਕੇ ਹੀ ਸੌਂਦੀਆਂ ਹਨ। ਪਰ ਉਹਨਾਂ ਨੂੰ ਸਿਰ ਹੇਠਾਂ ਵਾਹਵਾਂ ਵਾਲੀ ਗੱਲ ਹਾਲੇ ਵੀ ਸਮਝ ਨਾ ਲੱਗੀ। ਇੱਕ ਦਿਨ ਉਹ ਰਾਤ ਵੇਲੇ ਬੇਰੀ ਨਾਲ ਗੱਲਾਂ ਕਰ ਰਹੀਆਂ ਸਨ ਤੇ ਅਚਾਨਕ ਬੇਰੀ ਤੋਂ ਪੁੱਛਣ ਲੱਗੀਆਂ ਕਿ ਉਹ ਕੌਣ ਹੈ? ਬੇਰੀ ਦੇ ਬਹੁਤ ਟਾਲਣ ਤੇ ਵੀ ਉਹ ਨਾ ਹਟੀਆਂ ਵਾਰ ਵਾਰ ਪੁੱਛਣ ਲੱਗੀਆਂ ਕਿ ਉਹਨਾਂ ਦੋਵਾਂ ਨੂੰ ਉਹ ਇੰਨਾ ਪਿਆਰ ਕਿਉਂ ਕਰਦੀ ਹੈ? ਕਿੱਥੋਂ ਆਈ ਹੈ? ਇਸ ਤਰਾਂ ਦੇ ਕਈ ਸਵਾਲ ਬੇਰੀ ਅੱਗੇ ਰੱਖੇ ਤਾਂ ਬੇਰੀ ਵੀ ਰੋਣ ਲੱਗ ਪਈ। ਤਾਂ ਦੋਵੇਂ ਭੈਣਾਂ ਨੇ ਰੋਣ ਦਾ ਕਾਰਨ ਪੁਛਿਆ ਤਾਂ ਬੇਰੀ ਨੇ ਰੋਂਦੇ ਰੋਂਦੇ ਦੱਸਿਆ ਕਿ ਉਹ ਨਹੀਂ ਦੱਸ ਸਕਦੀ ਕਿ ਉਹ ਕੌਣ ਹੈ, ਕਿੱਥੋਂ ਆਈ ਹੈ ਪਰ ਬੱਚੀਆਂ ਦੇ ਜਿੱਦ ਕਰਨ ਤੇ ਬੇਰੀ ਨੇ ਕਿਹਾ ਕਿ ਉਹ ਉਹਨਾਂ ਦੀ ਵਿਛੜੀ ਹੋਈ ਮਾਂ ਹੈ, ਇੰਨੀ ਗੱਲ ਸੁਣਦੇ ਹੀ ਬੱਚੀਆਂ ਧਾਂਹਾਂ ਮਾਰ ਕੇ ਰੋਂਦੀਆਂ ਨੇ ਬੇਰੀ ਨੂੰ ਘੁੱਟ ਕੇ ਜੱਫੀ ਪਾ ਲਈ। ਬੇਰੀ ਨੇ ਵੀ ਗਲ ਲਾ ਕੇ ਰੋਂਦਿਆਂ ਦੱਸਿਆ ਕਿ ਉਹਨਾਂ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਹੀ ਪਰਮਾਤਮਾਂ ਨੂੰ ਫਰਿਆਦ ਕੀਤੀ ਕਿ ਭਾਂਵੇ ਮੈਂ ਪਹਿਲ ਜਨਮ ਵਿੱਚ ਉਹਨਾਂ ਨੂੰ ਪਿਆਰ ਨਾ ਦੇ ਸਕੀ ਪਰ ਇੱਕ ਬੇਰੀ ਦੇ ਰੂਪ ਵਿੱਚ ਹੀ ਮੈਨੂੰ ਬੱਚੀਆਂ ਨੂੰ ਆਪਣੀ ਮਮਤਾ ਦੇਣਾ ਚਾਹੁੰਦੀ ਹਾਂ ਤਾਂ ਓਸ ਰੱਬ ਨੇ ਕਿਸੇ ਤਰਾਂ ਦਾ ਬਹਾਨਾ ਬਣਾ


Academy of the Punjab in North America - APNA: http://www.apnaorg.com

ਹੋਏ ਬੇਰ ਖਾਧੇ ਜਿੰਨਾ ਵਿੱਚ ਤੋਤਿਆਂ ਦੁਅਰਾ ਟੁੱਕੇ ਹੋਏ ਆਪ ਖਾਧੇ ਅਤੇ ਜੋ ਸਾਫ ਸਨ ਉਹ ਆਪਣੇ ਪਿਤਾ ਵਾਸਤੇ ਰੱਖੇ, ਦਿਨ ਛਿਪ ਰਿਹਾ ਸੀ ਪਰ ਉਹਨਾਂ ਨੂੰ ਆਪਣਾ ਪਿਤਾ ਇੱਕ ਕੱਪੜਾ ਉੱਪਰ ਲੈ ਕੇ ਲੇਟਿਆ ਨਜ਼ਰ ਆ ਰਿਹਾ ਸੀ। ਜਦੋਂ ਮੂੰਹ ਹਨੇਰਾ ਹੋਇਆ ਤਾਂ ਉਹ ਵਾਪਿਸ ਉਸ ਜਗਾ ਤੇ ਆਈਆਂ ਜਿੱਥੇ ਉਹਨਾਂ ਦਾ ਪਿਤਾ ਸੁੱਤਾ ਹੋਇਆ ਸੀ। ਉਹਨਾਂ ਨੇ ਜਦ ਸਾਫਾ ਪਰਾਂ ਕੀਤਾ ਤਾਂ ਕੀ ਵੇਖਦੀਆਂ ਕਿ ਪਿਤਾ ਦੀ ਜਗਾ ਕੁਝ ਲੱਕੜਾਂ ਪਈਆਂ ਸਨ ਜਿੰਨਾ ਨੂੰ ਉਹ ਆਪਣਾ ਪਿਤਾ ਸਮਝ ਕੇ ਓਸ ਲਈ ਬੇਰ ਇੱਕਠੇ ਕਰੀ ਗਈਆਂ। ਉੱਪਰੋਂ ਰਾਤ ਪੈ ਰਹੀ ਸੀ ਅਤੇ ਆਪਣੇ ਪਿਤਾ ਦੇ ਨਾ ਦਿਖਾਈ ਦੇਣ ਦੇ ਦੁੱਖ ਵਿੱਚ ਉੱਚੀ ਉੱਚੀ ਰੋ ਰਹੀਆਂ ਸਨ। ਰਾਤ ਪਲ ਪਲ ਵਧ ਰਹੀ ਸੀ ਹਨੇਰੇ ਦਾ ਡਰ ਵੱਢ ਵੱਢ ਖਾ ਰਿਹਾ ਸੀ ਅਤੇ ਨਾ ਕੋਈ ਸਹਾਰਾ ਅਤੇ ਨਾ ਆਸ ਪਾਸ ਕੋਈ ਘਰ ।ਆਪਣੇ ਆਸਰੇ ਦੀ ਭਾਲ ਵਿੱਚ ਉਹ ਤੁਰਦੀਆਂ ਤੁਰਦੀਆਂ ਫਿਰ ਉਸੇ ਬੇਰੀ ਕੋਲ ਚਲੀਆਂ ਗਈਆਂ ਜਿੱਥੇ ਉਹਨਾਂ ਨੇ ਦੁਪਹਿਰ ਵੇਲੇ ਬੇਰ ਖਾਧੇ ਸਨ। ਦੋਵੇਂ ਭੈਣਾਂ ਬੇਰੀ ਦੇ ਨਾਲ ਲੱਗ ਕੇ ਬੈਠ ਗਈਆਂ ਤੇ ਰੋਦੀਆਂ ਰੋਦੀਆਂ ਸੌਂ ਗਈਆਂ।ਪਰ ਜੋ ਕੁਦਰਤ ਦਾ ਪਿਆਰ ਉਹਨਾਂ ਨੂੰ ਬੇਰੀ ਦੇ ਰੂਪ ਵਿੱਚ ਮਿਲਿਆ ਸੀ ਉਹ ਬਨਾਵਟੀ ਮਨੁੱਖੀ ਪਿਆਰ ਤੋਂ ਕਿਤੇ ਵੱਧ ਚੰਗਾ ਸੀ। ਰੋਜ ਵਾਂਗ ਸੱਜਰੇ ਤੜਕੇ ਬੱਚੀਆਂ ਦੀ ਅੱਖ ਖੁੱਲ੍ਹੀ ਜਿਸ ਤਰਾਂ ਉਹਨਾਂ ਨੂੰ ਸਵੇਰੇ ਉੱਠ ਕੇ ਘਰ ਦਾ ਸਾਰਾ ਕੰਮ ਕਰਨਾ ਪੈਂਦਾ ਸੀ ਉਸੇ ਆਦਤ ਨਾਲ ਉਹਨਾਂ ਨੇ ਉੱਠ ਕੇ ਬੇਰੀ ਹੇਠੋਂ ਪੱਤਿਆਂ ਤੇ ਕੰਡਿਆਂ ਨੂੰ ਕਿਸੇ ਬੂਟੇ ਦੀ ਟਾਹਣੀ ਦਾ ਝਾੜੂ ਬਣਾ ਕੇ ਸਫਾਈ ਕੀਤੀ ਤੇ ਨੇੜੇ ਦੇ ਤਲਾਬ ਤੋਂ ਪਾਣੀ ਲਿਆ ਕੇ ਛਿੜਕਿਆ ਅਤੇ ਬੇਰੀ ਨੂੰ ਪਾਣੀ ਪਾਇਆ । ਦੋਵੇਂ ਬੱਚੀਆਂ ਆਪਣੇ ਪਿਤਾ ਨੂੰ ਫਿਰ ਆਲੇ ਦੁਆਲੇ ਲੱਭਣ ਲੱਗੀਆਂ ਜਦ ਕਿਤੇ ਵੀ ਨਾ ਦਿਖਿਆ ਤਾਂ ਬੇਰੀ ਹੇਠਾਂ ਬੈਠ ਕੇ ਰੋਣ ਲੱਗੀਆਂ ਇੰਨੇ ਨੂੰ ਉਹਨਾਂ ਨੂੰ ਉਸ ਜਗਾ ਤੋਂ ਇੱਕ ਅਵਾਜ਼ ਸੁਣਾਈ ਦਿੱਤੀ ਜੋ ਕਹਿ ਰਹੀ ਸੀ ਕਿ ਬੇਟਾ ਕੀ ਤੁਹਾਨੂੰ ਭੁੱਖ ਲੱਗੀ ਹੈ? ਰਾਤ ਦੀਆਂ ਭੁੱਖੀਆਂ ਬੱਚੀਆਂ ਨੇ ਸਿਰ ਹਾਂ ਦੇ ਰੂਪ ਵਿੱਚ ਹਿਲਾਏ ਜਦੋਂ ਉਹਨਾਂ ਨੇ ਆਸੇ ਪਾਸੇ ਵੇਖਿਆ ਤਾਂ ਕੋਈ ਵੀ ਨਹੀਂ ਸੀ ਫਿਰ ਉਹਨਾਂ ਨੂੰ ਸੁਣਾਈ ਦਿੱਤਾ ਕਿ ਨੇੜੇ ਦੇ ਤਲਾਬ ਕੋਲ ਕੁਝ ਫਲਾਂ ਦੇ ਦਰਖਤ ਹਨ ਉਹ ਫਲਾਂ ਨੂੰ ਪੱਤਿਆਂ ਹੇਠਾਂ ਢਕ ਕੇ ਇੱਥੇ ਲੈ ਕੇ ਆਣ । ਉਹਨਾਂ ਨੇ ਉਸੇ ਤਰਾਂ ਕੀਤਾ ਜਦ ਉਹਨਾਂ ਨੇ ਬੇਰੀ ਕੋਲ ਆ ਕੇ ਫਲਾਂ ਤੋਂ ਪੱਤੇ ਚੁੱਕੇ ਤਾਂ ਉਹ ਖਾਣੇ ਦਾ ਰੂਪ ਧਾਰ ਚੁੱਕੇ ਸਨ। ਉਹਨਾਂ ਨੇ ਪਹਿਲੀ ਵਾਰ ਰੱਜ ਕੇ ਖਾਣਾ ਖਾਧਾ। ਉਸ ਸਮੇਂ ਉਹਨਾਂ ਕੋਲ ਕੇਵਲ ਇੱਕ ਇੱਕ ਸਹਾਰਾ ਸੀ ਜੋ ਕਿ ਉਹਨਾਂ ਦੀਆਂ ਭਾਵਨਾਵਾਂ ਨੂੰ ਜਾਣ ਸਕਦੀ ਸੀ ਤੇ ਸਮਝ ਸਕਦੀ ਸੀ ਉਹ ਸੀ ਬੇਰੀ। ਉਹਨਾਂ ਨੂੰ ਬੇਰੀ ਨਾਲ ਇੱਕ ਮੋਹ ਜਿਹਾ ਹੋ ਗਿਆ। ਉਹ ਜਦ ਵੀ ਬੈਠਦੀਆਂ ਉਸੇ ਦੇ ਨਾਲ ਲੱਗ ਕੇ ਬੈਠਦੀਆਂ।ਆਲੇ ਦੁਆਲਿਓਂ ਕੁਝ ਇੱਟਾਂ


Academy of the Punjab in North America - APNA: http://www.apnaorg.com

**ਸਾਬ੍ਹੀ ਸੁਖੀਆ ਨੰਗਲ**
ਕਲੋਨਾ, ਕੈਨੇਡਾ
ਮੋਬਾਇਲ : +1 250 307 6642
email : sahbi_khera@yahoo.ca


Academy of the Punjab in North America - APNA: http://www.apnaorg.com

ਕੇ ਤੁਹਨੂੰ ਮੇਰੇ ਕੋਲ ਭੇਜਿਆ। ਓਸ ਵੇਲੇ ਰੋਂਦੀਆਂ ਦੇ ਮੂੰਹੋਂ ਸਿਰਫ ਇੱਕੋ ਸ਼ਬਦ ਬਾਰ ਬਾਰ ਨਿੱਕਲ ਰਿਹਾ ਸੀ "ਬੇਰੀ ਮਾਂ" ਬੇਰੀ ਮਾਂ...।



Academy of the Punjab in North America - APNA: http://www.apnaorg.com

# ਤੇਰੀ ਜਿੰਦ ਪਰਦੇਸਣ ਨੇ, ਬੰਦਿਆ ਉੱਡ ਵਤਨਾ ਨੂੰ ਜਾਣਾ

ਜਦ ਚੌਂਹ ਭਾਈਆਂ ਨੇ ਚੁੱਕ ਲੈਣਾ, ਸਾਰੇ ਰਿਸ਼ਤੇਦਾਰਾਂ ਰੋ ਲੈਣਾ
ਸਭ ਭੁੱਲ ਜਾਣੇ ਤੈਨੂੰ ਸਾਕ ਤੇਰੇ, ਜਦ ਦੇਹ ਆਪਣੀ ਨੂੰ ਖੋ ਲੈਣਾ
ਤੇਰੇ ਪੱਲੇ ਨੇਕੀ ਰਹਿ ਜਾਣੀ, ਇਹੇ ਵਰਤ ਜਾਣਾ ਜਦ ਭਾਣਾ
ਤੇਰੀ ਜਿੰਦ ਪਰਦੇਸਣ ਨੇ, ਬੰਦਿਆ ਉਡ ਵਤਨਾ ਤੋਂ ਜਾਣਾ

ਹੱਸ ਹੱਸ ਜਿੰਨ੍ਹਾਂ ਨੂੰ ਕਹਿੰਦਾ ਸੀ, ਮੇਰੇ ਪੁੱਤ ਪੜੋਤੇ
ਕਰ ਨਾ ਸਕਣਾ ਕੁਝ ਤੇਰੇ ਲਈ, ਰਹਿ ਜਾਣੇ ਸਭ ਖੜੋਤੇ
ਪੈਸੇ ਧੇਲੇ, ਕੋਠੀਆਂ ਗੱਡੀਆਂ, ਛੁੱਟ ਜੂ ਪੀਣਾ ਖਾਣਾ
ਤੇਰੀ ਜਿੰਦ ਪਰਦੇਸਣ ਨੇ, ਬੰਦਿਆ ਉਡ ਵਤਨਾ ਤੋਂ ਜਾਣਾ

ਨਾ ਤੂੰ ਜਪਦੈਂ ਨਾਮ ਤੇ ਨਾ ਹੀ, ਜਾਂਵੇ ਗੁਰੂਦੁਆਰੇ
ਵਹੀ ਕੱਢ ਰੱਬ ਲੇਖਾ ਮੰਗੂ, ਕੀਤੇ ਕਰਮ ਜੋ ਮਾੜੇ
ਹਰ ਇੱਕ ਨੂੰ ਪੈਂਦਾ ਹੈ ਆਪਣੇ, ਕਰਮਾ ਦਾ ਫ਼ਲ ਪਾਣਾ
ਤੇਰੀ ਜਿੰਦ ਪਰਦੇਸਣ ਨੇ, ਬੰਦਿਆ ਉਡ ਵਤਨਾ ਤੋਂ ਜਾਣਾ

ਕੂੜ ਪਸਾਰੇ ਵਿੱਚ ਤੂੰ, ਹਰ ਦਮ ਫਸਿਆ ਰਹਿਣਾ
ਲੱਗ ਜਾ ਗੁਰਾਂ ਦੇ ਚਰਨੀ, ਤੈਨੂੰ 'ਸਾਬ੍ਹੀ' ਏ ਕਹਿਣਾ
'ਸੁਖੀਆ ਨੰਗਲੀ' ਨਾਲ ਰਲ ਕੇ ਗੁਣ ਗਿੱਲ ਨੇ ਗਾਉਣਾ
ਤੇਰੀ ਜਿੰਦ ਪਰਦੇਸਣ ਨੇ, ਬੰਦਿਆ ਉਡ ਵਤਨਾ ਤੋਂ ਜਾਣਾ


Academy of the Punjab in North America - APNA: http://www.apnaorg.com

# ਵਾਹਿਗੁਰੂ ਵਾਹਿਗੁਰੂ ਬੋਲ

ਤੂੰ ਮੇਰੀ ਮੇਰੀ ਕਰਦਾ ਬੰਦਿਆ
ਨਾ ਖੋਦਾਂ ਤੋਂ ਡਰਦਾ ਬੰਦਿਆ
ਇਕ ਦਿਨ ਤੈਨੂੰ ਜਾਣਾ ਪੈਣਾ, ਕਰਕੇ ਬਿਸਤਰਾ ਗੋਲ
ਕਰ ਸਿਮਰਨ ਦੋ ਘੜੀਆਂ, ਓ ਬੰਦਿਆ ਵਾਹਿਗੁਰੂ ਵਾਹਿਗੁਰੂ ਬੋਲ

ਗੁਰੂ ਨਾਨਕ ਦੀ ਬਾਣੀ ਪੜ੍ਹ ਲੈ, ਜੇ ਭਵ ਸਾਗਰ 'ਚੋਂ ਤਰਨਾ
ਧੁਰ ਕੀ ਬਾਣੀ ਬਾਜੋਂ ਬੰਦਿਆ, ਤੇਰਾ ਕਿਸੇ ਨੇ ਹੱਥ ਨਹੀਂ ਫੜਨਾ
ਜਿਸ ਮਾਇਆ ਦੇ ਪਿੱਛੇ ਭੱਜਦੈਂ, ਰਹਿਣੀ ਨਹੀਂ ਤੇਰੇ ਕੋਲ
ਕਰ ਸਿਮਰਨ ਦੋ ਘੜੀਆਂ, ਓ ਬੰਦਿਆ ਵਾਹਿਗੁਰੂ ਵਾਹਿਗੁਰੂ ਬੋਲ

ਉਠ ਕੇ ਅੰਮ੍ਰਿਤ ਵੇਲੇ ਬੰਦਿਆ, ਨਾਮ ਗੁਰਾਂ ਦਾ ਲੈ ਲੈ
ਜਾ ਕੇ ਗੁਰੂਦੁਵਾਰੇ ਉਹ ਤੂੰ, ਸੰਗਤ ਦੇ ਵਿੱਚ ਬਹਿ ਲੈ
ਸੱਚ ਦੇ ਮਾਰਗ ਉੱਤੇ ਚੱਲ ਲੈ, ਨਾ ਝੂਠੀਆਂ ਸ਼ਾਨਾ ਟੋਲ
ਕਰ ਸਿਮਰਨ ਦੋ ਘੜੀਆਂ, ਓ ਬੰਦਿਆ ਵਾਹਿਗੁਰੂ ਵਾਹਿਗੁਰੂ ਬੋਲ

ਜੇ ਗੇੜ ਚੁਰਾਸੀ ਕੱਟਣਾ ਚਾਹੁੰਦਾ, ਯਾਦ ਗੁਰਾਂ ਨੂੰ ਕਰ ਲੈ
ਇਸ ਭਾਰੀ ਪੰਡ ਪਾਪਾਂ ਦੀ ਨੂੰ ਤੂੰ, ਥੋੜੀ ਹੌਲੀ ਕਰ ਲੈ
ਜੇ ਜਮਾ ਤੋਂ ਛੁੱਟਣਾ ਚਾਹਵੇਂ, ਤਾਂ ਨਾਮ ਗੁਰਾਂ ਦਾ ਬੋਲ
ਕਰ ਸਿਮਰਨ ਦੋ ਘੜੀਆਂ, ਓ ਬੰਦਿਆ ਵਾਹਿਗੁਰੂ ਵਾਹਿਗੁਰੂ ਬੋਲ

ਏਸ ਇਲਾਹੀ ਬਾਣੀ ਬਾਜੋਂ, ਨਾ ਪਾਰ ਕਿਸੇ ਨੇ ਲਾਉਂਣਾ
'ਸੁਖੀਆ ਨੰਗਲ' ਵਾਲੇ ਨੇ ਵੀ ਜਸ ਓਸੇ ਦਾ ਗਾਉਣਾ
ਜਨਮ ਹੀਰਾ ਅਨਮੋਲ ਏ "ਸਾਬ੍ਹੀ", ਮਿੱਟੀ ਵਿੱਚ ਨਾ ਰੋਲ
ਕਰ ਸਿਮਰਨ ਦੋ ਘੜੀਆਂ, ਓ ਬੰਦਿਆ ਵਾਹਿਗੁਰੂ ਵਾਹਿਗੁਰੂ ਬੋਲ


Academy of the Punjab in North America - APNA: http://www.apnaorg.com

# ਇੱਕ ਵੀਰਾ ਦੇ ਦਿਓ ਦਾਤਾ ਜੀ

ਇੱਕ ਭੈਣ ਅਰਦਾਸਾਂ ਕਰਦੀ ਏ, ਤੇਰੇ ਦਰ ਤੋਂ ਝੋਲੀ ਭਰਨ ਲਈ
ਗੱਲ ਵੱਸ ਤੋਂ ਮੇਰੇ ਬਾਹਰ ਹੋਈ, ਮਜ਼ਬੂਰ ਹੋਈ ਹਾਂ ਅੜਨ ਲਈ
ਨਾਲੇ ਅਰਦਾਸਾਂ ਕਰਦੀ ਏ, ਨਾਲੇ ਅੱਖੀਓਂ ਹੰਝੂ ਕੇਰੇ
ਇੱਕ ਵੀਰਾ ਦੇ ਦਿਓ ਦਾਤਾ ਜੀ, ਅਰਦਾਸ ਕਰਾਂ ਦਰ ਤੇਰੇ

ਘਰ ਭਰ ਜਾਊ ਮੇਰਾ ਖੁਸ਼ੀਆਂ ਨਾਲ, ਜਦ ਗੋਦੀ ਚੱਕ ਖਿਡਾਵਾਂਗੀ
ਓਹਨੂੰ ਵੇਹੜੇ ਵਿੱਚ ਰੁੜ੍ਹਦਾ ਤੱਕ ਕੇ, ਮੈਂ ਫੁੱਲੀ ਨਾ ਸਮਾਵਾਂਗੀ
ਬਾਪੂ ਵੀ ਖੁਸ਼ ਹੋ ਜਾਵੇਗਾ, ਮਾਂ ਕਰਨੇ ਚਾਅ ਬਥੇਰੇ
ਇੱਕ ਵੀਰਾ ਦੇ ਦਿਓ ਦਾਤਾ ਜੀ, ਅਰਦਾਸ ਕਰਾਂ ਦਰ ਤੇਰੇ

ਓਹਦੇ ਵਿਆਹ ਦੀ ਰਹਿਣੀ ਉਡੀਕ ਮੈਨੂੰ, ਸ਼ਗਨਾ ਦੇ ਗਾਨੇ ਬੰਨ੍ਹਾਗੀ
ਭਾਂਵੇ ਛੋਟਾ ਮੈਥੋਂ ਹੋਵੇਗਾ, ਡਰ ਵੱਡਿਆਂ ਵਾਂਗੂ ਮੰਨਾਗੀ
ਵੀਰਾਂ ਦੀ ਪੱਗ ਹੱਥ ਭੈਣਾ ਦੇ, ਕੋਈ ਆਂਚ ਨਾ ਆਊ ਨੇੜੇ
ਇੱਕ ਵੀਰਾ ਦੇ ਦਿਓ ਦਾਤਾ ਜੀ, ਅਰਦਾਸ ਕਰਾਂ ਦਰ ਤੇਰੇ

ਮੇਰੀ ਨੇੜੇ ਹੋ ਕੇ ਅਰਜ਼ ਸੁਣੋਂ, ਐਵੇਂ ਨਾ ਮਿੰਨਤਾਂ ਕਰਦੀ ਹਾਂ
ਕਿਤੇ ਭੈਣ ਮੇਰੀ ਮਰ ਜਾਵੇ ਨਾ, ਮੈਂ ਏਸੇ ਗੱਲੋਂ ਡਰਦੀ ਹਾਂ
'ਸਾਬ੍ਰੀ' ਢੋਈ ਮਿਲਣੀ ਨਾ, ਧੀਆਂ ਕਤਲ ਨੇ ਕਰਦੇ ਜਿਹੜੇ
ਇੱਕ ਵੀਰਾ ਦੇ ਦਿਓ ਦਾਤਾ ਜੀ, ਅਰਦਾਸ ਕਰਾਂ ਦਰ ਤੇਰੇ


Academy of the Punjab in North America - APNA: http://www.apnaorg.com

# ਦਿਲ ਕਰੇ ਉਂਦੋ ਮੇਰਾ ਅੰਮੀਏਂ
# ਨੀ ਮੈਂ ਤਾਂ ਆਪਣੇ ਵਤਨ ਵਿੱਚ ਹੋਵਾਂ

ਆਪਣੇ ਵਤਨ ਦੀ ਜਦੋਂ ਯਾਦ ਨੀ ਸਤਾਉਂਦੀ
ਉਂਦੋਂ ਮੈਨੂੰ ਅੰਮੀਏ ਨੀ ਯਾਦ ਤੇਰੀ ਆਉਂਦੀ
ਖ਼ਤ ਫੜਕੇ ਹੱਥਾਂ ਦੇ ਵਿੱਚ ਰੋਵਾਂ
ਦਿਲ ਕਰੇ ਉਂਦੋਂ ਮੇਰਾ ਅੰਮੀਏਂ ਨੀ ਮੈਂ ਤਾਂ ਆਪਣੇ ਵਤਨ ਵਿੱਚ ਹੋਵਾਂ

ਨਿੱਕੇ ਹੁੰਦੇ ਜਿਹੜੀ ਪਿੱਪਲੀ ਦੇ ਥੱਲੇ, ਇੱਕਠੇ ਖੇਡਦੇ ਸੀ ਕੋਟਲਾ ਛਪਾਕੀ ਨੀ
ਯਾਰਾ ਅਤੇ ਦੋਸਤਾਂ ਦੇ ਨਾਲ ਵੇਖਣੇ ਨੂੰ ਜਾਂਦੇ, ਹਰ ਸਾਲ ਸਾਰੇ ਹੀ ਵਿਸਾਖੀ ਨੀ
ਉਸ ਪਿੱਪਲੀ ਤੇ ਬੀਤੇ ਪਲ ਚੇਤੇ ਆਉਂਦੇ, ਬੈਠਾ ਹੰਝੂਆਂ ਦੇ ਹਾਰ ਪਰੋਵਾਂ
ਦਿਲ ਕਰੇ ਉਂਦੋਂ ਮੇਰਾ ਅੰਮੀਏਂ ਨੀ ਮੈਂ ਤਾਂ ਆਪਣੇ ਵਤਨ ਵਿੱਚ ਹੋਵਾਂ

ਜਦੋਂ ਵਤਨਾਂ ਦੀ ਠੰਡੀ-ਠੰਡੀ ਪੌਣ ਆਣਕੇ, ਮੁੱਖ ਮੇਰੇ ਨੂੰ ਏ ਕਦੇ ਚੁੰਮਦੀ
ਆਪਣੇ ਪਿੰਡਾਂ ਦੀਆਂ ਸੱਥਾਂ ਦੀ ਕਹਾਣੀ, ਆਣ ਮੇਰੇ ਅੱਖਾਂ ਅੱਗੇ ਘੁੰਮਦੀ
ਚਾਹੁੰਦਾ ਹਾਂ ਮੈਂ ਉਦੋਂ ਖੋਲ੍ਹ ਕੇ ਮੈਂ ਵਾਲ, ਸਿਰ ਰੱਖ ਕੇ ਗੋਦੀ ਦੇ ਵਿੱਚ ਸੌਂਵਾਂ
ਦਿਲ ਕਰੇ ਉਂਦੋਂ ਮੇਰਾ ਅੰਮੀਏਂ ਨੀ ਮੈਂ ਤਾਂ ਆਪਣੇ ਵਤਨ ਵਿੱਚ ਹੋਵਾਂ

'ਸੁਖੀਆ ਨੰਗਲ' ਪਿੰਡ ਦੀਆ ਜੂਹਾਂ ਚੇਤੇ ਕਰ, ਵਗਦਾ ਨੈਣਾਂ ਦੇ ਵਿੱਚੋਂ ਨੀਰ ਨੀ
ਭੈਣ ਦੇ ਪਿਆਰ ਨੂੰ ਮੈਂ ਕਦੇ ਨਾ ਭੁਲਾਵਾਂ, ਚੇਤੇ ਆਉਦੇ ਬੜੇ ਮੈਨੂੰ ਮੇਰੇ ਵੀਰ ਨੀ
'ਗਿੱਲ' ਨਾਲ ਕੱਦੇ ਰੱਲ ਬੈਠੂਗਾ ਨੀ 'ਸਾਬ੍ਰੀ', ਚੇਤੇ ਕਰਦਾ ਮੈਂ 'ਪ੍ਰੀਤ' ਕੋਲ ਹੋਵਾਂ
ਦਿਲ ਕਰੇ ਉਂਦੋਂ ਮੇਰਾ ਅੰਮੀਏਂ ਨੀ ਮੈਂ ਤਾਂ ਆਪਣੇ ਵਤਨ ਵਿੱਚ ਹੋਵਾਂ


Academy of the Punjab in North America - APNA: http://www.apnaorg.com

# ਅਸੀਂ ਉੱਜੜ ਗਏ ਤਾਂ ਕੀ ਹੋਇਆ

ਅਸੀਂ ਹੱਸ ਕੇ ਦੁੱਖੜੇ ਸਹਿਲਾਂਗੇ,
ਬਸ ਯਾਦ ਤੇਰੀ ਨਾਲ ਰਹਿਲਾਂਗੇ
ਅਸੀਂ ਮੰਗੀਏ ਇਹੋ ਦੁਆਵਾਂ ਨੀ, ਨਾ ਯਾਰ ਤੇ ਦੁੱਖੜੇ ਪੈਣ ਰੱਬਾ
ਅਸੀਂ ਉੱਜੜ ਗਏ ਤਾਂ ਕੀ ਹੋਇਆ, ਸਾਡੇ ਸੱਜਣ ਵਸਦੇ ਰਹਿਣ ਰੱਬਾ

ਦਿਨ ਲੰਘਦੇ ਤੀਆਂ ਵਰਗੇ ਸੀ, ਸਾਨੂੰ ਓਹਦਾ ਇੱਕ ਸਹਾਰਾ ਸੀ
ਇੱਕ ਪਲ ਨਾ ਹੁੰਦੇ ਦੂਰ ਅਸੀਂ, ਸਾਨੂੰ ਜਾਨ ਤੋਂ ਵੱਧ ਪਿਆਰਾ ਸੀ
ਕਿਵੇਂ ਸੱਜਣਾ ਤੋਂ ਬਿਨ ਜੀਵਾਂਗੇ, ਇਹ ਸੋਚ ਕੇ ਗੋਤੇ ਪੈਣ ਰੱਬਾ
ਅਸੀਂ ਉੱਜੜ ਗਏ ਤਾਂ ਕੀ ਹੋਇਆ, ਸਾਡੇ ਸੱਜਣ ਵਸਦੇ ਰਹਿਣ ਰੱਬਾ

ਦਿਲ ਵੱਸ ਦੇ ਵਿੱਚ ਨਾ ਆਉਂਦਾ ਸੀ, ਜਿਸ ਦਿਨ ਦਾ ਵਿਛੋੜਾ ਪੈ ਗਿਆ ਏ
ਰੋਹੀਆਂ ਦੇ ਵਿੱਚ ਰੁੱਖ ਕੱਲਾ, ਬਸ ਯਾਦਾਂ ਬਣ ਕੇ ਰਹਿ ਗਿਆ ਏ
ਕਦੀ ਪੱਤਝੜ ਵੀ ਤਾਂ ਆਉਂਦੀ ਏ, ਨਾ ਸਦਾ ਬਹਾਰਾਂ ਰਹਿਣ ਰੱਬਾ
ਅਸੀਂ ਉੱਜੜ ਗਏ ਤਾਂ ਕੀ ਹੋਇਆ, ਸਾਡੇ ਸੱਜਣ ਵਸਦੇ ਰਹਿਣ ਰੱਬਾ

ਹੁਣ 'ਸੁਖੀਆ ਨੰਗਲੀਏ ਸਾਬ੍ਹੀ'ਨੇ, ਏ ਦਿਲ ਵਿੱਚ ਯਾਦ ਵਸਾ ਲਈ ਏ
ਪਹਿਲਾਂ ਲਾਈ ਸੀ ਨਾਲ ਤੇਰੇ, ਹੁਣ ਨਾਲ ਗਮਾਂ ਦੇ ਲਾ ਲਈ ਏ
ਲੋਕੀ ਕਹਿੰਦੇ ਤਾਂ ਕਹਿਣ ਭਾਂਵੇ, ਨਾ ਸੱਜਣ ਝੱਲਾ ਕਹਿਣ ਰੱਬਾ
ਅਸੀਂ ਉੱਜੜ ਗਏ ਤਾਂ ਕੀ ਹੋਇਆ, ਸਾਡੇ ਸੱਜਣ ਵਸਦੇ ਰਹਿਣ ਰੱਬਾ


Academy of the Punjab in North America - APNA: http://www.apnaorg.com

# ਕੈਨੇਡਾ 'ਚ ਵਿਆਹ

ਬੜੇ ਚਾਅਵਾਂ ਨਾਲ ਵਿਆਹ ਕੈਨੇਡਾ ਸੀ ਕਰਾਇਆ
ਦੋ ਸਾਲਾ ਬਾਅਦ ਮੈਂ ਜਦ ਕਨੇਡਾ ਪੈਰ ਪਾਇਆ
ਖੁਸ਼ੀਆਂ ਤੇ ਚਾਅਵਾਂ ਨਾਲ ਦਿਨ ਬੜੇ ਲੰਘਦੇ
ਵਾਰਦੇ ਸੀ ਜਾਨ ਇੱਕ ਦੂਜੇ ਦੀ ਖੰਘ ਵਿੱਚ ਖੰਘਦੇ
ਸਾਲ ਬਾਅਦ ਇੱਕ ਹਨੇਰੀ ਐਸੀ ਆਈ
ਸੁੱਖਾਂ ਵਿੱਚ ਵਸਦੀ ਜਾਨ ਫਿਰ ਦੁੱਖਾਂ ਵਿੱਚ ਪਾਈ
ਫਿਰ ਕੋਟਾਂ ਤੇ ਕਚਹਿਰੀਆਂ ਦੇ ਗੇੜੇ ਲਾਉਣੇ ਪਏ
ਹੱਡ ਭੰਨ ਕਮਾਏ ਡਾਲਰ ਵਕੀਲਾਂ ਦੀਆਂ ਜੇਬਾਂ ਵਿੱਚ ਪਾਏ
2-3 ਸਾਲ ਬਾਅਦ ਹੋ ਗਿਆ ਤਲਾਕ ਸੀ
ਛੁੱਟ ਗਈ ਜਨਾਨੀ ਨਾਲੇ ਛੁੱਟ ਗਏ ਜਵਾਕ ਸੀ
ਸੋਚਿਆ ਫਿਰ ਜਾ ਕੇ ਇੰਡੀਆ 'ਚ ਮੰਗਣੀ ਕਰਾਵਾਂ
ਨਵੇਂ ਸਿਰੋਂ ਵਿਆਹ ਕਰ ਜ਼ਿੰਦਗੀ ਵਸਾਵਾਂ
ਪਤਾ ਲੱਗਾ ਪਹਿਲੀ ਜਾਂ ਮੰਗਣੀ ਹੈ ਹੋ ਗਈ
ਬੱਚਿਆਂ ਦੇ ਨਾਲ ਆ ਕੇ ਸਾਹਮਣੇ ਖਲੋ ਗਈ
ਕਹਿੰਦੀ ਤੂੰ ਏਂ ਮੇਰਾ ਚੰਨ ਮੈਂ ਹਾਂ ਤੇਰੀ ਚਕੋਰ ਵੇ
ਮੇਰੇ ਨਾਲੋਂ ਸੋਹਣੀ ਤੈਨੂੰ ਲੱਭਣੀ ਨਾ ਹੋਰ ਵੇ
ਵਾਸਤਾ ਏ ਬੱਚਿਆਂ ਦਾ ਮੁੜ ਆ ਜਾ ਘਰ ਵੇ
ਬੇਨਤੀ ਏ ਮੇਰੀ ਨਾ ਤੂੰ ਸ਼ਾਦੀ ਦੂਜੀ ਕਰ ਵੇ
ਦੇ ਦਿਆਂ ਮੰਗੇ ਜੋ ਤੂੰ ਮੂੰਹੋਂ ਇੱਕ ਵਾਰ ਵੇ
ਜਾਨ ਨਾਲੋਂ ਵੱਧ ਮੈਂ ਤਾਂ ਕਰਦੀ ਪਿਆਰ ਵੇ
ਸਮਝ ਨਾ ਆਵੇ ਹੁਣ ਕਿਹੜੇ ਪਾਸੇ ਜਾਵਾਂ ਮੈਂ
ਸੱਪ ਦੇ ਮੂੰਹ ਕਿਰਲੀ ਕੋਹੜ ਹੁੰਦਾ ਖਾਵਾਂ ਮੈਂ
ਦੋ ਪੁੜਾਂ ਵਿੱਚ ਹੈ "ਸਾਬੀ" ਹੁਣ ਪਿੱਸਦਾ
ਯਾਰਾਂ ਅਤੇ ਦੋਸਤਾਂ ਨੂੰ ਹੱਸਦਾ ਏ ਦਿਸਦਾ


Academy of the Punjab in North America - APNA: http://www.apnaorg.com

# ਯਾਦ ਅੱਜ ਵੀ ਹਾਂ ਕਰਦੇ ਅਸੀਂ ਓਹ ਮੁਹੱਬਤਾਂ ਤੇਰੀਆਂ

ਨਿੱਕੇ ਹੁੰਦਿਆਂ ਨੇ ਖੇਡੇ ਅਸੀਂ ਗੁੱਡੀਆਂ ਪਟੋਲੇ
ਯਾਦ ਅੱਜ ਵੀ ਨੇ ਆਉਂਦੇ ਮਾਰੇ ਠੁੰਗੇ ਅਤੇ ਠੋਲੇ
ਤੂੰ ਹੋ ਕੇ ਮੁਟਿਆਰ ਕਾਹਤੋਂ ਅੱਖਾਂ ਫਰੀਆਂ
ਯਾਦ ਅੱਜ ਵੀ ਹਾਂ ਕਰਦੇ ਅਸੀਂ ਓਹ ਮੁਹੱਬਤਾਂ ਤੇਰੀਆਂ

ਕਦੀ ਘਰ ਘਰ ਖੇਡੇ ਵਿਆਹ ਗੁੱਡੀਆਂ ਦੇ ਕੀਤੇ
ਉਹੋ ਭੁੱਲਣੇ ਨਾ ਦਿਨ ਜਿਹੜੇ ਤੇਰੇ ਨਾਲ ਬੀਤੇ
ਰੋਂਦੇ ਦਿਲ ਦੇ ਨੇ ਫੱਟ ਸੁਣ ਧਾਂਹਾਂ ਮੇਰੀਆਂ
ਯਾਦ ਅੱਜ ਵੀ ਹਾਂ ਕਰਦੇ ਅਸੀਂ ਓਹ ਮੁਹੱਬਤਾਂ ਤੇਰੀਆਂ

ਦਿਲ ਅੱਜ ਵੀ ਹੈ ਰੋਂਦਾ ਸੱਟ ਇਸ਼ਕੇ ਦੀ ਖਾ ਕੇ
ਹੱਥੀਂ ਕੀਤੀ ਬਰਬਾਦੀ ਪਿਆਰ ਤੇਰੇ ਨਾਲ ਪਾ ਕੇ
ਯਾਦ ਦਿਨ ਰਾਤ 'ਚ ਆਉਂਦੀਆਂ ਨੇ ਗੱਲਾਂ ਤੇਰੀਆਂ
ਯਾਦ ਅੱਜ ਵੀ ਹਾਂ ਕਰਦੇ ਅਸੀਂ ਓਹ ਮੁਹੱਬਤਾਂ ਤੇਰੀਆਂ

ਦੁੱਖ ਝੱਲਦੀ ਨਾ ਜਾਨ ਹੋਈ ਜਿੰਦਗੀ ਪ੍ਰਾਹੁਣੀ
'ਸੁਖੀਆ ਨੰਗਲੀਏ ਸਾਬ੍ਹੀ' ਨੂੰ ਤਾਂ ਮੌਤ ਵੀ ਨੀ ਆਉਣੀ
ਸਾਨੂੰ ਚੱਕ ਲੈ ਤੂੰ ਰੱਬਾ ਕਾਹਤੋਂ ਲਾਈਆਂ ਦੇਰੀਆਂ
ਯਾਦ ਅੱਜ ਵੀ ਹਾਂ ਕਰਦੇ ਅਸੀਂ ਓਹ ਮੁਹੱਬਤਾਂ ਤੇਰੀਆਂ


Academy of the Punjab in North America - APNA: http://www.apnaorg.com

# ਲੱਖ ਕੋਸ਼ਿਸ ਕਰੀਏ ਭੁੱਲਣੇ ਦੀ,
# ਭੁੱਲਦੀ ਨਾ ਸੂਰਤ ਤੇਰੀ ਨੀ

ਦਿਲ ਰੋਂਦਾਂ ਤੈਨੂੰ ਭੁੱਲਦਾ ਨਹੀਂ, ਇਹ ਹੋਰ ਕਿਸੇ ਤੇ ਡੁੱਲ੍ਹਦਾ ਨਹੀਂ
ਜਿਸ ਦਿਨ ਦਾ ਸਾਨੂੰ ਤੂੰ ਛੱਡ ਗਈ ਏਂ, ਉੱਡੀ ਨੀਂਦ ਅੱਖਾਂ ਚੋਂ ਮੇਰੀ ਨੀ
ਲੱਖ ਕੋਸ਼ਿਸ ਕਰੀਏ ਭੁੱਲਣੇ ਦੀ, ਭੁੱਲਦੀ ਨਾ ਸੂਰਤ ਤੇਰੀ ਨੀ

ਤੇਰੇ ਵਿੱਚ ਵਿਛੋੜੇ ਨੀ ਅੜੀਏ, ਦਿਲ ਰੋਂਦਾ ਬਹਿ ਕੇ ਕੱਲਾ ਨੀ
ਕਦੇ ਹੱਥ ਫੜ੍ਹਾ ਸਾਨੂੰ ਤੋਰਿਆ ਸੀ, ਅੱਜ ਕਿੰਝ ਛੁਡਾ ਗਈ ਪੱਲਾ ਨੀ
ਸਾਨੂੰ ਦੁੱਖਾਂ ਪੱਲੇ ਪਾ ਚੱਲੀ, ਸਾਡੀ ਜਿੰਦਗੀ ਵਿੱਚ ਤੇਰੀ ਫੇਰੀ ਨੀ
ਲੱਖ ਕੋਸ਼ਿਸ ਕਰੀਏ ਭੁੱਲਣੇ ਦੀ, ਭੁੱਲਦੀ ਨਾ ਸੂਰਤ ਤੇਰੀ ਨੀ

ਜਦੋਂ ਕੋਲ ਹੁੰਦੀ ਸੀ ਮੇਰੇ ਤੂੰ, ਦਿਲ ਨੱਚਦਾ ਖੁਸ਼ੀ ਮਨਾਉਂਦਾ ਸੀ
ਜਾਨ ਤੋਂ ਵਧ ਕੇ ਮੈਂ ਤੈਨੂੰ, ਵੱਧ ਆਪਣਿਆਂ ਤੋਂ ਚਾਹੁੰਦਾ ਸੀ
ਅੱਜ ਬੇਗਾਨੀ ਬਣ ਗਈਂ ਏਂ, ਮੇਰੀ ਦੁਨੀਆਂ ਹੁੰਦੀ ਜਿਹੜੀ ਸੀ
ਲੱਖ ਕੋਸ਼ਿਸ ਕਰੀਏ ਭੁੱਲਣੇ ਦੀ, ਭੁੱਲਦੀ ਨਾ ਸੂਰਤ ਤੇਰੀ ਨੀ

ਤੇਰਾ 'ਸੋਨੂੰ-ਸੋਨੂੰ' ਕਹਿਣਾ ਨੀ, ਸਾਨੂੰ ਬੜਾ ਪਿਆਰਾ ਲੱਗਦਾ ਸੀ
ਕੀ ਪਤਾ ਸੀ 'ਸੁਖੀਆ ਨੰਗਲੀ' ਨੂੰ ਇਹ ਨਖਰਾ ਐਵੇਂ ਠੱਗਦਾ ਸੀ
ਕਿਵੇਂ ਭੁੱਲੇ 'ਸਾਬ੍ਹੀ' ਤੈਨੂੰ ਹਾਣਦੀਏ, ਵਾਹ ਲਾ ਲਈ ਅਸਾਂ ਬਥੇਰੀ ਨੀ
ਲੱਖ ਕੋਸ਼ਿਸ ਕਰੀਏ ਭੁੱਲਣੇ ਦੀ, ਭੁੱਲਦੀ ਨਾ ਸੂਰਤ ਤੇਰੀ ਨੀ


Academy of the Punjab in North America - APNA: http://www.apnaorg.com

**ਦਲਵੀਰ ਮਾਨ ਰੁੜਕੀ**

ਹੈਮਿੱਲਟੈਨ, ਨਿਊਜ਼ੀਲੈਂਡ

ਮੋਬਾਇਲ : +64210380977

email : dsmr1@hotmail.com



Academy of the Punjab in North America - APNA: http://www.apnaorg.com

## ਲੋਕ ਤੱਥ

ਜਦੋਂ ਦਿਲਾਂ ਨੂੰ ਦਿਲਾਂ ਦੇ ਰਾਹ ਮਿਲਦੇ
ਭੁੱਟ ਜਾਂਦੇ ਨੇ ਆਪਣੀ ਪਹਿਚਾਣ ਲੋਕੋ
ਜਿਹੜੇ ਬੇਵਫਾਈ ਦੀ ਗੱਲ ਕਰਦੇ
ਉਹਨੂੰ ਕਰਦੇ ਨਾ ਪ੍ਰਵਾਨ ਲੋਕੋ
ਜਿਹੜੇ ਇਸ਼ਕ ਦੇ ਰਾਹ ਤੇ ਚੱਲ ਪੈਂਦੇ,
ਪਿੱਛੇ ਛੱਡ ਜਾਂਦੇ ਨੇ ਜਹਾਨ ਲੋਕੋ।
ਜਿਹੜੇ ਯਾਰ ਦੀ ਰਜ਼ਾ ਵਿੱਚ ਰਹਿਣ ਰਾਜ਼ੀ,
ਵਾਰ ਜਾਂਦੇ ਨੇ ਇਸ਼ਕ ਲਈ ਜਾਨ ਲੋਕੋ।

ਬਾਰਾਂ ਸਾਲ ਚਰਾਉਂਦੇ ਮੱਝੀਆਂ ਨੂੰ,
ਯੋਗੀ ਬਣ ਜਾਂਦੇ ਕੰਨ ਪੜਵਾ ਲੈਂਦੇ।
ਜਦੋਂ ਯਾਰ ਨੂੰ ਮਿਲਣ ਦੀ ਤਾਂਘ ਹੋਵੇ,
ਤਾਰੀ ਕੱਚਿਆਂ ਉੱਤੇ ਵੀ ਲਾ ਲੈਂਦੇ।
ਸੋਹਣੇ ਯਾਰ ਦੀ ਭੁੱਖ ਮਿਟਾਉਣ ਖਾਤਿਰ,
ਪੱਟ ਵੱਢ ਕੇ ਮਾਸ ਖਵਾਉਣ ਲੋਕੋ।
ਜਿਹੜੇ ਯਾਰ ਦੀ ਰਜ਼ਾ ਵਿੱਚ ਰਹਿਣ ਰਾਜ਼ੀ,
ਵਾਰ ਜਾਂਦੇ ਨੇ ਇਸ਼ਕ ਲਈ ਜਾਨ ਲੋਕੋ।

ਅੱਜ ਕੱਲ ਦਾ ਹੈ ਪਿਆਰ ਝੂਠਾ,
ਯਾਰੀ ਦੌਲਤਾਂ ਪਿੱਛੇ ਲਾਉਂਦੇ ਨੇ।
ਉਹ ਦੌਲਤਾਂ ਨੂੰ ਹੀ ਯਾਰ ਸਮਝਣ,
ਉਹ ਜੀਉਂਦੇ ਨਹੀਂ, ਡੰਗ ਟਪਾਉਂਦੇ ਨੇ।
'ਸੁਖੀਆ ਨੰਗਲੀ' ਜੱਗ ਤੋਂ ਤੰਗ ਆਇਆ,
ਬੋਲ ਸਕੇ ਨਾ 'ਸਾਬ੍ਰੀ' ਦੀ ਜ਼ੁਬਾਨ ਲੋਕੋ।
ਜਿਹੜੇ ਯਾਰ ਦੀ ਰਜਾ ਵਿੱਚ ਰਹਿਣ ਰਾਜ਼ੀ,
ਵਾਰ ਜਾਂਦੇ ਨੇ ਇਸ਼ਕ ਲਈ ਜਾਨ ਲੋਕੋ।


Academy of the Punjab in North America - APNA: http://www.apnaorg.com

ਧੀ ਦਾ ਬਾਪ ਦਲਵੀਰ ਕਹੇ ਆਓ ਦੀਆਂ ਕੁੱਖਾਂ ‘ਚ ਬਚਾ ਲਈਏ
ਦਾਜ ਵਾਲੀ ਲਾਹਣਤ ਇਹ ਕੋਹੜ ਸਾਡੀ ਅਣਖਾਂ ਨੂੰ,
ਆਓ ਆਪਾਂ ਅਣਖਾਂ ਬਚਾ ਲਈਏ
ਧੀਆਂ ਨਾਲ ਖੁਸ਼ੀਆਂ ਨੇ, ਧੀਆਂ ਨਾਲ ਸੁੱਖ ਸਾਡੇ, ਤਾਂ ਖੁਸ਼ੀ ਮਿਲੂ ਬੇਹਿਸਾਬੀ
ਜਿਹੜਾ ਬੰਦਾ ਦਾਜ ਲਵੇ, ਜਿਹੜਾ ਬੰਦਾ ਦਾਜ ਮੰਗੇ,
ਓਹ ਨੀ ਹੋ ਸਕਦਾ ਪੰਜਾਬੀ, ਦੱਸੋ ਕਾਹਦਾ ਓਹ ਪੰਜਾਬੀ


Academy of the Punjab in North America - APNA: http://www.apnaorg.com

# ਦਾਜ

ਹੱਥ ਕੜੇ ਨੂੰ ਸਜਾ ਕੇ ਖੜਾ ਮੁੰਦਰੀ ਪਵਾ ਕੇ
ਹੋਇਆ ਫਿਰੇ ਪੱਬਾਂ ਭਾਰ, ਲੈ ਕੇ ਦਾਜ ਵਿੱਚ ਕਾਰ
ਪਰ ਯਾਰਾ ਹੋ ਗਈ ਇੱਥੇ ਇੱਕ ਖ਼ਰਾਬੀ, ਤੂੰ ਨੀ ਰਿਹਾ ਓਏ ਪੰਜਾਬੀ
ਜਿਹੜਾ ਬੰਦਾ ਦਾਜ ਲਵੇ, ਜਿਹੜਾ ਬੰਦਾ ਦਾਜ ਮੰਗੇ,
ਓਹ ਨੀ ਹੋ ਸਕਦਾ ਪੰਜਾਬੀ, ਦੱਸੋ ਕਾਹਦਾ ਓਹ ਪੰਜਾਬੀ

ਗੁਰੂਆਂ ਦੀ ਧਰਤੀ ਇਹ ਸੋਹਣਾ ਇਹ ਪੰਜਾਬ ਸਾਡਾ,
ਆਓ ਰਲ ਖੁਸ਼ੀਆਂ ਨੂੰ ਮਾਣੀਏਂ
ਭੈਣਾ ਦੀਆਂ ਇੱਜਤਾਂ ਤੇ ਧੀਆਂ ਦੇ ਹਾਂ ਰਾਖੇ,
ਇਹੋ ਸਾਡੀ ਜੱਗ ਵਿੱਚ ਪਹਿਚਾਣ ਏਂ
ਧੀ ਜੰਮੇ ਖੁਸ਼ੀ ਹੋਵੇ ਤਾਂ ਟੌਹਰ ਬਣੂਗੀ ਨਵਾਬੀ
ਜਿਹੜਾ ਬੰਦਾ ਦਾਜ ਲਵੇ, ਜਿਹੜਾ ਬੰਦਾ ਦਾਜ ਮੰਗੇ,
ਓਹ ਨੀ ਹੋ ਸਕਦਾ ਪੰਜਾਬੀ, ਦੱਸੋ ਕਾਹਦਾ ਓਹ ਪੰਜਾਬੀ

ਢੁਕਦੀ ਬਰਾਤ ਜਦੋਂ ਬਾਬੁਲ ਦੇ ਵੇਹੜੇ, ਬਾਬੁਲ ਦਾ ਸਿਰ ਕਦੇ ਝੁਕੇ ਨਾ
ਦਾਜ ਦੀ ਖਾਤਰ ਬਰਾਤ ਕਿਸੇ ਧੀ ਦੀ, ਅੱਧ ਵਿਚਕਾਰੇ ਕਦੀ ਰੁਕੇ ਨਾ
ਪੁੱਤਰਾਂ ਨੂੰ ਵੇਚ ਦੱਸੋ ਹੋਇਆ ਏ ਅਮੀਰ ਕੌਣ,
ਕਿਸੇ ਕੰਮ ਨਾ ਇਹ ਮਾਇਆ ਬੇਹਿਸਾਬੀ
ਜਿਹੜਾ ਬੰਦਾ ਦਾਜ ਲਵੇ, ਜਿਹੜਾ ਬੰਦਾ ਦਾਜ ਮੰਗੇ,
ਓਹ ਨੀ ਹੋ ਸਕਦਾ ਪੰਜਾਬੀ, ਦੱਸੋ ਕਾਹਦਾ ਓਹ ਪੰਜਾਬੀ


Academy of the Punjab in North America - APNA: http://www.apnaorg.com

# ਜਿੰਦਗੀ

ਦੁੱਖਾਂ ਸੁੱਖਾਂ ਨੂੰ ਮਿਲਾ ਕੇ ਬਣੀ ਇਹ ਜਿੰਦਗੀ
ਦੁੱਖਾਂ ਵਿੱਚ ਵੀ ਠੰਡੀ ਇੱਕ ਛਾਂ ਦੇਖੀ
ਦੁੱਖਾਂ ਵਾਲਾ ਪਰਦਾ ਜਦੋਂ ਵੀ ਮਾਨ ਦੂਰ ਹੋਇਆ
ਸੁੱਖਾਂ ਲਈ ਕਰਦੀ ਅਰਦਾਸਾਂ ਆਪਣੀ ਮਾਂ ਦੇਖੀ
'ਦਲਵੀਰ' ਘੁੰਮਿਆਂ ਏ ਵਿੱਚ ਪਰਦੇਸ ਸਾਰੇ
ਦੁਨੀਆਂ ਤੇ ਚੰਗੀ ਤੋਂ ਚੰਗੀ ਥਾਂ ਦੇਖੀ
ਘਰ ਆ ਕੇ ਜਦੋਂ ਵੀ ਮਾਂ ਦੇ ਪੈਰ ਛੂਹੇ, ਮਾਂ ਦੀ ਗੋਦ ਤੋਂ ਨਿੱਘੀ ਨਾ ਕੋਈ ਥਾਂ ਦੇਖੀ

ਧੀ ਬਣ ਪਹਿਲਾਂ ਇਸ ਜੱਗ ਉੱਤੇ ਆਈ ਤੂੰ
ਭੈਣ ਬਣ ਫੇਰ ਖੱਟੀ ਵਡਿਆਈ ਤੂੰ
ਮਾਂ ਬਣ ਰੱਬ ਵਾਲੀ ਪਦਵੀ ਪਾਈ ਤੂੰ
ਉੱਚਾ ਰੁਤਬਾ ਇਹ ਸਭ ਤੋਂ ਤੇਰਾ
ਦੱਸ ਮਾਏ ਮੇਰੀਏ, ਕਿੱਦਾਂ ਦੇਣ ਦੇਊਂ ਮੈਂ ਤੇਰਾ

ਪੁੱਤਾਂ ਨੂੰ ਵਿਆਹ ਕੇ, ਘਰ ਨੂੰਹਾਂ ਤੂੰ ਲਿਆ ਕੇ
ਜ਼ਿੰਮੇਵਾਰੀਆਂ ਤੂੰ ਸੱਭੇ ਹੀ ਨਿਭਾ ਲਈਆਂ
ਪੁੱਤ ਨਾਲੋਂ ਵੱਧ ਹੁਣ ਪੁੱਤ ਦਿਆਂ ਪੁੱਤਾਂ ਨਾਲ ਮੋਹ ਦੀਆਂ ਸਾਂਝਾਂ ਨੇ ਵਧਾ ਲਈਆਂ
ਜਿੰਨੇ ਤੇਰੇ ਨੇ ਅਹਿਸਾਨ, ਕਿੰਝ ਲਾਹੂ ਮੇਰੀ ਜਾਨ
ਧੰਨ ਜਿਗਰਾ ਇਹ ਤੇਰਾ, ਨੀ ਦੱਸ ਮਾਏ ਮੇਰੀਏ.......

ਪੜ੍ਹ ਅਖਬਾਰ ਮੇਰਾ ਦਿਲ ਅੱਜ ਰੋ ਪਿਆ
ਤੇਰੀ ਹੋਂਦ ਨੂੰ ਹੀ ਅੱਜ ਖ਼ਤਰਾ ਇਹ ਹੋ ਗਿਆ
ਕੋਈ ਮਰੇ ਵਿੱਚ ਕੁੱਖਾਂ, ਕੋਈ ਮਰੇ ਵਿੱਚ ਦੁੱਖਾਂ
ਬੈਠਾ ਸੋਚੇ 'ਦਲਵੀਰ', ਕਿਹੋ ਜਿਹੀ ਤਕਦੀਰ, ਰੱਬਾ ਚੰਗਾ ਨਾ ਲੱਗੇ ਇਨਸਾਫ ਤੇਰਾ
ਦੱਸ ਮਾਏ ਮੇਰੀਏ ਨੀ ਕਿੱਦਾਂ ਦੇਣ ਦੇਊਂ ਮੈਂ ਤੇਰਾ


Academy of the Punjab in North America - APNA: http://www.apnaorg.com

# ਰੱਬ ਦਾ ਨਾਂਅ ਤੇ ਮਾਂ

ਮਾਂ ਤੇ ਮਾਂ ਦੀ ਛਾਂ, ਹਰ ਥਾਂ ਤੇ ਰੱਬ,
ਰੱਬ ਦਾ ਤਾਂ ਸਿਰਫ ਨਾਮ ਹੀ ਸੁਣਿਆਂ ਪਰ ਮਾਂ ਦੇ ਰੂਪ ਵਿੱਚ ਦੇਖਿਆ
ਪਹਿਲਾਂ ਇੱਕ ਬੇਟੀ ਦੇ ਰੂਪ ਵਿੱਚ ਫਿਰ ਭੈਣ ਤੇ ਹਰ ਰਿਸ਼ਤਿਆਂ ਨੂੰ
ਨਿਭਾਉਂਦੀ ਰੱਬ ਦਾ ਰੂਪ ਬਣੀ ਮਾਂ

ਨੀਂਦ ਆਪਣੀ ਲੁਕਾ ਕੇ ਸਾਨੂੰ ਜੋ ਸੁਲਾਉਂਦੀ ਸੀ
ਹੰਝੂ ਆਪਣੇ ਛੁਪਾ ਕੇ ਜੋ ਸਭ ਨੂੰ ਹਸਾਉਂਦੀ ਸੀ
ਦੁੱਖ ਆਵੇ ਨਾ ਕਦੇ ਵੀ ਮੇਰੇ ਰੱਬ ਨੂੰ
ਮਾਨਾ ਜਿੰਨਾ ਤੈਨੂੰ ਮਿਲਿਆ ਏ ਮਾਂ ਦਾ ਪਿਆਰ ਮਿਲੇ ਸਭ ਨੂੰ

ਜਿੱਥੇ ਜਾਨੇ ਆਂ ਮਾਂ ਦੀਆਂ ਦੁਆਵਾਂ ਹਮੇਸ਼ਾਂ ਨਾਲ ਚੱਲਦੀਆਂ ਨੇ
ਜਦੋਂ ਵੀ ਘਰੋਂ ਕਾਰ ਜਾਂ ਮੋਟਰਸਾਇਕਲ ਲੈ ਕੇ ਤੁਰਦਾਂ
ਤੇ ਮੁੜ ਕੇ ਘਰ ਦੇ ਦਰਵਾਜੇ ਤੇ ਨਿਗਾਹ ਮਾਰਦਾ ਹਾਂ
ਤਾਂ ਹਰ ਵਾਰ ਮਾਂ ਹੱਥ ਜੋੜ ਖੜੀ ਦੇਖਦਾਂ ਤੇ ਉਸ ਦੇ ਮੂੰਹੋ ਇੱਕੋ ਗੱਲ ਨਿੱਕਲਦੀ
"ਰੱਬਾ ਮਿਹਰ ਰੱਖੀਂ"

ਪਹਿਲਾਂ ਆਪਣੇ ਬੱਚਿਆਂ ਲਈ, ਫੇਰ ਬੱਚਿਆਂ ਦੇ ਬੱਚਿਆਂ ਲਈ ਵੱਧ ਤੋਂ
ਵੱਧ ਪਿਆਰ ਰੂਪੀ ਛਾਂ ਸਮੋਂ ਕੇ ਰੱਖਦੀ ਹੈ ਮਾਂ
ਪਰ ਇਸ ਅੱਜ ਦੇ ਯੁੱਗ ਵਿੱਚ ਇਸ ਮਾਂ ਦੀ ਹੋਂਦ ਨੂੰ ਹੀ ਖਤਰਾ ਹੋ ਗਿਆ
ਇਸ ਨੂੰ ਦੁਨੀਆਂ ਤੇ ਆਉਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ
ਇੱਕ ਗੱਲ ਸੱਚ ਜਾਣਿਓਂ ਜੇ ਇਸ ਦੀਆਂ ਜੜਾਂ ਵੱਢ ਕੇ ਖਤਮ ਕਰਤੀਆਂ
ਛਾਂਵਾ ਤਾਂ ਨਹੀਂ ਲੱਭਣੀਆਂ ਮਾਵਾਂ

"ਮੰਦਿਰਾਂ ਮਸੀਤਾਂ ਵਿੱਚ ਰੱਬ ਭਾਲਦਾ ਫਿਰੇ ਸਾਰਾ ਜੱਗ ਬੰਦਿਆ
ਘਰ ਮਾਨਾ ਮਾਪੇ ਪਛਾਣ ਲਈਂ ਆਪੇ, ਮਿਲੂ ਤੈਨੂੰ ਰੱਬ ਬੰਦਿਆ"


Academy of the Punjab in North America - APNA: http://www.apnaorg.com

# ਗੋਲੀ ਬਿਨਾ ਕਦੇ ਹਥਿਆਰ ਚੱਲੇ ਨਾ

ਵੀਰਾਂ ਨਾਲ ਹੁੰਦੀ ਸਰਦਾਰੀ ਮਿੱਤਰੋ
ਸੱਜਣਾ ਤੋਂ ਜਾਵੇ ਜਿੰਦ ਵਾਰੀ ਮਿੱਤਰੋ
ਯਾਰਾਂ ਵਿੱਚ ਯਾਰ ਗੱਦਾਰ ਚੱਲੇ ਨਾ, ਸੱਜਣਾ ਬਿਨ ਸੰਸਾਰ ਚੱਲੇ ਨਾ
ਗੋਲੀ ਬਿਨਾ ਕਦੇ ਹਥਿਆਰ ਚੱਲੇ ਨਾ, ਬਈ ਗੋਲੀ ਬਿਨ ਹਥਿਆਰ ਚੱਲੇ ਨਾ

ਪੁੱਤਾਂ ਦੀ ਨੀ ਸੌਂਹ ਕਦੇ ਖਾਣੀ ਚਾਹੀਦੀ
ਅੱਖ ਨੀ ਗੁਆਂਢ ਵਿੱਚ ਲਾਣੀ ਚਾਹੀਦੀ
ਕਿਹਾ ਬਜ਼ੁਰਗਾਂ ਦਾ ਨਾ ਕਦੇ ਨਾ ਮੋੜੀਏ
ਹੱਥ ਜੋੜ ਸਭ ਦਾ ਭਲਾ ਲੋੜੀਏ
ਜਿੱਤੀ ਜਾਂਦੀ ਨਾ ਜੰਗ ਸਦਾ ਪਹਿਲੇ ਹੱਲੇ ਨਾ
ਗੋਲੀ ਬਿਨਾ ਕਦੇ ਹਥਿਆਰ ਚੱਲੇ ਨਾ, ਬਈ ਗੋਲੀ ਬਿਨ ਹਥਿਆਰ ਚੱਲੇ ਨਾ

ਰਹੀਏ ਵਈ ਚਤੰਨ ਸਦਾ ਕਾਣੇ ਬੰਦੇ ਤੋਂ
ਰਿਸ਼ਤਾ ਨਾ ਲਈਏ ਕਦੇ ਲਾਣੇ ਗੰਦੇ ਤੋਂ
ਕਿਸੇ ਨੂੰ ਰੁਆ ਕੇ ਹੱਸਣਾ ਨਹੀਂ ਚਾਹੀਦਾ
ਪੱਕਿਆਂ ਨੂੰ ਵੇਖ ਕੇ ਕਦੇ ਕੱਚਾ ਨੀ ਢਾਹੀ ਦਾ
ਕਰੋ ਸਤਿਕਾਰ ਸਦਾ ਸੱਜਣਾ ਦੇ ਦਿੱਤੇ ਛੱਲੇ ਦਾ
ਗੋਲੀ ਬਿਨਾ ਕਦੇ ਹਥਿਆਰ ਚੱਲੇ ਨਾ, ਬਈ ਗੋਲੀ ਬਿਨ ਹਥਿਆਰ ਚੱਲੇ ਨਾ

'ਮਾਨ' ਕਹੇ ਕੀਤੀ ਜਿੱਦ ਮਾੜੀ ਹੁੰਦੀ ਏ
ਦੁੱਖ ਵਿੱਚ ਮਾਰੀ ਤਾੜੀ ਮਾੜੀ ਹੁੰਦੀ ਏ
ਧੀਆਂ ਵਾਲੇ ਘਰ ਸਦਾ ਸੁੱਖ ਮਾਣਦੇ, ਮੁੜਦੇ ਨਾ ਤੀਰ ਚਲਿਓਂ ਕਮਾਨ ਦੇ
'ਦਲਵੀਰ' ਦੀ ਤਾਂ ਗੱਲ ਬੰਨ ਲਿਓ ਪੱਲੇ ਨਾਲ,
ਗੋਲੀ ਬਿਨਾ ਕਦੇ ਹਥਿਆਰ ਚੱਲੇ ਨਾ, ਬਈ ਗੋਲੀ ਬਿਨ ਹਥਿਆਰ ਚੱਲੇ ਨਾ


Academy of the Punjab in North America - APNA: http://www.apnaorg.com

# ਮਾਨ ਦਾ ਲਿਖਣਾ ਬਣਦਾ ਸੀ

ਤੂੰ ਵੱਡੀ ਹੋਈ ਘਰ ਵੱਡਿਆਂ ਦੇ, ਮੈਂ ਹਾਲੇ ਵੀ ਕੱਚਿਆਂ ਵਿੱਚ ਵਸਦਾ ਹਾਂ
ਤੂੰ ਉੱਡ ਗਈ ਵਿੱਚ ਜਹਾਜ਼ਾਂ ਦੇ, ਮੈਂ ਹਾਲੇ ਵੀ ਯਾਦਾਂ ਪਿੱਛੇ ਨੱਠਦਾ ਹਾਂ
ਪਰ ਦਿਲ ਵਿੱਚ ਕੋਈ ਰੋਸ ਨਹੀਂ, ਤੇਰਾ ਮੈਨੂੰ ਛੱਡਣਾ ਬਣਦਾ ਸੀ
ਹੁਣ ਕਿਉਂ ਰੋਂਦੀ ਆਪਣਾ ਨਾਂਅ ਪੜ੍ਹ ਕੇ, ਮਾਨ ਦਾ ਲਿਖਣਾ ਬਣਦਾ ਸੀ

ਯਾਦਾਂ ਦੇ ਫੁੱਲ ਅੱਜ ਵੀ ਉੱਡਦੇ ਨੇ, ਜਦ ਲੰਘਦਾ ਓਹਨਾਂ ਕੱਚਿਆਂ ਰਾਹਾਂ ਤੇ
ਸਿਰ ਮੱਲੋ ਮੱਲੀ ਝੁੱਕ ਜਾਂਦਾ, ਵੇਖ ਆਪਣੇ ਮਿਲਣ ਵਾਲੀਆਂ ਥਾਵਾਂ ਤੇ
ਨਾ ਕੱਚਾ ਇੱਕ ਦਿਨ ਇਹ ਰਾਹ ਰਹਿਣਾ, ਪੱਕੀ ਸੜਕ ਦਾ ਬਣਨਾ ਬਣਦਾ ਸੀ
ਹੁਣ ਕਿਉਂ ਰੋਂਦੀ ਆਪਣਾ ਨਾਂਅ ਪੜ੍ਹ ਕੇ, ਮਾਨ ਦਾ ਲਿਖਣਾ ਬਣਦਾ ਸੀ

ਤੈਨੂੰ ਚਾਅ ਸੀ ਮੈਪਲ ਲੀਫ ਦੇ ਝੰਡੇ ਦਾ, ਤੂੰ ਵਸਣਾ ਵਿੱਚ ਕੈਨੇਡਾ ਜਾ ਕੇ ਸੀ
ਸਾਡੀ ਕਿਸਮਤ ਵਿੱਚ ਚਰਖੇ ਵਾਲਾ ਲਿਖਿਆ ਏ, ਸਾਡੀ ਜਿੰਦਗੀ ਨਾ ਕਿਸੇ ਰਾਹ ਤੇ ਸੀ
ਤੂੰ ਨਿੱਕਲੀ ਕੋਰੀ ਵਾਂਗ ਡਾਲਰ ਦੇ, ਸਾਡਾ ਮਾਣ ਰੁਪਈਏ ਦਾ ਕਰਨਾ ਬਣਦਾ ਸੀ
ਹੁਣ ਕਿਉਂ ਰੋਂਦੀ ਆਪਣਾ ਨਾਂਅ ਪੜ੍ਹ ਕੇ, ਮਾਨ ਦਾ ਲਿਖਣਾ ਬਣਦਾ ਸੀ

ਤੇਰਾ ਖਿੜ ਖਿੜ ਹੱਸਣਾ ਮੇਰੀਆਂ ਬੇਤੁਕੀਆਂ ਗੱਲਾਂ ਤੇ,
ਮੈਂ ਤਾਂ ਬਸ ਹੱਸਣ ਦਾ ਨਾਟਕ ਕਰਦਾ ਸੀ
ਤੇਰਾ ਕਲਾਸ ਵਿੱਚ ਹੱਥ ਫੜਨਾ ਮੇਰਾ ਬੈਂਚ ਦੇ ਥੱਲਿਓਂ,
ਮੇਰਾ ਧੁਰ ਅੰਦਰ ਤੱਕ ਦਿਲ ਡਰਦਾ ਸੀ
ਮੈਂ ਉਚਾ ਨਹੀਂ ਸੀ ਬਸ ਦਿਖਦਾ ਸੀ ਉਂਚਾ ਪਾਣੀ ਦੀ ਛੱਲ ਵਾਂਗਰ,
ਮੇਰਾ ਮੁੜ ਸਮੁੰਦਰ ਵਿੱਚ ਰੁਲ ਜਾਣਾ ਬਣਦਾ ਸੀ
ਹੁਣ ਕਿਉਂ ਰੋਂਦੀ ਆਪਣਾ ਨਾਂਅ ਪੜ੍ਹ ਕੇ, ਮਾਨ ਦਾ ਲਿਖਣਾ ਬਣਦਾ ਸੀ


Academy of the Punjab in North America - APNA: http://www.apnaorg.com

# ਵਿਰਲੇ ਈ ਯਾਰ ਦੇ ਨਸੀਬ ਵਿੱਚ ਹੁੰਦੇ ਆ

ਇਸ਼ਕੇ ਦਾ ਰੋਗ ਸਾਡੇ ਹੱਡਾਂ ਵਿੱਚ ਰਚਿਆ,
ਹੱਡਾਂ ਦੇ ਬਾਲਣ ਰੋਜ ਅਸੀਂ ਸੇਕਦੇ ਆਂ
ਦਿਨ ਦਿਨ ਜਾਨ ਹੁਣ ਘੱਟਦੀ ਹੀ ਜਾਵੇ,
ਖ਼ੂਨ ਇਹ ਜਿਗਰ ਵਾਲਾ ਸੇਕ ਸੇਕ ਪੀਂਦੇ ਆਂ
ਦੁਨੀਆਂ ਤੇ ਆਸ਼ਕ ਹਜ਼ਾਰਾਂ ਈ ਨੇ ਮਾਨਾ ਵੇ,
ਵਿਰਲੇ ਈ ਯਾਰ ਦੇ ਨਸੀਬ ਵਿੱਚ ਹੁੰਦੇ ਆ
ਵੇ ਮਾਨਾ ਵਿਰਲੇ ਈ ਯਾਰ ਦੇ ਨਸੀਬ ਵਿੱਚ ਹੁੰਦੇ ਆ


Academy of the Punjab in North America - APNA: http://www.apnaorg.com

# ਸਾਡੀ ਅੱਖੀਆਂ ਸਜੋਏ ਜਿਹੜੇ ਸੁਪਨੇ

ਸਾਡੇ ਦਿਲ ਦੀਆਂ ਰਾਤਾਂ ਹੁਣ ਕਾਲੀਆਂ,
ਜਦੋਂ ਦੀਆਂ ਪਰਦੇਸੀ ਨਾਲ ਲਾ ਲਈਆਂ,
ਉਹ ਛੱਡ ਸਾਨੂੰ ਦੂਰ ਗਿਆ,
ਸਾਡੀ ਅੱਖੀਆਂ ਸਜੋਏ ਜਿਹੜੇ ਸੁਪਨੇ, ਨਾ ਓਹਨੂੰ ਕਦੇ ਬੂਰ ਪਿਆ

ਪਹਿਲੀ ਤੱਕਣੀ 'ਚ ਸਾਡਾ ਦਿਲ ਓਹਦਾ ਹੋ ਗਿਆ
ਅੱਖਾਂ ਬੰਨ ਜਿਵੇਂ ਕਿਸੇ ਜਾਦੂਗਰ ਮੋਹ ਲਿਆ
ਦਿਲ ਰੋਕਿਆ ਬਥੇਰਾ ਨਹੀਂਓ ਰੁਕਿਆ ਤੇ ਕਰ ਉਹ ਕਸੂਰ ਗਿਆ
ਸਾਡੀ ਅੱਖੀਆਂ ਸਜੋਏ ਜਿਹੜੇ ਸੁਪਨੇ, ਨਾ ਓਹਨੂੰ ਕਦੇ ਬੂਰ ਪਿਆ

ਅੱਧ ਜੋਬਨ ਤੇ ਹਾਲੇ ਪਿਆਰ ਵਾਲੀ ਬਾਤ ਸੀ
ਡਾਲਰਾਂ ਦਾ ਮਾਰਾ ਉਹੋ ਛੱਡ ਗਿਆ ਸਾਥ ਸੀ
ਸਾਡਾ ਦਿਲ ਕੁਰਲਾਇਆ ਕਿਸੇ ਚੁੱਪ ਨਾ ਕਰਾਇਆ
ਹੰਝੂ ਬਣ ਵਗ ਅੱਖੀਆਂ ਦਾ ਸਾਰਾ ਨੂਰ ਗਿਆ
ਸਾਡੀ ਅੱਖੀਆਂ ਸਜੋਏ ਜਿਹੜੇ ਸੁਪਨੇ, ਨਾ ਓਹਨੂੰ ਕਦੇ ਬੂਰ ਪਿਆ

ਮਾਨਾ ਮੁੜ ਜਦ ਰੁੜਕੀ ਨੂੰ ਆਏਂਗਾ,
ਹੱਥੀ ਫੜ ਡੌਲਰਾਂ ਨੂੰ ਪਛਤਾਂਏਗਾ
ਤੈਨੂੰ ਮਿਲਣਾ ਨਾ ਸੱਚਾ ਕਦੇ ਪਿਆਰ ਵੇ
ਚੁੱਕੀ ਫਿਰੀਂ ਡੌਲਰਾਂ ਦਾ ਹੱਥੀਂ ਭਾਰ ਵੇ
ਮਾਰ ਦਲਵੀਰ ਨੂੰ ਇੱਕੋ ਪੈਸੇ ਦਾ ਗਰੂਰ ਗਿਆ
ਸਾਡੀ ਅੱਖੀਆਂ ਸਜੋਏ ਜਿਹੜੇ ਸੁਪਨੇ, ਨਾ ਓਹਨੂੰ ਕਦੇ ਬੂਰ ਪਿਆ



Academy of the Punjab in North America - APNA: http://www.apnaorg.com

# ਟੈਕਸੀ ਤਾਂ ਜਾਨ ਜੱਟ ਦੀ

ਪੜ੍ਹਨ ਬਹਾਨੇ ਵੀਜ਼ਾ ਔਜ਼ ਦਾ ਲਵਾ ਕੇ
ਘਰੋਂ ਪੱਟਿਆ ਸੀ ਪੈਰ ਰੱਬ ਦਿਲ 'ਚ ਧਿਆ ਕੇ
ਮਾਂ ਦੇ ਪੈਰੀਂ ਹੱਥ ਲਾ ਕੇ, ਇੱਥੇ ਸੜਕਾਂ ਨਾ ਪੱਕੀ ਯਾਰੀ ਲਾਈ
ਟੈਕਸੀ ਤਾਂ ਜਾਨ ਜੱਟ ਦੀ, ਯਾਰੀ ਸੱਜਰੀ ਮਸ਼ੂਕ ਵਾਂਗ ਪਾਈ

ਟਾਈ ਸ਼ਾਈ ਲਾ ਕੇ ਜੈੱਲ ਵਾਲਾਂ ਉੱਤੇ ਲਾਉਨੇ ਆਂ
ਗੋਰੀਆਂ ਬਿਠਾ ਕੇ ਸਿਟੀ ਸ਼ੌਂਕ ਨਾ ਘੁੰਮਾਉਨੇ ਆਂ
ਬਈ ਡੌਲਰ ਕਮਾਉਨੇਂ ਆਂ, ਉੱਤੋਂ ਗੂਚੀ ਵਾਲੀ ਐਂਨਕ ਵੀ ਲਾਈ
ਟੈਕਸੀ ਤਾਂ ਜਾਨ ਜੱਟ ਦੀ, ਯਾਰੀ ਸੱਜਰੀ ਮਸ਼ੂਕ ਵਾਂਗ ਪਾਈ

ਕਰਕੇ ਕਮਾਈਆਂ ਸਾਂਭ ਜੋ ਬਚਾਈਆਂ, ਜਿੰਮੇਵਾਰੀਆਂ ਨੇ ਸਿਰ ਭਾਰੀਆਂ
ਬਾਪੂ ਨੇ ਪੜ੍ਹਾਇਆ ਜਿੰਨਾ ਬੇਬੇ ਨੇ ਸਿਖਾਇਆ, ਗੱਲਾਂ ਯਾਰੋ ਯਾਦ ਨੇ ਓਹ ਸਾਰੀਆਂ
ਉੱਤੋਂ ਯਾਦ ਪਿੰਡ ਦੀ ਮਸ਼ੂਕ ਵਾਲੀ ਆਈ
ਟੈਕਸੀ ਤਾਂ ਜਾਨ ਜੱਟ ਦੀ, ਯਾਰੀ ਸੱਜਰੀ ਮਸ਼ੂਕ ਵਾਂਗ ਪਾਈ

'ਸੰਨੀ' 'ਰੀਪੂ' ਨਾਲੇ 'ਬਿੰਦਾ' ਸਾਡਾ ਯਾਰ ਵਈ,
ਯਾਰ ਕਾਹਦੇ ਮੋਢੇ ਉੱਤੇ ਰੱਖੇ ਹਥਿਆਰ ਵਈ
ਯਾਰੀ 'ਮਾਨ' ਨਾਲ ਪੱਕੀ ਓਹਨਾਂ ਲਾਈ
ਟੈਕਸੀ ਤਾਂ ਜਾਨ ਜੱਟ ਦੀ, ਯਾਰੀ ਸੱਜਰੀ ਮਸ਼ੂਕ ਵਾਂਗ ਪਾਈ


Academy of the Punjab in North America - APNA: http://www.apnaorg.com

# ਦਾਮਿਨੀ

ਮਾਪਿਆਂ ਦੀ ਲਾਡਲੀ ਆਈ ਕਰਨ ਪੜ੍ਹਾਈਆਂ
ਬਣਨਾ ਮਹਾਨ ਆਸਾਂ ਲੰਮੀਆਂ ਨੇ ਲਾਈਆਂ
ਪੈ ਗਏ ਨੇ ਹਾਲਾਤ ਉੱਤੇ ਭਾਰੀ
ਦਾਮਨੀ ਤਾਂ ਛੱਡ ਤੁਰ ਗਈ, ਹੁਣ ਦੱਸੋ ਆਉਂਣੀ ਕਿਹੜੀ ਨੰਨੀ ਛਾਂ ਦੀ ਵਾਰੀ

ਕਾਹਦੀ ਆ ਅਜ਼ਾਦੀ ਦੱਸੋ, ਕਾਹਦੇ ਬਈ ਅਜ਼ਾਦ ਹਾਂ
ਆਪਣੀ ਹੀ ਇੱਜ਼ਤ ਤੇ ਆਪੇ ਲੱਗੇ ਦਾਗ ਹਾਂ
ਚੰਗਾ ਹੁੰਦਾ ਮਾਂ ਮੇਰੀ ਜੰਮਦੀ ਨੂੰ ਹੀ ਮਾਰ ਦਿੰਦੀ, ਫਿਰ ਜਾਣੀ ਨਾ ਸੀ ਇੱਜ਼ਤ ਉਛਾਲੀ
ਦਾਮਨੀ ਤਾਂ ਛੱਡ ਤੁਰ ਗਈ, ਹੁਣ ਦੱਸੋ ਆਉਂਣੀ ਕਿਹੜੀ ਨੰਨੀ ਛਾਂ ਦੀ ਵਾਰੀ

ਧੀ ਦੀ ਰਾਖੀ ਬਾਪ ਕਰੇ, ਦੱਸੋ ਕਿਹੜਾ ਪਾਪ ਕਰੇ
ਤਾਂ ਵੀ ਹਿੱਕ ਵਿੱਚ ਗੋਲੀ ਵੱਜਦੀ, ਸੁਣੇ ਨਾ ਕੋਈ ਗੱਲ ਦੱਸੋ ਕਿੱਥੇ ਫਰਿਆਦ ਕਰੇ
ਮਿਲੇ ਲੁਚਿਆਂ ਨੂੰ ਸ਼ਹਿ ਸਰਕਾਰੀ
ਦਾਮਨੀ ਤਾਂ ਛੱਡ ਤੁਰ ਗਈ, ਹੁਣ ਦੱਸੋ ਆਉਣੀ ਕਿਹੜੀ ਨੰਨੀ ਛਾਂ ਦੀ ਵਾਰੀ

ਮਾਨ ਬੈਠਾ ਸੋਚੀ ਜਾਵੇ, ਇੱਕੋ ਗੱਲ ਖਾਈ ਜਾਵੇ, ਦੱਸੋ ਧੀਆਂ ਕਿੱਥੇ ਵੀ ਲੁਕਾ ਲਈਏ
ਚਾਹੁੰਦੇ ਹਾਂ ਪੜ੍ਹਾਉਣਾ, ਕੁਝ ਕਰ ਕੇ ਦਿਖਾਉਣਾ, ਕਿੱਦਾਂ ਇਹਨਾਂ ਚਾਅਵਾਂ ਨੂੰ ਦਬਾ ਦਈਏ
ਕਹੇ ਦਲਵੀਰ ਸਭ ਹੋਇਆ ਲੀਰੋ ਲੀਰ, ਮਿਲੇ ਦੁਸ਼ਟਾਂ ਨੂੰ ਸਜ਼ਾ ਬਈ ਕਰਾਰੀ
ਦਾਮਨੀ ਤਾਂ ਛੱਡ ਤੁਰ ਗਈ, ਹੁਣ ਦੱਸੋ ਆਉਣੀ ਕਿਹੜੀ ਨੰਨੀ ਛਾਂ ਦੀ ਵਾਰੀ


Academy of the Punjab in North America - APNA: http://www.apnaorg.com

# ਪਿਆਰ

ਕੁੜੀ ਰੱਖੇ ਨੀਵੀਂ ਪਾ ਕੇ, ਤਾਂ ਵੀ ਅੱਖ ਓਹਦੀ ਮੈਨੂੰ ਲੱਭੇ
ਉਹਦੀ ਕਾਰਾਂ ਦੀ ਸਵਾਰੀ, ਮੈਂ ਖੜਾ ਬਸ ਅੱਡੇ
ਚਾਹੁੰਦੇ ਦੋਵੇਂ ਹੀ ਹਵਾਵਾਂ ਵਿੱਚ ਉੱਡਣਾ ਤੇ ਗੱਲ ਹਾਲੇ ਕੋਈ ਨਾ ਤੁਰੇ
ਰੱਬਾ ਅੱਖੀਆਂ ਪਿਆਰ ਸਾਡੇ ਪਾ ਲਿਆ ਰਹਿੰਦੇ ਇੱਕ ਦੂਜੇ ਤੋਂ ਪਰੇ

ਮੇਰੇ ਯਾਰਾਂ ਦੀ ਪਜੈਰੋ ਜਾਵੇ ਸ਼ੂਕਦੀ, ਦਿਲਾਂ ਨੂੰ ਹਾਏ ਫੂਕਦੀ
ਦੇਖ ਦਿਲ ਮੇਰਾ ਵੀ ਕਰੇ
ਲੈ ਕੇ ਉੱਡਜਾਂ ਪਿਆਰ ਕਿਤੇ ਆਪਣਾ ਏਸ ਸਾਰੇ ਜੱਗ ਤੋਂ ਪਰੇ
ਰੱਬ ਚੱਕੂਗਾ ਗਰੀਬੀਆਂ ਇਹ ਸਾਡੀਆਂ ਤੇ ਦਿਨ ਕਦੇ ਆਉਣਗੇ ਖਰੇ
ਰੱਬਾ ਅੱਖੀਆਂ ਪਿਆਰ ਸਾਡੇ ਪਾ ਲਿਆ ਰਹਿੰਦੇ ਇੱਕ ਦੂਜੇ ਤੋਂ ਪਰੇ

ਉਹਦਾ ਨਿੱਤ ਕੰਨਟੀਨ ਵਿੱਚ ਢੁੱਕਣਾ ਤੇ ਮੈਨੂੰ ਵੇਖ ਰੁਕਣਾ
ਉਹ ਵੀ ਕੁਝ ਕਹਿਣ ਤੋਂ ਡਰੇ
ਦਿਲ ਕਰੇ ਬਾਂਹ ਓਹਦੀ ਫੜ ਲਾਂ, ਦਿਲ ਦੀਆਂ ਕਰਲਾਂ
ਡਰ ਸਾਰੇ ਛੱਡ ਕੇ ਪਰੇ
ਰੱਬ ਬਣ ਕੇ ਵਿਚੋਲਾ ਸਾਡਾ ਆ ਜਵੇ ਤੇ ਗੱਲ ਕਿਸੇ ਲਾ ਦਵੇ ਸਿਰੇ
ਰੱਬਾ ਅੱਖੀਆਂ ਪਿਆਰ ਸਾਡੇ ਪਾ ਲਿਆ ਰਹਿੰਦੇ ਇੱਕ ਦੂਜੇ ਤੋਂ ਪਰੇ

ਕਹੇ ਤੇਰਾ 'ਦਲਵੀਰ' ਤੂੰ ਏਂ ਮੇਰੀ ਤਕਦੀਰ, ਤੂੰ ਵੀ ਓਹਦੀ ਬਣ ਕੇ ਰਹੀਂ
'ਸੰਨੀ ਗਿੱਲ' ਵਾਂਗ ਪੈਣਾ ਹੁਣ ਕਰਨਾ ਤੇ ਜੱਗ ਨਾਲ ਲੜਨਾ,
ਹਾਮੀ ਸਾਡੇ ਹੱਕ ਦੀ ਭਰੀਂ
ਮਾਨ ਡੋਲੀ 'ਚ ਬਿਠਾ ਕੇ ਤੈਨੂੰ ਲੈਜੂਗਾ, ਦੇਖੂ ਕਿਹੜਾ ਰਾਹ 'ਚ ਖੜੇ
ਰੱਬਾ ਅੱਖੀਆਂ ਪਿਆਰ ਸਾਡੇ ਪਾ ਲਿਆ ਰਹਿੰਦੇ ਇੱਕ ਦੂਜੇ ਤੋਂ ਪਰੇ


Academy of the Punjab in North America - APNA: http://www.apnaorg.com

## ਤੇਰਿਆਂ ਰਾਹਾਂ 'ਚ ਨਾਕਾ ਲਾਈ ਰੱਖਣਾ

ਤੇਰਿਆਂ ਰਾਹਾਂ ਦੇ ਵਿੱਚ ਨਿੱਤ ਖੜਦਾ
ਬਿਨਾ ਗੱਲੋਂ ਲੋਕਾਂ ਨਾਲ ਰਹਾਂ ਲੜਦਾ
ਤੇਰੇ ਵੱਲੋਂ ਹਾਲੇ ਕੋਈ ਹਾਂ ਨਾ ਮਿਲੇ, ਪਿਆਰ ਵਾਲਾ ਫੁੱਲ ਸਾਡਾ ਹਾਲੇ ਨਾ ਖਿਲੇ
ਵੇਟ ਉੱਤੇ ਓਦੋਂ ਤੱਕ ਲਾਈ ਰੱਖਣਾ
ਤੇਰਿਆਂ ਰਾਹਾਂ ਚੋਂ ਅਸੀਂ ਨਹੀਂ ਹੱਟਣਾ, ਤੇਰਿਆਂ ਰਾਹਾਂ 'ਚ ਨਾਕਾ ਲਾਈ ਰੱਖਣਾ

ਤੇਰੀ ਸੋਚ ਵਿੱਚ ਅਸੀਂ ਕਾਹਤੋਂ ਬੈਡ ਨੀ,
ਘੂਰ ਘੂਰ ਵੇਖੇ ਸਾਨੂੰ ਕਾਹਤੋ ਤੇਰਾ ਡੈਡ ਨੀ
ਮਾਪੇ ਕਹਿੰਦੇ ਮੰਡਾ ਸਾਡਾ ਰਹੇ ਸੈਡ ਨੀ
ਤੇਰੀ ਵੇਟ ਵਿੱਚ ਵੱਜ ਜਾਣਾ ਬੈਂਡ ਨੀ, ਤੂੰ ਜਦੋਂ ਤੱਕ ਸਾਡੇ ਵੱਲ ਨਹੀਂਓ ਤੱਕਣਾ
ਤੇਰਿਆਂ ਰਾਹਾਂ ਚੋਂ ਅਸੀਂ ਨਹੀਂ ਹੱਟਣਾ, ਤੇਰਿਆਂ ਰਾਹਾਂ 'ਚ ਨਾਕਾ ਲਾਈ ਰੱਖਣਾ

ਬੌਡੀ ਤੂੰ ਬਣਾਵੇਂ ਨਿੱਤ ਜਾਂਵੇ ਜਿੰਮ ਨੀ,
ਹੋ ਗਈ ਏਂ ਸਲਿੰਮ ਜਿੱਦਾਂ ਨੀਨੋ ਸਿੰਮ ਨੀ
ਮਾੜਾ ਨੀ ਬਰੈਂਡ ਬਿੱਲੋ ਅਸੀਂ ਪਾਇਆ ਨੀ
ਵੇਖੇਂ ਨਾ ਤੂੰ ਸਾਨੂੰ ਕਿਸੇ ਕੰਮ ਆਇਆ ਨੀ,
ਸਾਡਾ ਦਿੱਤਾ ਫੁੱਲ ਜੇ ਤੂੰ ਨਹੀਂਓ ਚੁੱਕਣਾ
ਤੇਰਿਆਂ ਰਾਹਾਂ ਚੋਂ ਅਸੀਂ ਨਹੀਂ ਹੱਟਣਾ, ਤੇਰਿਆਂ ਰਾਹਾਂ 'ਚ ਨਾਕਾ ਲਾਈ ਰੱਖਣਾ

ਮਾਨ ਜਦੋਂ ਦਾ ਇਹ ਤੇਰਿਆਂ ਰਾਹਾਂ 'ਚ ਖੜਦਾ,
ਰੁੜਕੀ ਦਾ ਬੱਚਾ ਬੱਚਾ ਸ਼ੱਕ ਕਰਦਾ
ਜਾਣਦੇ ਹਾਂ ਪਿਆਰ ਤੂੰ ਵੀ ਸਾਨੂੰ ਕਰਦੀ
ਮਿੱਸ ਕਾਲਾਂ ਮਾਰੇਂ ਬੋਲਣੋਂ ਏਂ ਡਰਦੀ, ਕਦੋਂ ਤੱਕ ਸਾਨੂੰ ਤੜਫਾਈ ਰੱਖਣਾ
ਤੇਰਿਆਂ ਰਾਹਾਂ ਚੋਂ ਅਸੀਂ ਨਹੀਂ ਹੱਟਣਾ, ਤੇਰਿਆਂ ਰਾਹਾਂ 'ਚ ਨਾਕਾ ਲਾਈ ਰੱਖਣਾ


Academy of the Punjab in North America - APNA: http://www.apnaorg.com

ਵਾਰ ਜਿੰਨੇ ਵੀ ਹੋਏ, ਹੋਏ ਇੱਜਤਾਂ ਤੇ, ਮਾਨ ਸਦਾ ਜਰਦਾ ਰਿਹਾ
ਇਹਨਾਂ ਹੱਥਾਂ ਨੂੰ ਪਾਣੀ ਵੀ ਪਿਆ ਭਰਨਾ, ਹੱਥੀਂ ਭਰਦਾ ਰਿਹਾ
ਪਰ ਰੱਬ ਨੇ ਨਾ ਥੋੜਾਂ ਹੁਣ ਰੱਖੀਆਂ, ਦਿਨ ਹੋਰ ਦੇ ਹੋਰ ਹੋ ਗਏ
ਸਾਡੇ ਦਿਲ ਦੀ ਸੱਚਾਈ ਸਾਥ ਦੇ ਗਈ, ਮਾਨ ਦੇ ਦਿਨ ਹੋਰ ਹੋ ਗਏ


Academy of the Punjab in North America - APNA: http://www.apnaorg.com

## ਡਾਲਰ

ਬਈ ਧਾਵੇ ਧਾਵੇ ਧਾਵੇ,
ਚਾਅ ਬੜਾ ਬਾਪੂ ਨੂੰ, ਵਿਆਹਿਆ ਪੁੱਤ ਪਰਦੇਸੀਂ ਜਾਵੇ
ਓਥੇ ਮਾਣੇ ਸਭ ਖੁਸ਼ੀਆਂ, ਨਾਲੇ ਡਾਲਰ ਖੂਬ ਕਮਾਵੇ
ਮਾਂ ਮੇਰੀ ਉਦਾਸ ਜਿਹੀ, ਓਹਤੋਂ ਪੁੱਤ ਦੂਰ ਝੱਲਿਆ ਨਾ ਜਾਵੇ
ਪੁੱਤ ਵਸ ਗਿਆ ਬਾਹਰ ਵਈ, ਪਿੱਛੋਂ ਸਾਰਾ ਟੱਬਰ ਪਛਤਾਵੇ

ਬਈ ਰੜਕੇ ਰੜਕੇ ਰੜਕੇ,
ਜੌਬ ਮੇਰੀ ਤੜਕੇ ਦੀ, ਸੁੱਤਾ ਘਰ ਵਾਲੀ ਨਾਲ ਲੜ ਕੇ
ਸਾਰੀ ਰਾਤ ਅੱਖ ਨਾ ਲੱਗੀ, ਹੁਣ ਕੰਮ ਤੇ ਨੀਂਦਰ ਰੜਕੇ
ਰੈਡ ਬੁੱਲ ਤਿੰਨ ਪੀ ਗਿਆ, ਹੁਣ ਉੱਠਾਂ ਮੈਂ ਗੋਡੇ ਫੜ ਕੇ
ਮਾਰਿਆ ਵਿਦੇਸ਼ਣ ਦਾ, ਰੋਵਾਂ ਹੱਥ ਡਾਲਰਾਂ ਨੂੰ ਫੜ ਕੇ

ਬਈ ਧਾਵੇ ਧਾਵੇ ਧਾਵੇ,
ਰੈਂਟ ਉੱਤੇ ਘਰ ਲੈ ਲਿਆ, ਹੁਣ ਰੈਂਟ ਭਰਿਆ ਨਾ ਜਾਵੇ
ਕੰਮ ਕਾਰ ਗੱਡ ਕੇ ਕਰੇ, ਰੱਬ ਡਾਲਰਾਂ 'ਚ ਬਰਕਤ ਨਾ ਪਾਵੇ
ਰੋਟੀ ਖਾਵੇ ਇੱਕ ਦਿਨ ਜੀ, 6 ਦਿਨ ਬਸ ਬਰਗਰ ਖਾਵੇ
ਮਾਰਿਆ ਕਰਜੇ ਦਾ, ਹੁਣ ਸ਼ਿਫਟਾਂ ਤੇ ਸ਼ਿਫਟਾਂ ਲਾਵੇ

ਬਈ ਧਾਵੇ ਧਾਵੇ ਧਾਵੇ,
ਲੋਕੀ ਵੇਂਹਦੇ ਸ਼ਕਲਾਂ ਨੂੰ, ਮਾਨ ਦਲਵੀਰ ਕਦਰ ਅਕਲਾਂ ਦੀ ਪਾਵੇ
22 ਸਾਲ ਮੌਜਾਂ ਮਾਣ ਕੇ, ਹੁਣ ਭੱਜਦਾ ਵਿਆਹ ਕਰਵਾ ਕੇ
ਸਦਾ ਨਾ ਰੱਬ ਦੇਵੇ ਖੁਸ਼ੀਆਂ, ਓਹ ਤਾਂ ਆਪਣੇ ਰੰਗ ਦਿਖਾਵੇ
ਪਿੱਛੇ ਲੱਗ ਡਾਲਰਾਂ ਦੇ, ਕੋਈ ਪਿੰਡ ਛੱਡ ਕੇ ਨਾ ਆਵੇ


Academy of the Punjab in North America - APNA: http://www.apnaorg.com

Academy of the Punjab in North America - APNA: http://www.apnaorg.com

## ਕਿਤਾਬ ਵਿੱਚੋਂ ਰਿਕਾਰਡ ਕੀਤੇ ਗੀਤ

1. ਪਰਬਤ ਜਿੱਡਾ ਜੇਰਾ (ਪੰਨਾ ਨੰ: 1) - ਢਾਡੀ ਜੱਥਾ ਬਲਕਾਰ ਸਿੰਘ ਜੀ ਚੋਲਾ ਸਾਹਿਬ
2. ਸਾਂਈ (ਪੰਨਾ ਨੰ: 3) - ਮਨਜੀਤ ਉੱਪਲ ਅਤੇ ਰਚਨਾ (ਟਰਾਂਟੋ ਕਨੇਡਾ)
3. ਸਦਕੇ ਪੰਜਾਬੀਆਂ ਦੀ ਸ਼ਾਨ ਦੇ (ਪੰਨਾ 24)- ਅਨੰਤਪਾਲ ਸਿੰਘ (ਫਿਰੋਜ਼ਪੁਰ)
4. ਨਿੱਤ ਸੁਪਨੇ ਵਿੱਚ (ਪੰਨਾ ਨੰ: 31) - ਜੇ.ਕੇ. ਸੰਧੂ ਇੰਗਲੈਂਡ
5. ਤੇਰਾ ਨਾਂਅ (ਪੰਨਾ ਨੰ: 34) - ਕਰਨ ਆਹਲੂਵਾਲੀਆ (ਰਾਜਪੁਰਾ)
6. ਮੁੰਡਾ ਪੱਟ ਤਾ (ਪੰਨਾ ਨੰ: 40) - ਸੰਨੀ ਭੰਗੂ (ਆਸਟ੍ਰੇਲੀਆ)
7. ਦਿਲ ਕਰੇ ਦਿਲ 'ਚ ਛੁਪਾ ਕੇ ਰੱਖ ਲਾਂ (ਪੰਨਾ 79)-ਮਿਸ ਜਸਰੀਨਾ (ਲੁਧਿ:)
8. ਮੌਡਰਨ ਛੱਲਾ (ਪੰਨਾ ਨੰ: 124) - ਕਰਨ ਆਹਲੂਵਾਲੀਆ (ਰਾਜਪੁਰਾ)

## ਕਿਤਾਬ ਤੋਂ ਬਿਨਾ ਹੋਰ ਰਿਕਾਡ ਕੀਤੇ ਗੀਤ

1. ਸਟਾਈਲ-ਮੇਜਰ ਚਨਾਲੀਆ (ਰਾਜਪੁਰਾ), ਮਿਸ ਜਸਰੀਨਾ (ਲੁਧਿਆਣਾ)
2. ਚੱਕਦਾਂ ਗੇ ਫੱਟੇ - ਜੀਤਾ ਪਵਾਰ (ਲੁਧਿਆਣਾ)
3. ਹੁਲਾਰੇ - ਜੀਤਾ ਪਵਾਰ (ਲੁਧਿਆਣਾ)
4. ਹੰਝੂ - ਸਨੀ ਸ਼ੇਰਗਿੱਲ (ਦਿੱਲੀ)
5. ਸਾਉ ਬੜੀ - ਸੰਨੀ ਸ਼ੇਰਗਿੱਲ (ਦਿੱਲੀ)
6. ਦਿਲ ਦੇ ਖਿਆਲ - ਸੰਨੀ ਸ਼ੇਰਗਿੱਲ (ਦਿੱਲੀ)
7. ਆ ਜਾ ਨੱਚ ਲੈ - ਡੀ.ਜੇ. ਪ੍ਰਾਈਡ (ਯੂ.ਕੇ.)
8. ਬਾਂਹ ਫੜਕੇ - ਰੋਆਇਲ ਢੋਲ ਫੋਰਸ (ਯੂ.ਕੇ.)
9. ਹੱਸਦੀ ਦੇ ਦੰਦ - ਅਨੰਤਪਾਲ ਸਿੰਘ (ਫਿਰੋਜ਼ਪੁਰ)
10. ਕਲੱਬ - ਗਗਨਦੀਪ (ਲੁਧਿਆਣਾ)
11. ਮੁੰਡਾ ਲੁਧਿਆਣੇ ਦਾ ਮੈਂ - ਗਗਨਦੀਪ (ਲੁਧਿਆਣਾ)
12. ਸਾਕਾ 84 - (ਸਾਬ੍ਹੀ ਸੁਖੀਆ ਨੰਗਲ)-ਢਾਡੀ ਜੱਥਾ ਜਤਿੰਦਰ ਸਿੰਘ ਨੂਰਪੁਰੀ
13. ਓਹਦੀ ਗੁੱਤ ਨਾਗਣੀ - (ਸਾਬ੍ਹੀ ਸੁਖੀਆ ਨੰਗਲ) - ਕਰਨ ਆਹਲੂਵਾਲੀਆ



Academy of the Punjab in North America - APNA: http://www.apnaorg.com